13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -14 ISSUE - 4
April 30, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




03 ਮਈ 'ਵਿਸ਼ਵ ਪ੍ਰੈਸ ਅਜ਼ਾਦੀ ਦਿਵਸ' ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ



ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ ਅੰਦਰ ਦੇਖੋ



ਤਥਾਗਤ ਭਗਵਾਨ ਬੁੱਧ ਦੇ ਬੁੱਧ ਪੂਰਣਿਮਾ ਦਿਵਸ ਦੀਆਂ ਦੇਸ਼- ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। *ਭਗਵਾਨ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸਬੰਧਤ ਲੇਖ ਅੰਦਰ ਪੜ੍ਹੋ।*



**ਮੋਮੀ ਅਤੇ ਗਰੇਵਾਲ ਪਰਿਵਾਰਾਂ ਦੇ ਬੱਚਿਆਂ ਦੇ ਸ਼ੁਭ ਆਨੰਦ ਕਾਰਜ ਦੀਆਂ ਲੱਖ-ਲੱਖ ਵਧਾਈਆਂ**

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15-16 'ਤੇ)

## ਕੈਨੇਡਾ ਚੋਣਾਂ 'ਚ 22 ਪੰਜਾਬੀ ਜਿੱਤੇ, ਪੰਜਾਬ ਵਿਚ ਪਏ ਭੰਗੜੇ

### ਲਿਬਰਲ ਤੀਜੀ ਵਾਰ ਜਿੱਤੇ, 22 ਪੰਜਾਬੀਆਂ 'ਚੋਂ 3 ਜਗਰਾਓਂ ਤੇ ਰਾਏਕੋਟ ਤੋਂ, ਛੇਵੀਂ ਵਾਰ ਐਮਪੀ ਬਣੇ ਸੁੱਖ ਧਾਲੀਵਾਲ

**ਟਰਾਂਟੋ (ਬਿਊਰੋ)** ਕੈਨੇਡਾ ਵਿੱਚ ਹੋਈਆਂ ਆਮ ਚੋਣਾਂ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੇ ਜਿੱਤ ਪ੍ਰਾਪਤ





ਕੀਤੀ ਹੈ । ਮਾਰਕ ਕਾਰਨੀ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਵਰ ਦੇ ਵਿਰੁੱਧ ਸਨ। ਇਹ ਧਿਆਨ ਦੇਣ ਯੋਗ ਹੈ ਕਿ ਖਾਲਿਸਤਾਨੀ ਪੱਖੀ ਨੇਤਾ ਜਗਮੀਤ ਸਿੰਘ ਚੋਣਾਂ ਹਾਰ ਗਏ ਹਨ। ਕੈਨੇਡਾ 'ਚ ਫੈਡਰਲ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ 22 ਪੰਜਾਬੀ ਹਨ। ਇਨ੍ਹਾਂ 22 ਪੰਜਾਬੀਆਂ 'ਚੋਂ 3 ਜਗਰਾਓਂ ਅਤੇ ਰਾਏਕੋਟ ਇਲਾਕੇ ਦੇ ਮੈਂਬਰ ਪਾਰ-ਲੀਮੈਂਟ ਬਣੇ ਹਨ। ਇਨ੍ਹਾਂ ਦੀ ਸ਼ਾਨਦਾਰ ਜਿੱਤ 'ਤੇ ਜਗਰਾਓਂ ਅਤੇ ਰਾਏਕੋਟ ਦੇ ਤਿੰਨੇ ਪਿੰਡਾਂ ਵਿਚ ਵਿਆਹ ਵਰਗਾ ਮਾਹੌਲ ਹੈ। ਜਗਰਾਓਂ ਦੇ ਪਿੰਡ ਸੁਜਾਪੁਰ ਦੇ ਜੰਮਪਲ ਸੁੱਖ ਧਾਲੀਵਾਲ ਜੋ ਕੈਨੇਡਾ ਦੇ ਨਿਊਟਨ-ਨਾਰਥ ਤੋਂ 6ਵੀਂ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਇਸੇ ਤਰ੍ਹਾਂ ਸਿੱਧਵਾਂ ਬੇਟ ਦੇ ਸੋਨੀਆ ਸਿੱਧੂ ਅਤੇ ਰਾਏਕੋਟ ਦੇ ਪਿੰਡ ਬੱਸੀਆਂ ਤੋਂ ਟਿਮ ਉਪਲ ਮੈਂਬਰ ਪਾਰਲੀਮੈਂਟ ਚੋਣ ਜਿੱਤੇ ਹਨ। ਸੁਜਾਪੁਰ 'ਚ ਸੁੱਖ ਧਾਲੀਵਾਲ ਦੀ ਸ਼ਾਨਦਾਰ ਜਿੱਤ ਦੇ ਐਲਾਨ ਦੇ ਨਾਲ ਹੀ ਪੂਰਾ ਪਿੰਡ ਜਸ਼ਨ 'ਚ ਖ਼ੁਸ਼ੀ ਨਾਲ ਝੂਮ ਉਠਿਆ। ਉਨ੍ਹਾਂ ਦੇ ਬਚਪਨ ਦੇ ਜਿਗਰੀ ਯਾਰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਜਿੱਤ ਦੀ ਖ਼ਬਰ ਦੇ ਨਾਲ ਹੀ ਲੱਡੂ ਲੈ ਕੇ ਪਿੰਡ ਪਹੁੰਚੇ।

ਇਸ ਮੌਕੇ ਭਾਈ ਗਰੇਵਾਲ ਸੁੱਖ ਧਾਲੀਵਾਲ ਨਾਲ ਬਚਪਨ ਦੀਆਂ ਯਾਦਾਂ ਦੀ ਸਾਂਝ ਪਾਉਂਦੇ ਭਾਵੁਕ ਵੀ ਹੋਏ। ਉਨ੍ਹਾਂ ਕਿਹਾ ਕਿ ਸੁੱਖ ਧਾਲੀਵਾਲ 'ਤੇ ਪਿੰਡ ਹੀ ਨਹੀਂ ਪੂਰੇ ਪੰਜਾਬ ਨੂੰ ਮਾਣ ਹੈ। ਸੁੱਖ ਧਾਲੀਵਾਲ ਦੇ ਚਚੇਰੇ ਤੇ ਵੱਡੇ ਭਰਾ ਜਰਨੈਲ ਸਿੰਘ ਨੇ ਸੁੱਖ ਧਾਲੀਵਾਲ ਦੀ ਜਿੱਤ 'ਤੇ ਖ਼ੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਸੁੱਖ ਨੇ ਪੰਜਾਬ ਦੇ ਪਿੰਡ ਸੁਜਾਪੁਰ ਦਾ ਨਾਮ ਦੇਸ਼ ਦੁਨੀਆ ਵਿਚ ਉੱਚਾ ਕੀਤਾ ਹੈ। ਖ਼ੁਸ਼ੀ ਦੀ ਗੱਲ ਹੈ ਕਿ ਪਿੰਡ ਵਾਂਗ ਹੀ ਉਸ ਨੇ ਕੈਨੇਡਾ ਵਿਚ ਵੀ ਆਪਣੀਆਂ ਵਿਸ਼ੇਸ਼ਤਾਵਾਂ ਆਪਸੀ ਭਾਈਚਾਰਕ ਸਾਂਝ, ਚੰਗਾ ਮਿਲਵਰਤਨ ਸਦਕਾ ਇੱਕ ਵੱਖਰਾ ਮੁਕਾਮ ਹਾਸਲ ਕੀਤਾ ਹੈ। ਪਿੰਡ ਸੁਜਾਪੁਰ ਦੇ ਜੰਮਪਲ ਸੁਖਮੰਦਰ ਸਿੰਘ ਰੋਜ਼ੀ ਰੋਟੀ ਦੀ ਭਾਲ 'ਚ 1984 'ਚ ਕੈਨੇਡਾ ਚਲੇ ਗਏ ਸਨ ਤੇ 1987 'ਚ ਪੱਕੇ ਤੌਰ 'ਤੇ ਕੈਨੇਡੀਅਨ ਹੋ ਕੇ ਕੈਨੇਡਾ ਦੇ ਫੈਡਰਲ ਢਾਂਚੇ ਦੀ ਸਿਆਸਤ ਵਿਚ ਸਰਗਰਮ ਹੋ ਗਏ ਸਨ। ਉਹ ਚਾਹੇ ਪਹਿਲੀ ਵਾਰ ਮਿਊਂਸੀਪਲ ਚੋਣ ਲੜਦੇ ਹਾਰ ਗਏ ਸਨ ਪਰ 6 ਵਾਰ ਮੈਂਬਰ ਪਾਰਲੀਮੈਂਟ ਦੀ ਚੋਣ ਜਿੱਤ ਕੇ ਇਤਿਹਾਸ ਰਚਿਆ ਹੈ। ਰਾਏਕੋਟ ਦੇ ਪਿੰਡ ਬੱਸੀਆਂ ਦੇ ਟਿਮ ਉਪਲ ਦੀ ਚੋਣ ਜਿੱਤਣ ਦੀ ਖ਼ੁਸ਼ੀ ਪੂਰੇ ਪਿੰਡ ਵਿਚ ਦੇਖਣ ਨੂੰ ਮਿਲੀ। ਪਰਿਵਾਰਕ ਮੈਂਬਰਾਂ ਨੇ ਸ਼ਾਮਾਂ ਪੈਂਦਿਆਂ ਹੀ ਇਕੱਠਿਆਂ ਹੋ ਕੇ ਪਿੰਡ ਨਾਲ ਖ਼ੁਸ਼ੀ ਸਾਂਝੀ ਕੀਤੀ। ਸਿੱਧਵਾਂ ਬੇਟ ਤੋਂ ਸੋਨੀਆ ਸਿੱਧੂ ਦੇ ਮੈਂਬਰ ਪਾਰਲੀਮੈਂਟ ਬਣਨ 'ਤੇ ਪਰਿਵਾਰਕ ਮੈਂਬਰਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਪੂਰੇ ਪਿੰਡ ਵਿਚ ਸੋਨੀਆ ਸਿੱਧੂ ਦੀ ਜਿੱਤ ਦੇ ਚਰਚੇ ਹਨ।

## ਭਾਰਤ ਸਰਕਾਰ ਵੱਲੋਂ ਪਾਕਿਸਤਾਨ ਵਿਰੁੱਧ ਜੰਗ ਦੀ ਰਣਨੀਤੀ ਤਿਆਰ

**ਨਵੀਂ ਦਿੱਲੀ (ਬਿਊਰੋ)** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਸਰਕਾਰ ਪਾਕਿਸਤਾਨ ਵਿਰੁੱਧ ਰਣਨੀਤੀ ਬਣਾ ਰਹੀ ਹੈ। ਬੁੱਧਵਾਰ ਸ਼ਾਮ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਫ਼ੌਜ ਮੁਖੀ ਉਪੇਂਦਰ ਦਿਵੇਦੀ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਐਨਐਸਏ ਅਜੀਤ ਡੋਭਾਲ ਵੀ ਮੌਜੂਦ ਸਨ। ਇਸ ਤੋਂ ਪਹਿਲਾਂ, ਮੰਗਲਵਾਰ ਨੂੰ ਹੋਈ ਇੱਕ ਉੱਚ-ਪੱਧਰੀ ਮੀਟਿੰਗ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਅੱਤਵਾਦ ਨੂੰ ਢੁੱਕਵਾਂ ਜਵਾਬ ਦੇਣਾ ਸਾਡਾ ਦ੍ਰਿੜ ਰਾਸ਼ਟਰੀ ਇਰਾਦਾ ਹੈ। ਪਹਿਲਗਾਮ ਅੱਤਵਾਦੀ ਹਮਲੇ ਦੇ ਸੰਦਰਭ ਵਿੱਚ ਕਾਰਵਾਈ ਕਰਨ ਦੇ ਵਿਕਲਪਾਂ 'ਤੇ ਫ਼ੌਜੀ ਲੀਡਰਸ਼ਿਪ ਨਾਲ ਚਰਚਾ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਥਿਆਰਬੰਦ ਬਲਾਂ ਨੂੰ ਸਾਡੇ ਜਵਾਬੀ ਹਮਲੇ ਦਾ ਤਰੀਕਾ ਕੀ ਹੋਣਾ ਚਾਹੀਦਾ ਹੈ, ਉਨ੍ਹਾਂ ਦੇ ਨਿਸ਼ਾਨੇ ਕੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਸਮਾਂ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਕਾਰਜਸ਼ੀਲ ਫੈਸਲੇ ਲੈਣ ਦੀ ਆਜ਼ਾਦੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**June 27-28-29, 2025**

**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru███ravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ਼੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




Shri Guru Ravidass Sabha Fresno (CA) &
Worldwide BSP Supporters Team ਵੱਲੋਂ
ਸਮੂਹ ਗੁਰੂ ਪਿਆਰੀ ਸੰਗਤਾਂ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ ਜਾਂਦਾ ਹੈ।

ਸ਼੍ਰੀ ਗੁਰੂ ਰਵਿਦਾਸ ਗੁਰੂਘਰ ਫਰਿਜ਼ਨੋ ਅਤੇ **Worldwide BSP Supporters Team** ਵਲੋਂ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ **ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਨ ਅਤੇ ਬਹੁਜਨ ਸਮਾਜ ਪਾਰਟੀ ਸਥਾਪਨਾ ਦਿਵਸ ਐਤਵਾਰ ਦਿਨ 4 ਮਈ 2025** ਨੂੰ ਮਨਾਇਆ ਜਾ ਰਿਹਾ ਹੈ।

ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂਘਰ ਦੇ ਵਜੀਰ ਭਾਈ ਰਾਮ ਸਿੰਘ ਜੀ ਆਪਣੇ ਵਿਚਾਰ ਰੱਖਣਗੇ। ਗੁਰੂਘਰ ਦੇ ਕੀਰਤਨੀਏ ਭਾਈ ਹਰਵਿੰਦਰ ਸਿੰਘ ਰਸੀਆ, ਭਾਈ ਭੁਪਿੰਦਰ ਸਿੰਘ ਝਿੰਗੜ ਭਾਈ ਹਰਬਲਾਸ ਸਿੰਘ ਝਿੰਗੜ ਅਤੇ ਭਾਈ ਰਾਮ ਆਸਰਾ ਜੀ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।


Mr. Amarjit Badhan
(Worldwide BSP Supporters Team, Canada)


Dr. Nirmal Singh Bhatti


Prof. Puneeta Salhan


Mr. Amar Daroch

* ਸ਼੍ਰੀ ਅਮਰਜੀਤ ਸਿੰਘ ਬੱਧਣ ਜੀ (Worldiwde BSP Supporters Team Canada) "ਬਾਬਾ ਸਾਹਿਬ ਦਾ ਜੀਵਨ ਅਤੇ ਸੰਘਰਸ਼" ਉੱਤੇ ਵਿਚਾਰ ਰੱਖਣਗੇ।
* ਵਿਸ਼ੇਸ਼ ਮਹਿਮਾਨ Dr. Nirmal Singh Bhatti MD ਬਾਬਾ ਸਾਹਿਬ ਜੀ ਦੀ book "Untouchable" (Who were they and why they became untouchable) ਤੇ ਵਿਸਥਾਰ ਨਾਲ ਚਰਚਾ ਕਰਨਗੇ।
* Prof. Puneeta Salhan "ਬਾਬਾ ਸਾਹਿਬ ਦਾ Women's Rights ਲਈ ਸੰਘਰਸ਼ ਅਤੇ ਯੋਗਦਾਨ" ਉੱਪਰ ਵਿਚਾਰ ਰੱਖਣਗੇ।
* Mr. Amar Daroch (President Shri Guru Ravidass Sabha Fresno) "ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਅਤੇ ਬਹੁਜਨ ਮੂਵਮੈਂਟ ਦੀ ਮਹੱਤਤਾ" ਉੱਤੇ ਵਿਚਾਰ ਕਰਨਗੇ।

## ਸ਼੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ


ਬੀਬੀ ਸੁਰਿੰਦਰ ਕੌਰ ਬੰਗੜ
(ਚੇਅਰਪਰਸਨ)


ਸ਼੍ਰੀ ਰਤਨ ਪਾਲ ਜੱਸੀ
(ਵਾਈਸ ਚੇਅਰਮੈਨ)


ਸ਼੍ਰੀ ਅਮਰ ਦੜੋਚ
(ਪ੍ਰਧਾਨ)


ਸ਼੍ਰੀ ਸੁੱਚਾ ਸਿੰਘ ਝੰਮਟ
(ਵਾਈਸ ਪ੍ਰਧਾਨ)


ਸ਼੍ਰੀ ਸ਼ਿਵਚਰਨ
(ਜਨਰਲ ਸਕੱਤਰ)


ਸ਼੍ਰੀ ਤੇਗਵੀਰ ਸਿੰਘ ਭਾਟੀਆ
(ਸਹਾਇਕ ਜਨਰਲ ਸਕੱਤਰ)


ਸ਼੍ਰੀ ਦਵਿੰਦਰ ਸਿੰਘ ਨਿਗਾਹ
(ਖਜਾਨਚੀ)


ਸ਼੍ਰੀ ਕੁਲਦੀਪ ਸਿੰਘ
(ਸਹਾਇਕ ਖਜਾਨਚੀ)


ਸ਼੍ਰੀ ਕੁਲਦੀਪ ਸਿੰਘ ਬੰਗੜ
(ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ
(ਸਹਾਇਕ ਸਟੇਜ ਸਕੱਤਰ)


ਸ਼੍ਰੀ ਪਵਨ ਸਰੋਇਆ
(ਮੀਡੀਆ ਪਰਸਨ)


ਭਾਈ ਰਾਮ ਸਿੰਘ ਜੀ
ਹੈੱਡ ਗ੍ਰੰਥੀ

**5025 S Cherry Ave Fresno, CA 93706** ਗੁਰੂ ਘਰ ਦਾ ਫੋਨ ਨੰਬਰ: 559-486-3091

# ਭਾਰਤ ਅਤੇ ਪਾਕਿਸਤਾਨ ਵਿਚ ਤਣਾਅ ਹੋਰ ਵਧਿਆ

**ਨਵੀਂ ਦਿੱਲੀ–** ਪਾਕਿਸਤਾਨ ਨੇ ਬੁੱਧਵਾਰ ਨੂੰ 'ਭਰੋਸੇਯੋਗ ਖੁਫ਼ੀਆ ਜਾਣਕਾਰੀ' ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਭਾਰਤ ਅਗਲੇ 24 ਤੋਂ 36 ਘੰਟਿਆਂ ਵਿਚ ਉਸ ਖਿਲਾਫ਼ ਫੌਜੀ ਕਾਰਵਾਈ ਦੀ ਯੋਜਨਾ ਘੜ ਰਿਹਾ ਹੈ। ਪਾਕਿਸਤਾਨ ਨੇ ਨਾਲ ਹੀ ਭਾਰਤ ਨੂੰ ਚੇਤਾਵਨੀ ਦਿੱਤੀ ਹੈ ਕਿ ਉਸ ਨੂੰ ਵੀ ਇਸ ਦੇ ਸਿੱਟੇ ਭੁਗਤਣੇ ਹੋਣਗੇ।

ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲ੍ਹਾ ਤਰਾਰ ਨੇ ਕਿਹਾ ਕਿ ਭਾਰਤ ਸਰਕਾਰ ਪਹਿਲਗਾਮ ਵਿਚ ਪਿਛਲੇ ਦਿਨੀਂ ਹੋਏ ਦਹਿਸ਼ਤੀ ਹਮਲੇ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਸਬੰਧੀ 'ਬੇਬੁਨਿਆਦ ਤੇ ਮਨਘੜਤ ਦੋਸ਼ਾਂ' ਦੇ ਅਧਾਰ 'ਤੇ ਹਮਲਾ ਕਰਨ ਦੀ ਤਿਆਰੀ ਕਰ



ਰਹੀ ਹੈ। ਮੰਤਰੀ ਨੇ ਕਿਹਾ ਕਿ ਪਾਕਿਸਤਾਨ ਖ਼ੁਦ ਅਤਿਵਾਦ ਦੀ ਮਾਰ ਝੱਲਦਾ ਰਿਹਾ ਹੈ ਤੇ ਉਸ ਨੇ ਹਮੇਸ਼ਾ ਅਤਿਵਾਦ ਦੇ ਸਾਰੇ ਰੂਪਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਖ਼ੁਦ ਇਕ ਕਮਿਸ਼ਨ ਵੱਲੋਂ 'ਇਤਬਾਰੀ, ਪਾਰਦਰਸ਼ੀ ਤੇ ਨਿਰਪੱਖ' ਜਾਂਚ ਦੀ ਪੇਸ਼ਕਸ਼ ਕੀਤੀ ਹੈ, ਪਰ ਭਾਰਤ ਜਾਂਚ ਤੋਂ ਬਚ ਕੇ ਟਕਰਾਅ ਦਾ ਰਾਹ ਚੁਣ ਰਿਹਾ ਹੈ। ਪਾਕਿਸਤਾਨ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਚੌਕਸ ਰਹਿਣਾ ਚਾਹੀਦਾ ਹੈ। ਤਰਾਰ ਨੇ ਚੇਤਾਵਨੀ ਦਿੱਤੀ ਕਿ ਭਾਰਤ ਵੱਲੋਂ ਕਿਸੇ ਵੀ ਫੌਜੀ ਹਿਮਾਕਤ ਦਾ 'ਯਕੀਨੀ ਤੌਰ 'ਤੇ ਜਵਾਬ ਦਿੱਤਾ ਜਾਵੇਗਾ' ਤੇ 'ਟਕਰਾਅ ਵਧਣ ਦੀ ਸਥਿਤੀ ਵਿਚ ਇਸ ਦੇ ਸਿੱਟਿਆਂ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਾਲ ਭਾਰਤ ਦੀ ਹੋਵੇਗੀ।'

### ਅਮਰੀਕਾ ਨੇ ਤਣਾਅ ਵਧਾਉਣ ਤੋਂ ਬਚਣ ਦੀ ਅਪੀਲ ਕੀਤੀ

ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ ਅਮਰੀਕਾ ਨੇ ਦੋਵਾਂ ਦੇਸ਼ਾਂ ਨੂੰ ਝਗੜੇ ਨੂੰ ਹੋਰ ਵਧਾਉਣ ਤੋਂ ਬਚਣ ਦੀ ਅਪੀਲ ਕੀਤੀ ਹੈ। ਵਿਦੇਸ਼ ਮੰਤਰੀ ਮਾਰਕੋ ਰੂਬਿਓ ਇਸ ਸਬੰਧੀ ਜਲਦ ਹੀ ਦੋਹਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕਰਨਗੇ। ਅਮਰੀਕੀ ਵਿਦੇਸ਼ ਮੰਤਰਾਲਾ ਦੀ ਬੁਲਾਰਾ ਟੈਮੀ ਬਰੂਸ ਨੇ ਮੰਗਲਵਾਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਵਾਸ਼ਿੰਗਟਨ ਕਸ਼ਮੀਰ ਦੀ ਸਥਿਤੀ ਬਾਰੇ ਭਾਰਤ ਅਤੇ ਪਾਕਿਸਤਾਨ ਦੋਹਾਂ ਨਾਲ ਸੰਪਰਕ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਤਣਾਅ ਨਾ ਵਧਾਉਣ ਦੀ ਅਪੀਲ ਕਰ ਰਿਹਾ ਹੈ।

ਬਰੂਸ ਨੇ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬਿਓ ਦੇ ਅੱਜ ਜਾਂ ਕੱਲ੍ਹ ਭਾਰਤ ਅਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕਰਨ ਦੀ ਉਮੀਦ ਹੈ। ਉਹ ਹੋਰ ਦੇਸ਼ਾਂ ਦੇ ਨੇਤਾਵਾਂ ਅਤੇ ਵਿਦੇਸ਼ ਮੰਤਰੀਆਂ ਨੂੰ ਵੀ ਇਸ ਮਾਮਲੇ 'ਚ ਭਾਰਤ-ਪਾਕਿਸਤਾਨ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰ ਰਹੇ ਹਨ। ਉਨ੍ਹਾਂ ਕਿਹਾ, "ਜਿਵੇਂ ਕਿ ਮੈਂ ਦੱਸਿਆ, ਹਰ ਰੋਜ਼ ਕਦਮ ਚੁੱਕੇ ਜਾ ਰਹੇ ਹਨ। ਇਸ ਮਾਮਲੇ 'ਚ ਵਿਦੇਸ਼ ਮੰਤਰੀ ਭਾਰਤ ਅਤੇ ਪਾਕਿਸਤਾਨ ਵਿਚ ਮੰਤਰੀਆਂ ਨਾਲ ਸਿੱਧੀ ਗੱਲ ਕਰ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਕਰਦੇ ਰਹਿਣਗੇ।"

# ਕਸ਼ਮੀਰ ਤੋਂ ਅਫ਼ਗਾਨ ਤੇ ਰੂਸ ਤੱਕ
# ਭਾਰਤ ਸਰਕਾਰ ਵੱਲੋਂ ਪਾਕਿ ਦੇ ਕੌਮਾਂਤਰੀ ਦਹਿਸ਼ਤੀ ਕਾਰਿਆਂ ਦੀ ਫਾਇਲ ਜਾਰੀ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੀ ਰਿਹਾਇਸ਼ ਉਤੇ ਸੁਰੱਖਿਆ ਬਾਰੇ ਕੈਬਨਿਟ ਕਮੇਟੀ (Caibnet Comimttee on Secuirty) ਦੀ ਇੱਕ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੇ ਜਾਣ ਦੇ ਨਾਲ ਹੀ ਸਰਕਾਰ ਨੇ ਕਸ਼ਮੀਰ ਤੋਂ ਅਫਗਾਨਿਸਤਾਨ ਅਤੇ ਰੂਸ ਤੱਕ ਪਾਕਿਸਤਾਨ ਦੇ ਆਲਮੀ ਦਹਿਸ਼ਤੀ ਸਿਲਸਿਲੇ ਨੂੰ ਦਸਤਾਵੇਜ਼ੀ ਰੂਪ ਦੇਣ ਵਾਲੀ ਇੱਕ ਮਿਸਲ ਵੀ ਜਾਰੀ ਕੀਤੀ ਹੈ।



ਦਸਤਾਵੇਜ਼ ਵਿੱਚ ਲਹਿੰਦੇ ਪੰਜਾਬ, ਖ਼ੈਬਰ ਪਖ਼ਤੂਨਖ਼ਵਾ (ਜਿਸ ਨੂੰ ਪਹਿਲਾਂ ਸੂਬਾ ਸਰਹੱਦ ੱੱਫ ਕਿਹਾ ਜਾਂਦਾ ਸੀ), ਵਜ਼ੀਰਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਫੋਖ) ਵਰਗੇ ਸੂਬਿਆਂ ਵਿੱਚ ਪਾਕਿਸਤਾਨ ਦੀ ਮੇਜ਼ਬਾਨੀ 'ਚ ਚਲਾਏ ਜਾ ਰਹੇ ਅੱਤਵਾਦੀ ਸਿਖਲਾਈ ਕੈਂਪਾਂ ਦੀ ਸੂਚੀ ਵੀ ਸ਼ਾਮਲ ਹੈ।

ਅਧਿਕਾਰਤ ਸੂਤਰਾਂ ਨੇ ਕਿਹਾ, "ਇਹ ਕੈਂਪ, ਜੋ ਕਿ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਹਿਜ਼ਬੁਲ ਮੁਜਾਹਿਦੀਨ ਅਤੇ ਖੁਰਾਸਨ ਵਰਗੀਆਂ ਕੌਮਾਂਤਰੀ ਦਹਿਸ਼ਤੀ ਤਨਜ਼ੀਮਾਂ ਵੱਲੋਂ ਚਲਾਏ ਜਾਂਦੇ ਹਨ, ਲੋਕਾਂ ਨੂੰ ਕੱਟੜ ਬਣਾਉਣ, ਹਥਿਆਰਾਂ ਦੀ ਸਿਖਲਾਈ ਅਤੇ ਫ਼ਿਦਾਈਨ ਮਿਸ਼ਨਾਂ ਦੀ ਤਿਆਰੀ ਲਈ ਕੇਂਦਰ ਵਜੋਂ ਕੰਮ ਕਰਦੇ ਹਨ। ਪਾਕਿਸਤਾਨੀ ਫੌਜ ਦੇ ਸਾਬਕਾ ਅਧਿਕਾਰੀ ਅਕਸਰ ਸਿਖਲਾਈ ਵਿੱਚ ਸਹਾਇਤਾ ਕਰਦੇ ਹਨ, ਸੰਚਾਲਨ ਮਾਰੂ ਤਾਕਤ ਨੂੰ ਵਧਾਉਣ ਲਈ ਫੌਜੀ ਮੁਹਾਰਤ ਦਿੰਦੇ ਹਨ।"

ਗ਼ੌਰਤਲਬ ਹੈ ਕਿ ਪਾਕਿਸਤਾਨ ਵੱਲੋਂ ਅੱਤਵਾਦੀ ਨੈੱਟਵਰਕਾਂ ਨੂੰ ਮਦਦ ਦਿੱਤੇ ਜਾਣ ਦੇ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਵੱਲੋਂ ਜਾਰੀ ਇਕਬਾਲੀਆ ਬਿਆਨ ਦਾ ਹਵਾਲਾ ਦਿੰਦਿਆਂ ਪਿਛਲੇ ਦਿਨੀਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਕਿਹਾ ਸੀ ਕਿ ਪਾਕਿਸਤਾਨ ਦਾ ਆਲਮੀ ਅੱਤਵਾਦ ਨੂੰ ਹੁਲਾਰਾ ਦੇਣ ਵਾਲੇ ਇੱਕ 'ਗੁੰਡਾ' ਮੁਲਕ ਵਜੋਂ ਚਿਹਰਾ ਸਭ ਦੇ ਸਾਹਮਣੇ ਆ ਚੁੱਕਾ ਹੈ। ਇਸ ਘਟਨਾ ਤੋਂ ਇਕ ਦਿਨ ਬਾਅਦ ਭਾਰਤ ਨੇ ਪਾਕਿ ਦੀ ਆਲਮੀ ਦਹਿਸ਼ਗਰਦੀ ਦੀ ਇਹ ਮਿਸਲ ਜਾਰੀ ਕੀਤੀ ਹੈ। ਦਸਤਾਵੇਜ਼ ਵਿੱਚ "ਦੁਨੀਆ ਦੀਆਂ ਸਭ ਤੋਂ ਖਤਰਨਾਕ ਅਤੇ ਅਸਥਿਰ ਤਾਕਤਾਂ ਵਿੱਚੋਂ ਇੱਕ ਵਜੋਂ ਅੱਤਵਾਦ ਨੂੰ ਸਪਾਂਸਰ ਕਰਨ, ਪਨਾਹ ਦੇਣ ਅਤੇ ਦੂਜੇ ਮੁਲਕਾਂ ਵਿਚ ਬਰਾਮਦ ਕਰਨ ਸਬੰਧੀ ਪਾਕਿਸਤਾਨ ਦੇ ਰਿਕਾਰਡ" ਨੂੰ ਸੂਚੀਬੱਧ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ, "ਦਹਾਕਿਆਂ ਤੋਂ, ਪਾਕਿਸਤਾਨ ਦੀ ਧਰਤੀ ਨੂੰ ਸਰਹੱਦ ਪਾਰ ਅੱਤਵਾਦ, ਬਗਾਵਤ ਅਤੇ ਕੱਟੜਪੰਥੀ ਵਿਚਾਰਧਾਰਾ ਲਈ ਲਾਂਚਪੈਡ ਵਜੋਂ ਵਰਤਿਆ ਜਾਂਦਾ ਰਿਹਾ ਹੈ।"

ਇਸ ਵਿਚ ਹੋਰ ਕਿਹਾ ਗਿਆ ਹੈ, "2018 ਵਿੱਚ, ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਕਿਹਾ ਸੀ ਕਿ ਪਾਕਿਸਤਾਨ ਸਰਕਾਰ ਨੇ 2008 ਦੇ ਮੁੰਬਈ ਹਮਲਿਆਂ ਵਿੱਚ ਭੂਮਿਕਾ ਨਿਭਾਈ ਸੀ ਜੋ ਕਿ ਲਸ਼ਕਰ-ਏ-ਤੋਇਬਾ ਵੱਲੋਂ ਕੀਤੇ ਗਏ ਸਨ, ਜੋ ਇੱਕ ਪਾਕਿਸਤਾਨ-ਅਧਾਰਤ ਇਸਲਾਮੀ ਦਹਿਸ਼ਤੀ ਜਥੇਬੰਦੀ ਹੈ। ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਮੰਨਿਆ ਕਿ ਉਨ੍ਹਾਂ ਦੀਆਂ ਫੌਜਾਂ ਨੇ ਭਾਰਤ-ਪ੍ਰਸ਼ਾਸਿਤ ਕਸ਼ਮੀਰ ਵਿੱਚ ਭਾਰਤ ਨਾਲ ਲੜਨ ਲਈ ਅੱਤਵਾਦੀ ਸਮੂਹਾਂ ਨੂੰ ਸਿਖਲਾਈ ਦਿੱਤੀ ਸੀ। ਉਨ੍ਹਾਂ ਨੇ ਮੰਨਿਆ ਕਿ ਸਰਕਾਰ ਨੇ ਅੱਖਾਂ ਬੰਦ ਕਰ ਲਈਆਂ ਕਿਉਂਕਿ ਉਹ ਭਾਰਤ ਨੂੰ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨਾ ਚਾਹੁੰਦੀ ਸੀ, ਨਾਲ ਹੀ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾਉਣਾ ਚਾਹੁੰਦੀ ਸੀ।"

ਅਧਿਕਾਰਤ ਸੂਤਰਾਂ ਨੇ ਵੱਖ-ਵੱਖ ਦੇਸ਼ਾਂ ਵਿੱਚ ਪਾਕਿਸਤਾਨ ਵੱਲੋਂ ਸਪਾਂਸਰ ਕੀਤੇ ਅੱਤਵਾਦ ਦੇ ਸਬੂਤਾਂ ਦਾ ਵੀ ਹਵਾਲਾ ਦਿੱਤਾ ਹੈ। 'ਦੁਨੀਆਂ ਭਰ ਵਿਚ ਅੱਤਵਾਦ ਦੀ ਬਰਾਮਦ' (ੲਣਪੋਰਟਿਨਗ ਠੲਰਰੋਰਿਸਮ ਘਲੋਬਅਲਲੇ) ਸਿਰਲੇਖ ਹੇਠ, ਇਹ ਮਿਸਲ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਦੇ ਅਫਗਾਨਿਸਤਾਨ ਵਿੱਚ ਹਮਲਿਆਂ ਦਾ ਜ਼ਿਕਰ ਕਰਦੀ ਹੋਈ ਕਹਿੰਦੀ ਹੈ ਕਿ "ਪਾਕਿਸਤਾਨ ਦੀ ਆਈਐਸਆਈ (ਇੰਟਰ-ਸਰਵਿਸਿਜ਼ ਇੰਟੈਲੀਜੈਂਸ) ਨੂੰ ਅਫਗਾਨ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਦਾ ਸਮਰਥਨ ਕਰਨ, ਉਨ੍ਹਾਂ ਨੂੰ ਫੰਡਿੰਗ, ਸਿਖਲਾਈ ਅਤੇ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕੀਤੇ ਜਾਣ ਲਈ ਵਿਆਪਕ ਤੌਰ 'ਤੇ ਦਸਤਾਵੇਜ਼ੀ ਤੌਰ 'ਤੇ ਦਰਜ ਕੀਤਾ ਗਿਆ ਹੈ।" ਮਿਸਲ ਵਿੱਚ ਪਾਕਿਸਤਾਨ ਦੀ ਸ਼ਹਿ ਨਾਲ ਅਫ਼ਗਾਨਿਸਤਾਨ ਵਿਚ ਹੋਏ ਅਤਿਵਾਦੀ ਹਮਲਿਆਂ ਦਾ ਵੀ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਚ ਮੁੱਖ ਤੌਰ 'ਤੇ 2008 ਵਿੱਚ ਕਾਬੁਲ ਵਿੱਚ ਭਾਰਤੀ ਦੂਤਾਵਾਸ 'ਤੇ ਬੰਬਾਰੀ ਅਤੇ 2011 ਵਿੱਚ ਕਾਬੁਲ ਵਿੱਚ ਅਮਰੀਕੀ ਦੂਤਾਵਾਸ 'ਤੇ ਹਮਲਾ ਆਦਿ ਸ਼ਾਮਲ ਹਨ। ਅਧਿਕਾਰਤ ਸੂਤਰਾਂ ਨੇ ਇਹ ਵੀ ਦੱਸਿਆ ਕਿ 2024 ਦੇ ਮਾਸਕੋ ਕੰਸਰਟ ਹਾਲ ਹਮਲੇ ਵਿੱਚ, ਅਪਰੈਲ 2025 ਵਿੱਚ ਮਾਸਕੋ ਅੱਤਵਾਦੀ ਹਮਲੇ ਦੀ ਜਾਂਚ ਵਿੱਚ ਵੀ ਇੱਕ ਪਾਕਿਸਤਾਨੀ ਲਿੰਕ ਸਾਹਮਣੇ ਆਇਆ ਸੀ।

ਇਸ ਵਿਚ ਕਿਹਾ ਗਿਆ ਹੈ, "ਰੂਸੀ ਅਧਿਕਾਰੀਆਂ ਨੇ ਮਾਸਟਰਮਾਇੰਡ ਦੀ ਪਛਾਣ ਇੱਕ ਤਾਜਿਕ ਨਾਗਰਿਕ ਵਜੋਂ ਕੀਤੀ ਹੈ ਅਤੇ ਪਾਕਿ-ਸਤਾਨ ਨਾਲ ਸਬੰਧਾਂ ਦੀ ਜਾਂਚ ਕਰ ਰਹੇ ਹਨ, ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਹਮਲਾਵਰਾਂ ਨੂੰ ਪਾਕਿਸਤਾਨੀ ਨੈੱਟਵਰਕਾਂ ਤੋਂ ਲੌਜਿਸਟਿਕਲ ਜਾਂ ਵਿਚਾਰਧਾਰਕ ਸਮਰਥਨ ਮਿਲ ਸਕਦਾ ਹੈ।"

ਇਸ ਵਿਚ 'ਪਾਕਿਸਤਾਨ-ਅਧਾਰਤ ਸੁੰਨੀ ਕੱਟੜਪੰਥੀ ਸਮੂਹ ਜੈਸ਼ ਉਲ-ਅਦਲ ਵੱਲੋਂ ਇਰਾਨ ਦੇ ਸੂਬੇ ਸੀਸਤਾਨ-ਬਲੋਚਿਸਤਾਨ ਵਿੱਚ ਇਰਾਨੀ ਸੁਰੱਖਿਆ ਬਲਾਂ 'ਤੇ ਵਾਰ-ਵਾਰ ਕੀਤੇ ਗਏ ਹਮਲਿਆਂ' ਦਾ ਵੀ ਜ਼ਿਕਰ ਹੈ। ਇਸ ਮੁਤਾਬਕ, "ਇਸਦੇ ਜਵਾਬ ਵਿੱਚ, ਇਰਾਨ ਨੇ 16 ਜਨਵਰੀ 2024 ਨੂੰ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੇ ਅੰਦਰ ਉਨ੍ਹਾਂ ਟਿਕਾਣਿਆਂ ਉਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ, ਜਿਨ੍ਹਾਂ ਨੂੰ ਉਸਨੇ ਜੈਸ਼ ਉਲ-ਅਦਲ ਦੇ ਟਿਕਾਣਿਆਂ ਵਜੋਂ ਦਰਸਾਇਆ ਸੀ।"



# ਅਮਰੀਕਾ ਵਿਚ ਪ੍ਰਵਾਸੀ ਦੀ ਗ੍ਰਿਫਤਾਰੀ ਵਿੱਚ ਅੜਿਕਾ ਬਣੀ ਜੱਜ ਨੂੰ ਐਫ ਬੀ ਆਈ ਨੇ ਕੀਤਾ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਟਰੰਪ ਪ੍ਰਸ਼ਾਸਨ ਦੇ ਨਿਆਂ ਪ੍ਰਣਾਲੀ ਨਾਲ ਚਲ ਰਹੇ ਟਕਰਾਅ ਦਰਮਿਆਨ ਧਮਾਕਾਖੇਜ਼ ਵਾਪਰੇ ਘਟਨਾਕ੍ਰਮ ਵਿੱਚ ਐਫ ਬੀ ਆਈ ਵੱਲੋਂ ਮਿਲਵੌਕੀ ਕਾਊਂਟੀ ਦੀ ਇਕ ਜੱਜ ਨੂੰ ਇਕ ਪ੍ਰਵਾਸੀ ਦੀ ਗ੍ਰਿਫਤਾਰੀ ਵਿੱਚ ਕਥਿੱਤ ਤੌਰ 'ਤੇ ਅੜਿਕਾ ਪਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਹ ਜਾਣਕਾਰੀ ਐਫ ਬੀ ਆਈ ਦੇ ਡਾਇਰੈਕਟਰ ਕਾਸ਼ ਪਟੇਲ ਵੱਲੋਂ ਸ਼ੋਸਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਦਿੱਤੀ ਗਈ ਹੈ ਹਾਲਾਂ ਕਿ ਬਾਅਦ ਵਿਚ ਇਹ ਪੋਸਟ ਹਟਾ ਦਿੱਤੀ ਗਈ ਹੈ। ਇਸ ਪੋਸਟ ਵਿਚ ਪਟੇਲ ਨੇ ਕਿਹਾ ਹੈ ਕਿ ਮਿਲਵੌਕੀ, ਵਿਸਕਾਨਸਿਨ ਦੀ ਜੱਜ ਹਨਾਹ ਡੂਗਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਟੇਲ ਅਨੁਸਾਰ ਜੱਜ ਨੇ ਜਾਣਬੁਝ ਕੇ ਸੰਘੀ ਏਜੰਟਾਂ ਨੂੰ ਇਕ ਗੈਰ ਕਾਨੂੰਨੀ ਵਿਦੇਸ਼ੀ ਬਾਰੇ ਗੁੰਮਰਾਹ ਕੀਤਾ ਜਿਸ ਵਿਦੇਸ਼ੀ ਨੂੰ ਗ੍ਰਿਫਤਾਰ ਕੀਤਾ ਜਾਣਾ ਸੀ। ਡੂਗਨ ਮਿਲਵੌਕੀ ਫੈਡਰਲ ਕੋਰਟ ਵਿਚ ਪੇਸ਼ ਹੋਈ ਜਿਥੇ ਵਕੀਲਾਂ ਵੱਲੋਂ ਕਿਹਾ ਗਿਆ ਕਿ ਸੁਣਵਾਈ ਤੋਂ ਪਹਿਲਾਂ ਉਹ ਜੱਜ ਨੂੰ ਹਿਰਾਸਤ ਵਿਚ ਰੱਖਣ ਦੇ ਹੱਕ ਵਿਚ ਨਹੀਂ ਹਨ। ਇਸ ਉਪਰੰਤ ਜੱਜ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦੀ ਅਗਲੀ ਪੇਸ਼ੀ 15 ਮਈ ਨੂੰ ਹੋਵੇਗੀ।



# ਤੇਜ ਰਫਤਾਰ ਕਾਰ ਲੋਕਾਂ ਉਪਰ ਚੜੀ- 4 ਮੌਤਾਂ ਤੇ ਕਈ ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਇਕ ਤੇਜ ਰਫਤਾਰ ਕਾਰ ਨੇ ਚਥਮ, ਇਲੀਨੋਇਸ ਵਿਚ ਇਕ ਸਕੂਲ ਕੈਂਪ ਦੇ ਬਾਹਰ ਖੜੇ ਲੋਕਾਂ ਨੂੰ ਦਰੜ ਦਿੱਤਾ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਦੁਪਹਿਰ ਬਾਅਦ 3.20 ਵਜੇ ਦੇ ਆਸ ਪਾਸ ਵਾਪਰੀ। ਮ੍ਰਿਤਕਾਂ ਵਿਚ ਇਕ 4 ਸਾਲ ਦਾ ਬੱਚਾ ਵੀ ਸ਼ਾਮਿਲ ਹੈ।




ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਕਾਰ ਵਿਚ ਡਰਾਈਵਰ ਤੋਂ ਬਿਨਾਂ ਹੋਰ ਕੋਈ ਵੀ ਵਿਅਕਤੀ ਸਵਾਰ ਨਹੀਂ ਸੀ। ਪੁਲਿਸ ਅਨੁਸਾਰ ਇਸ ਘਟਨਾ ਵਿਚ ਡਰਾਈਵਰ ਜ਼ਖਮੀ ਨਹੀਂ ਹੋਇਆ ਹੈ ਤੇ ਉਸ ਨੂੰ ਵੀ ਡਾਕਟਰੀ ਜਾਂਚ ਲਈ ਹਸਪਤਾਲ ਲਿਜਾਇਆ ਗਿਆ ਹੈ।

# ਮਿਡਵੈਸਟ ਸਿੱਖ ਗੁਰਦੁਆਰਾ ਸਾਹਿਬ (ਕੈਨਸਸ ਸਿਟੀ) 'ਚ ਖਾਲਸਾ ਪੰਥ ਦਾ ਜਨਮ ਦਿਹਾੜਾ ਚੜ੍ਹਦੀ ਕਲਾ ਨਾ.ਲ ਮਨਾਇਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਮਿਡਵੈਸਟ ਸਿੱਖ ਗੁਰਦੁਆਰਾ ਸਾਹਿਬ( ਕੈਨਸਸ ਸਿਟੀ) ਦੀ ਪ੍ਰਬੰਧਕ ਕਮੇਟੀ ਅਤੇ ਸਮੁੱਚੀਆਂ ਸਿੱਖ ਸੰਗਤਾਂ ਵੱਲੋਂ ਖਾਲਸੇ ਪੰਥ ਦਾ ਜਨਮ ਦਿਹਾੜਾ 25, 26 ਅਤੇ 27 ਅਪ੍ਰੈਲ ਨੂੰ



ਬਹੁਤ ਚੜ੍ਹਦੀ ਕਲਾ ਨਾ.ਲ ਮਨਾਇਆ ਗਿਆ । 26 ਅਪ੍ਰੈਲ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਜਿਸ ਵਿੱਚ ਉਚੇਚੇ ਤੌਰ ਤੇ ਨੌਜਵਾਨ ਪੰਥਕ ਢਾਡੀ ਜੱਥਾ ਸੰਦੀਪ ਸਿੰਘ ਲੁਹਾਰਾ ( ਕੈਲੀਫੋਰਨੀਆਂ) ਵਾਲਿ.ਆਂ ਦੇ ਢਾਡੀ ਜੱਥੇ ਨੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਜੋਸ਼ੀਲੀਆਂ ਢਾਡੀ ਵਾਰਾਂ ਨਾ.ਲ ਸੰਗਤਾਂ ਨੂੰ ਨਿਹਾਲ ਕੀਤਾ । ਭਾਈ ਅਮਨਦੀਪ ਸਿੰਘ ਲੁਧਿਆਣੇ ਵਾਲਿ.ਆਂ ਦੇ ਰਾਗੀ ਜੱਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ । ਗੁਰਦੁਆਰਾ ਸਾਹਿਬ ਦੇ ਸੈਕਟਰੀ ਸੁੱਖਮੰਦਰ ਸਿੰਘ ਪੂੰਨੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਕੌਮ ਨੂੰ ਸੰਦੀਪ ਸਿੰਘ ਲੁਹਾਰਾ ਵਰਗੇ ਨੌਜਵਾਨ ਢਾਡੀ ਜੱਥਿਆਂ ਦੀ ਲੋੜ ਹੈ ਜੋ ਆਪਣੀ ਕੌਮ ਦਾ ਅਸਲ ਇਤਿਹਾਸ ਤੇ ਬੀਰ-ਰਸੀ ਢਾਡੀ ਵਾਰਾਂ ਸਿੱਖ ਸੰਗਤਾਂ ਨੂੰ ਸੁਣਾਕੇ ਆਪਣੇ ਗੁਰੂਆਂ ਅਤੇ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਤੋਂ ਜਾਣੂੰ ਕਰਵਾ ਸਕਣ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤਰਲੋਕ ਸਿੰਘ ਬੱਲ,ਸੈਕਟਰੀ ਸੱਖਮੰਦਰ ਸਿੰਘ ਬੱਲ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਲੁਹਾਰਾ ਦੇ ਢਾਡੀ ਜੱਥੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂ ਕੇ ਲੰਗਰਾਂ ਦੇ ਸਟਾਲਾਂ ਨਾ.ਲ ਸੰਗਤਾਂ ਦੀ ਸੇਵਾ ਕੀਤੀ ਗਈ।

# ਦੱਖਣੀ ਕੈਰੋਲੀਨਾ ਵਿਚ ਸੈਲਾਨੀ ਸਥਾਨ ਵਿਚ ਹੋਈ ਗੋਲੀਬਾਰੀ, ਇਕ ਵਿਅਕਤੀ ਦੀ ਮੌਤ ਤੇ 11 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਸੈਲਾਨੀ ਸਥਾਨ ਮਿਰਟਲ ਬੀਚ, ਦੱਖਣੀ ਕੈਰੋਲੀਨਾ ਵਿਚ ਹੋਈ ਗੋਲੀਬਾਰੀ ਵਿਚ 1 ਵਿਅਕਤੀ ਦੇ ਮਾਰੇ ਜਾਣ ਤੇ 11 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਮਿਰਟਲ ਬੀਚ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਸਥਾਨਕ ਸਮੇ ਅਨੁਸਾਰ ਰਾਤ 11.50 ਵਜੇ ਦੇ ਆਸ ਪਾਸ ਮੌਕੇ ਉਪਰ ਪੁੱਜੀ। ਇਕ ਪੁਲਿਸ ਅਫਸਰ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ ਜਿਸ ਦੌਰਾਨ ਇਕ ਵਿਅਕਤੀ ਮਾਰਿਆ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ਖਮੀਆਂ ਨੂੰ ਡਾਕਟਰੀ ਸਹਾਇਤਾ ਲਈ ਹਸਪਤਾਲ ਲਿਜਾਇਆ ਗਿਆ ਹੈ। ਹੌਰੀ ਕਾਊਂਟੀ ਚੀਫ ਡਿਪਟੀ ਕੋਰੋਨਰ ਟਮਾਰਾ ਵਿਲਾਰਡ ਅਨੁਸਾਰ ਮ੍ਰਿਤਕ ਦੀ ਪਛਾਣ 18 ਸਾਲਾ ਜੇਰੀਅਸ ਡੇਵਿਸ ਵਜੋਂ ਹੋਈ ਹੈ ਜੋ ਬੈਨੇਟਸਵਿਲੇ ਦਾ ਰਹਿਣਾ ਵਾਲਾ ਹੈ। ਘਟਨਾ ਦੀ ਜਾਂਚ ਦੱਖਣੀ ਕੈਰੋਲੀਨਾ ਲਾਅ ਇਨਫੋਰਸਮੈਂਟ ਡਵੀਜਨ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਆਮ ਲੋਕਾਂ ਨੂੰ ਵੀ ਜਾਂਚ ਵਿਚ ਸਹਿਯੋਗ ਕਰਨ ਲਈ ਕਿਹਾ ਹੈ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

## ਅੰਤਰਰਾਸ਼ਟਰੀ ਮਜ਼ਦੂਰ ਦਿਵਸ

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਹਰ ਸਾਲ 1 ਮਈ ਨੂੰ ਦੇਸ਼ ਅਤੇ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਮਜ਼ਦੂਰਾਂ ਅਤੇ ਮਜ਼ਦੂਰਾਂ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕਰਨਾ ਹੈ। ਇਸ ਦੇ ਨਾਲ-ਨਾਲ ਸਾਨੂੰ ਮਜ਼ਦੂਰਾਂ ਦੇ ਹੱਕਾਂ ਅਤੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਪਵੇਗੀ ਅਤੇ ਸ਼ੋਸ਼ਣ ਬੰਦ ਕਰਨਾ ਹੋਵੇਗਾ। ਮਜ਼ਦੂਰਾਂ ਅਤੇ ਮਜ਼ਦੂਰਾਂ ਦਾ ਸਤਿਕਾਰ ਕਰਨਾ ਬਣਦਾ ਹੈ, ਇਸ ਨੂੰ ਮਜ਼ਦੂਰ ਦਿਵਸ ਅਤੇ ਲੇਬਰ ਡੇਅ ਵੀ ਕਿਹਾ ਜਾਂਦਾ ਹੈ।

ਇਹ ਮਜ਼ਦੂਰ ਲਹਿਰ ਅਮਰੀਕਾ ਵਿੱਚ 1 ਮਈ 1886 (1 ਮਈ ਮਜ਼ਦੂਰ ਦਿਵਸ) ਨੂੰ ਸ਼ੁਰੂ ਹੋਈ ਸੀ। ਇਸ ਅੰਦੋਲਨ ਵਿੱਚ ਅਮਰੀਕਾ ਦੇ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਆਏ ਸਨ, ਅਸਲ ਵਿੱਚ ਉਸ ਸਮੇਂ ਮਜ਼ਦੂਰਾਂ ਤੋਂ 15-15 ਘੰਟੇ ਕੰਮ ਕਰਵਾਇਆ ਗਿਆ ਸੀ। ਇਸ ਅੰਦੋਲਨ ਦੌਰਾਨ ਪੁਲਿਸ ਨੇ ਮਜ਼ਦੂਰਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਮਜ਼ਦੂਰਾਂ ਦੀ ਜਾਨ ਚਲੀ ਗਈ, ਜਦੋਂ ਕਿ 100 ਤੋਂ ਵੱਧ ਮਜ਼ਦੂਰ ਜ਼ਖ਼ਮੀ ਹੋ ਗਏ। ਇਸ ਲਹਿਰ ਦੇ ਤਿੰਨ ਸਾਲ ਬਾਅਦ 1889 ਵਿੱਚ ਅੰਤਰਰਾਸ਼ਟਰੀ ਸਮਾਜਵਾਦੀ ਕਾਨਫਰੰਸ ਦੀ ਮੀਟਿੰਗ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਹਰ ਮਜ਼ਦੂਰ ਤੋਂ ਇੱਕ ਦਿਨ ਵਿੱਚ ਸਿਰਫ਼ 8 ਘੰਟੇ ਕੰਮ ਲਿਆ ਜਾਵੇਗਾ। ਇਸ ਕਾਨਫਰੰਸ ਵਿੱਚ ਹੀ 1 ਮਈ ਨੂੰ ਮਜ਼ਦੂਰ ਦਿਵਸ ਮਨਾਉਣ ਦੀ ਤਜਵੀਜ਼ ਰੱਖੀ ਗਈ ਸੀ, ਨਾਲ ਹੀ ਹਰ ਸਾਲ 1 ਮਈ ਨੂੰ ਛੁੱਟੀ ਦੇਣ ਦਾ ਫੈਸਲਾ ਵੀ ਕੀਤਾ ਗਿਆ ਸੀ। ਇਹ ਨਿਯਮ ਅਮਰੀਕਾ ਵਿੱਚ ਅੱਠ ਘੰਟੇ ਕੰਮ ਕਰਨ ਵਾਲੇ ਕਾਮਿਆਂ ਦੇ ਨਿਯਮ ਤੋਂ ਬਾਅਦ ਕਈ ਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਸੀ। ਭਾਵੇਂ ਅਮਰੀਕਾ ਵਿੱਚ 1 ਮਈ 1889 ਨੂੰ ਮਜ਼ਦੂਰ ਦਿਵਸ ਮਨਾਉਣ ਦਾ ਪ੍ਰਸਤਾਵ ਆਇਆ ਹੈ। ਪਰ ਇਹ ਕਰੀਬ 34 ਸਾਲਾਂ ਬਾਅਦ ਭਾਰਤ ਆਇਆ। ਦੂਜੇ ਪਾਸੇ, ਭਾਰਤ ਵਿੱਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ 1 ਮਈ 1923 ਨੂੰ ਚੇਨਈ ਤੋਂ ਹੋਈ। ਇਹ ਫੈਸਲਾ ਮਜ਼ਦੂਰ ਕਿਸਾਨ ਪਾਰਟੀ ਆਫ ਹਿੰਦੁਸਤਾਨ ਦੀ ਪ੍ਰਧਾਨਗੀ ਹੇਠ ਲਿਆ ਗਿਆ। ਇਸ ਮੀਟਿੰਗ ਨੂੰ ਕਈ ਜਥੇਬੰਦੀਆਂ ਅਤੇ ਸਮਾਜਿਕ ਪਾਰਟੀਆਂ ਦਾ ਸਮਰਥਨ ਮਿਲਿਆ। ਜੋ ਮਜ਼ਦੂਰਾਂ ਦੇ ਅੱਤਿਆਚਾਰਾਂ ਅਤੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ।

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਾਂ ਵਿਸ਼ਵ ਮਜ਼ਦੂਰ ਦਿਵਸ ਵਿਸ਼ਵ ਭਰ ਵਿੱਚ ਵੱਖ-ਵੱਖ ਉਦਯੋਗਾਂ ਅਤੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਮਜ਼ਦੂਰਾਂ ਦੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ।

ਮਈ ਦਿਵਸ ਪਹਿਲੀ ਵਾਰ 1 ਮਈ 1890 ਨੂੰ 14 ਜੁਲਾਈ 1889 ਨੂੰ ਯੂਰਪ ਵਿੱਚ ਸੋਸ਼ਲਿਸਟ ਪਾਰਟੀਆਂ ਦੀ ਪਹਿਲੀ ਅੰਤਰਰਾਸ਼ਟਰੀ ਕਾਂਗਰਸ ਦੁਆਰਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਮਨਾਇਆ ਗਿਆ ਸੀ।

ਮਜ਼ਦੂਰ ਦਿਵਸ 80 ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਮਜ਼ਦੂਰ ਦਿਵਸ ਦੁਨੀਆ ਦੇ 80 ਤੋਂ ਵੱਧ ਦੇਸ਼ਾਂ (ਭਾਰਤ ਸਮੇਤ) ਵਿੱਚ ਛੁੱਟੀ ਹੈ।

ਹਾਲਾਂਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੀ ਸ਼ੁਰੂਆਤ ਸ਼ਿਕਾਗੋ ਵਿੱਚ ਹੇਅਮਾਰਕੇਟ ਮਾਮਲੇ ਦੀ ਯਾਦ ਵਿੱਚ ਹੋਈ ਸੀ, ਪਰ ਕੈਨੇਡਾ ਅਤੇ ਸੰਯੁਕਤ ਰਾਜ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ ਨਾ ਕਿ 1 ਮਈ ਨੂੰ।

ਮਹਾਰਾਸ਼ਟਰ ਦਿਵਸ ਅਤੇ ਗੁਜਰਾਤ ਦਿਵਸ ਵੀ 01 ਮਈ ਨੂੰ ਮਨਾਇਆ ਜਾਂਦਾ ਹੈ। ਭਾਰਤ ਵਿੱਚ ਪਹਿਲਾ ਮਈ ਦਿਵਸ 1923 ਵਿੱਚ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਵੱਲੋਂ ਚੇਨਈ (ਉਸ ਸਮੇਂ ਮਦਰਾਸ) ਵਿੱਚ ਮਨਾਇਆ ਗਿਆ ਸੀ।

ਭਾਰਤ ਵਿੱਚ ਮਈ ਦਿਵਸ ਜਾਂ ਮਜ਼ਦੂਰ ਦਿਵਸ ਜਾਂ 'ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਤਾਮਿਲ ਵਿੱਚ 'ਉਝੇਪਾਲਰ ਨਾਲ' ਅਤੇ ਮਰਾਠੀ ਵਿੱਚ 'ਕਾਮਗਰ ਦਿਵਸ'।

ਕੈਨੇਡਾ ਨੇ ਸੰਯੁਕਤ ਰਾਜ ਅਮਰੀਕਾ ਤੋਂ 10 ਸਾਲ ਪਹਿਲਾਂ 1872 ਵਿੱਚ ਮਜ਼ਦੂਰ ਦਿਵਸ ਮਨਾਇਆ ਸੀ।

ਪੈਰਿਸ ਵਿੱਚ ਹਰ ਸਾਲ 1 ਮਈ ਨੂੰ ਮਜ਼ਦੂਰਾਂ ਲਈ ਅੰਤਰਰਾਸ਼ਟਰੀ ਏਕਤਾ ਮਜ਼ਦੂਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ।

ਇਸ ਦਿਨ ਖਾਸ ਤੌਰ 'ਤੇ ਮਜ਼ਦੂਰਾਂ ਦੇ ਹੱਕਾਂ ਅਤੇ ਹੱਕਾਂ ਲਈ ਅਤੇ ਉਨ੍ਹਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਆਵਾਜ਼ ਬੁਲੰਦ ਕੀਤੀ ਜਾਂਦੀ ਹੈ।

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ ਭਗਤਾਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਅਤੇ ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ।ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।



ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ ਅਤੇ ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਅਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਦਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ। ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ।

ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ ਕੌਮ ਦਾ ਬਾਦਸ਼ਾਹ ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਣ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।

ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆੂਂ ਦੀ ਬਾਣੀ ਦੀ ਸੰਪਾਦਨੈ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਰਬ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ- ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥ ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥ ਵਿਦਿਆ ਵੀਚਾਰੀ ਤਾ ਪਰਉਪਕਾਰੀ॥ ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਗੁਰੂ ਗ੍ਰੰਥ)

ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ। ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਲੋੜ ਹੈ।

**Postal Address of Desh Doaba : 5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਲੀਫੋਰਨੀਆ ਦਾ ਜੱਜ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ, ਹਿਰਾਸਤ ਵਿਚ ਲਿਆ, ਜੂਨ ਵਿੱਚ ਸੁਣਾਈ ਜਾਵੇਗੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਦਾਲਤ ਨੇ ਦੱਖਣੀ ਕੈਲੀਫੋਰਨੀਆ ਦੇ ਇਕ ਜੱਜ ਨੂੰ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਆਰੇਂਜ ਕਾਊਂਟੀ ਸੁਪੀਰੀਅਰ ਕੋਰਟ ਜੱਜ ਜੈਫਰੀ ਫਰਗੂਸਨ (74) ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਸਨ। ਅਦਾਲਤੀ ਦਸਤਾਵੇਜ ਅਨੁਸਾਰ ਆਪਣੇ ਅਨਾਹੀਮ ਹਿਲਜ਼ ਸਥਿੱਤ ਘਰ ਵਿਚ ਟੈਲੀਵੀਜ਼ਨ ਵੇਖਦੇ ਸਮੇ ਹੋਈ ਬਹਿਸ ਦੌਰਾਨ ਫਰਗੂਸਨ ਨੇ ਆਪਣੀ ਪਤਨੀ ਸ਼ੈਰਿਅਲ (65) ਨੂੰ ਗੋਲੀ ਮਾਰ ਦਿੱਤੀ ਸੀ। ਇਹ ਘਟਨਾ 2023 ਵਿਚ ਵਾਪਰੀ ਸੀ। ਫਰਗੂਸਨ ਜਿਸ ਨੇ ਸੁਣਵਾਈ ਦੌਰਾਨ ਖੁਦ ਆਪਣੀ ਪੈਰਵਾਈ ਕੀਤੀ, ਨੇ ਮੰਨਿਆ ਕਿ ਉਸ ਨੇ ਆਪਣੀ ਪਤਨੀ ਉਪਰ ਗੋਲੀ ਚਲਾਈ ਸੀ, ਪਰੰਤੂ ਉਸ ਨੇ ਕਿਹਾ ਕਿ ਇਹ ਅਚਾਨਕ ਵਾਪਰੀ ਘਟਨਾ ਸੀ। ਸੁਣਵਾਈ ਸ਼ੁਰੂ ਹੋਣ ਤੋਂ ਇਕ ਦਿਨ ਬਾਅਦ ਜੱਜਾਂ ਨੇ ਫਰਗੂਸਨ ਨੂੰ ਹੱਤਿਆ ਲਈ ਦੋਸ਼ੀ ਐਲਾਨਿਆ। ਅਦਾਲਤ ਦੇ ਫੈਸਲੇ ਉਪਰੰਤ ਪੁਲਿਸ ਨੇ ਫਰਗੂਸਨ ਨੂੰ ਹਿਰਾਸਤ ਵਿਚ ਲੈ ਲਿਆ ਪਰੰਤੂ ਹੱਥ ਕੜੀ ਲਾਉਣ ਤੋਂ ਪਹਿਲਾਂ ਫਰਗੂਸਨ ਨੂੰ ਅਦਾਲਤ ਵਿਚ ਮੌਜੂਦ ਆਪਣੇ ਪੁੱਤਰ ਨੂੰ ਮਿਲਣ ਦੀ ਇਜਾਜਤ ਦਿੱਤੀ ਗਈ। ਸਜ਼ਾ 13 ਜੂਨ ਨੂੰ ਸੁਣਾਈ ਜਾਵੇਗੀ। ਫੈਸਲੇ ਉਪਰੰਤ ਫਰਗੂਸਨ ਦੇ ਵਕੀਲ ਕੈਮਰਨ ਟੈਲੀ ਨੇ ਕਿਹਾ ਕਿ ਉਹ ਫੈਸਲੇ ਵਿਰੁੱਧ ਅਪੀਲ ਕਰਨਗੇ। ਉਨਾਂ ਕਿਹਾ ਕਿ ਮੈ ਜਿਊਰੀ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ ਪਰੰਤੂ ਇਸ ਦੇ ਨਾਲ ਹੀ ਅਸੀਂ ਜਾਣਦੇ ਹਾਂ ਕਿ ਜਿਊਰੀ ਹਮੇਸ਼ਾਂ ਸਹੀ ਨਹੀਂ ਹੁੰਦੀ।



# ਅਮੀਰਾਂ ਉਪਰ ਟੈਕਸ ਨਹੀਂ ਲਾਇਆ ਜਾਵੇਗਾ-ਰਾਸ਼ਟਰਪਤੀ ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੱਖਪਤੀਆਂ ਉਪਰ ਟੈਕਸ ਲਾਉਣ ਦੀ ਤਜਵੀਜ਼ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਅਜਿਹਾ ਕੀਤਾ ਤਾਂ ਉਹ ਦੇਸ਼ ਛੱਡ ਜਾਣਗੇ। ਉਨਾਂ ਆਪਣੇ ਵਾਲ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰਾ ਵਿਚਾਰ ਹੈ ਕਿ ਇਹ ਤਜਵੀਜ਼ ਪ੍ਰੇਸ਼ਾਨ ਕਰਨ ਵਾਲੀ ਹੈ ਕਿਉਂਕਿ ਕਈ ਅਮੀਰ ਦੇਸ਼ ਛੱਡ ਸਕਦੇ ਹਨ। ਇਸ ਲਈ ਜੇਕਰ ਪੈਸੇ ਦੀ ਥੋੜੀ ਬਹੁਤ ਹਾਨੀ ਹੁੰਦੀ ਹੈ ਤਾਂ ਝਲ ਲੈਣੀ ਚਾਹੀਦੀ ਹੈ। ਸਟੀਵ ਬੈਨਨ ਵਰਗੇ ਟਰੰਪ ਦੇ ਸਹਿਯੋਗੀਆਂ ਨੇ ਅਮੀਰਾਂ ਉਪਰ ਟੈਕਸ ਲਾਉਣ ਦਾ ਸਮਰਥਨ ਕੀਤਾ ਹੈ ਪਰੰਤੂ ਰਾਸ਼ਟਰਪਤੀ ਅਜਿਹਾ ਨਹੀਂ ਚਹੁੰਦੇ। ਟਰੰਪ ਦਾ ਕਹਿਣਾ ਹੈ ਕਿ ਆਮਦਨ ਟੈਕਸ ਦਾ ਬਦਲ ਟੈਰਿਫ ਬਣ ਸਕਦੇ ਹਨ। ਉਹ ਇਥੋਂ ਤੱਕ ਐਲਾਨ ਕਰ ਚੁੱਕੇ ਹਨ ਕਿ ਆਮਦਨ ਟੈਕਸ ਖਤਮ ਹੀ ਕਰ ਦਿੱਤਾ ਜਾਵੇਗਾ। ਦੂਸਰੇ ਪਾਸੇ ਆਰਥਿਕ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਦਰਾਮਦਾਂ ਉਪਰ ਵਧਾਏ ਟੈਰਿਫ ਤੋਂ ਆਮਦਨ ਘੱਟ ਹੋਵੇਗੀ ਪਰੰਤੂ ਮਹਿੰਗਾਈ ਵਧ ਜਾਣ ਕਾਰਨ ਇਸ ਦਾ ਘੱਟ ਆਮਦਨ ਵਾਲੇ ਲੋਕਾਂ ਉਪਰ ਬਹੁਤ ਬੁਰਾ ਅਸਰ ਪਵੇਗਾ। ਰਾਸ਼ਟਰਪਤੀ ਦਾ ਉਕਤ ਬਿਆਨ ਸੰਘੀ ਸਰਕਾਰ ਦੇ ਖਰਚ ਬਾਰੇ ਕਾਂਗਰਸ ਵਿਚ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਆਇਆ ਹੈ। ਡੈਮੋਕਰੈਟਸ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਮੀਰਾਂ ਨੂੰ ਫਾਇਦਾ ਪਹੁੰਚਾਉਣ ਲਈ ਟਰੰਪ ਦੀ ਟੈਕਸਾਂ ਵਿਚ ਕਟੌਤੀ ਦੀ ਯੋਜਨਾ ਹੈ ਜਦ ਕਿ ਉਹ ਕੰਮਕਾਜੀ ਵਰਗ ਲਈ ਸਰਕਾਰੀ ਖਰਚ ਵਿਚ ਕਟੌਤੀ ਕਰ ਰਹੇ ਹਨ।



# ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜੀ ਨਾਲ ਏਅਰ ਇੰਡੀਆ ਵੱਲੋਂ ਦਿੱਲੀ ਦੇ ਹਵਾਈ ਅੱਡੇ ਉਤੇ ਕੀਤੇ ਦੁਰ ਵਿਵਹਾਰ ਦੀ ਕਰੜੀ ਨਿੰਦਾ





**ਸੈਕਰਾਮੈਂਟੋ, ਕੈਲੀ-ਫੋਰਨੀਆ (ਹੁਸਨ ਲੜੋਆ ਬੰਗਾ)-** ਸ੍ਰੀ ਦਰਬਾਰ ਸਾਹਿਬ ਦੇ ਹੈਡ ਗੰਥੀ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜੀ ਨਾਲ ਏਅਰ ਇੰਡੀਆ ਵੱਲੋ ਦਿੱਲੀ ਦੇ ਇੰਦਰਾ ਗਾਂਧੀ ਅੰਤਰ ਰਾਸ਼ਟਰੀ ਹਵਾਈ ਅੱਡੇ ਉਤੇ ਕੀਤੇ ਦੁਰਵਿਵਹਾਰ ਦੀ ਵੱਖ ਵੱਖ ਸਿੱਖ ਸੰਸਥਾਵਾਂ ਨੇ ਸਖਤ ਨਿੰਦਾ ਕੀਤੀ ਹੈ ਗੁਰਦਵਾਰਾ ਸਾਹਿਬ ਵੈਸਟ ਸੈਕਰਾਮੈਂਟੋ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਕਿਹਾ ਕੇ ਸੈਕਰਾਮੈਂਟੋ ਤੇ ਰੋਜਵਿਲ ਚ ਹੋ ਰਹੇ ਗੁਰਮਿਤ ਸਮਾਗਮਾਂ ਵਿਚ ਸਿੰਘ ਸਾਹਿਬ ਦੀਆ ਸੰਗਤਾਂ ਉਡੀਕ ਕਰ ਰਹੀਆ ਸਨ ਬਿਜਨਸ ਕਲਾਸ ਦੀਆਂ ਟਿਕਟਾਂ ਹੋਣ ਦੇ ਬਾਵਜੂਦ ਉਨਾਂ ਨੂੰ ਗੰਦੀਆਂ ਸੀਟਾਂ ਦਿੱਤੀਆਂ ਗਈਆਂ ਤੇ ਜਲੀਲ ਕੀਤਾ ਗਿਆ। ਇਸ ਉਪਰੰਤ ਤੁਰੰਤ ਗੁਰਦਵਾਰਾ ਸਾਹਿਬ ਵੈਸਟ ਸੈਕਰਾਮੈਂਟੋ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਵਲੋਂ ਤੁਰੰਤ ਟਿਕਟਾਂ ਲੈ ਕੇ ਏਮਿਰੇਟਸ ਏਅਰ ਲਾਈਨਜ਼ ਵਿਚ ਉਹਨਾ ਦਾ ਆਉਣ ਦਾ ਪ੍ਰਬੰਦ ਕੀਤਾ ਗਿਆ ਹੈ ਉਹਨਾਂ ਸੰਗਤਾਂ ਨੂੰ ਏਅਰ ਇੰਡੀਆ ਦਾ ਬਾਈਕਾਟ ਕਰਨ ਦੀ ਵੀ ਅਪੀਲ ਕੀਤੀ ਉਹਨਾਂ ਦੱਸਿਆ ਕੇ ਜਲਦੀ ਹੀ ਵਕੀਲਾਂ ਨਾਲ ਸਲਾਹ ਕਰਕੇ ਏਅਰ ਲਾਈਨ ਤੇ ਮੁਕਦਮਾਂ ਠੋਕਿਆ ਜਾਵੇਗਾ। ਕੁਝ ਲੋਕ ਇਸ ਘਟਨਾ ਨੂੰ ਸਿਆਸਤ ਨਾਲ ਵੀ ਜੋੜ ਰਹੇ ਹਨ।

# ਟਰੰਪ ਪ੍ਰਸ਼ਾਸਨ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰਨ ਦੇ ਫੈਸਲੇ ਤੋਂ ਪਿੱਛੇ ਹਟਿਆ, ਵੀਜ਼ੇ ਹੋਣਗੇ ਬਹਾਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਟਰੰਪ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰਨ ਦੇ ਫੈਸਲੇ ਨੂੰ ਵਾਪਿਸ ਲੈ ਲੈਣ ਦੀ ਖਬਰ ਹੈ। ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਉਨਾਂ ਹਜਾਰਾਂ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਮੁੜ ਬਹਾਲ ਕਰ ਰਿਹਾ ਹੈ ਜਿਨਾਂ ਦੇ ਵੀਜ਼ੇ ਅਚਾਨਕ ਰੱਦ ਕਰ ਦਿੱਤੇ ਗਏ ਸਨ ਜਿਸ ਕਾਰਨ ਵਿਦਿਆਰਥੀਆਂ ਲਈ ਬੇਯਕੀਨੀ ਵਾਲੇ ਹਾਲਾਤ ਪੈਦਾ ਹੋ ਗਏ ਸਨ ਤੇ ਉਨਾਂ ਨੂੰ ਦੇਸ਼ ਨਿਕਾਲੇ ਦਾ ਡਰ ਵੱਢ ਵੱਢ ਖਾ ਰਿਹਾ ਸੀ। ਮੀਡੀਆ ਰਿਪੋਰਟ ਅਨੁਸਾਰ ਨਿਆਂ ਵਿਭਾਗ ਨੇ ਮਾਸਾਚੂਸੈਟਸ ਵਿਚ ਯੂ ਐਸ ਡਿਸਟ੍ਰਿਕਟ ਕੋਰਟ ਵਿੱਚ ਦਾਇਰ ਜਵਾਬ ਵਿਚ ਆਪਣੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਹੈ। ਫੈਡਰਲ ਸਟੂਡੈਂਟ ਐਕਸਚੇਂਜ ਐਂਡ ਵਿਜ਼ਟਰ ਇਨਫਰਮੇਸ਼ਨ ਸਿਸਟਮ (ਸੇਵਿਸ) ਵਿਚ ਵੀਜ਼ੇ ਰੱਦ ਕਰ ਦੇਣ ਬਾਰੇ ਸੂਚਨਾ ਮਿਲਣ ਜਾਂ ਈ ਮੇਲ ਰਾਹੀਂ ਜਾਣਕਾਰੀ ਮਿਲਣ ਉਪਰੰਤ ਬਹੁਤ ਸਾਰੇ ਮਾਮਲਿਆਂ ਵਿਚ ਯੁਨੀਵਰਸਿਟੀਆਂ ਨੇ ਵਿਦਿਆਰਥੀਆਂ ਨੂੰ ਤੁਰੰਤ ਚਲੇ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ। ਇਥੇ ਜਿਕਰਯੋਗ ਹੈ ਕਿ ਵੱਖ ਵੱਖ ਅਦਾਲਤਾਂ ਵਿਚ ਵਿਦਿਆਰਥੀਆਂ ਵੱਲੋਂ ਵੀਜ਼ਾ ਰੱਦ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ ਤੇ 100 ਤੋਂ ਵਧ ਪਟੀਸ਼ਨਾਂ ਅਦਾਲਤਾਂ ਵਿਚ ਸੁਣਵਾਈ ਅਧੀਨ ਹਨ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਅਸ਼ੋਕ ਬਾਂਸਲ ਦੀ ਪੁਸਤਕ "ਲੱਭ ਜਾਣਗੇ ਲਾਲ ਗੁਆਚੇ" ਫਰਿਜਨੋ 'ਚ ਲੋਕ ਅਰਪਿਤ



















**ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਪੰਜਾਬੀ ਗੀਤ ਸੰਗੀਤ ਦੇ, ਖ਼ਾਸਕਰ ਗੀਤਕਾਰਾਂ ਨਾਲ ਡਾਢਾ ਮੋਹ ਰੱਖਣ ਵਾਲੇ, ਪੰਜਾਬੀਅਤ ਨੂੰ ਪਰਣਾਏ ਹੋਏ ਸ਼੍ਰੀ ਅਸ਼ੋਕ ਬਾਂਸਲ ਮਾਨਸਾ ਅਜਕੱਲ ਆਪਣੀ ਕਨੇਡਾ-ਅਮੈਰਿਕਾ ਫੇਰੀ ਤੇ ਹਨ। ਉਹ ਇਸ ਫੇਰੀ ਦੌਰਾਨ ਜਿੱਥੇ ਆਪਣੇ ਚਾਹੁਣ ਵਾਲਿਆਂ ਨੂੰ ਮਿਲ ਰਹੇ ਹਨ, ਉਥੇ ਆਪਣੀ ਨਵੀਂ ਕਿਤਾਬ "ਲੱਭ ਜਾਣਗੇ ਲਾਲ ਗੁਆਚੇ" ਵੀ ਰਲੀਜ਼ ਕਰ ਰਹੇ ਹਨ। ਇਸੇ ਕੜੀ ਤਹਿਤ ਉਹਨਾਂ ਦੇ ਸਨਮਾਨ ਹਿਤ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਫਰਿਜ਼ਨੋ ਵਿਖੇ ਗਾਇਕ ਰਜੇਸ਼ ਰਾਜੂ ਦੇ ਪੀਜ਼ਾ ਟਵਿਸਟ ਰੈਸਟੋਰੈਂਟ ਵਿਖੇ ਕੀਤਾ ਗਿਆ। ਇਸ ਮੌਕੇ ਉਹਨਾਂ ਦੀ ਨਵੀਂ ਕਿਤਾਬ "ਲੱਭ ਜਾਣਗੇ ਲਾਲ ਗੁਆਚੇ" ਰਲੀਜ਼ ਕੀਤੀ ਗਈ। ਇਹ ਕਿਤਾਬ ਲਹਿੰਦੇ ਪੰਜਾਬ ਦੇ ਗੁਮਨਾਮ ਗੀਤਕਾਰਾਂ ਦੀ ਜ਼ਿੰਦਗੀ, ਰਚਨਾਵਾਂ ਅਤੇ ਉਨ੍ਹਾਂ ਦੇ ਸਾਹਿਤਕ ਯੋਗਦਾਨ ਨੂੰ ਉਜਾਗਰ ਕਰਦੀ ਹੈ। ਬਾਂਸਲ ਨੇ ਗੁੰਮ ਹੋ ਰਹੇ ਇਤਿਹਾਸ ਨੂੰ ਆਪਣੀ ਲਿਖਤ ਰਾਹੀਂ ਦੁਬਾਰਾ ਲੋਕਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਤੋਂ ਪਹਿਲਾਂ, ਉਨ੍ਹਾਂ ਦੀ ਕਿਤਾਬ "ਮਿੱਟੀ ਨੂੰ ਫਰੋਲ ਜੋਗੀਆ" ਵੀ ਵੱਡੀ ਪ੍ਰਸ਼ੰਸਾ ਹਾਸਲ ਕਰ ਚੁੱਕੀ ਹੈ, ਜਿਸ ਵਿੱਚ ਚੜਦੇ ਪੰਜਾਬ ਦੇ ਗੀਤਕਾਰਾਂ ਦੇ ਜੀਵਨ ਅਤੇ ਰਚਨਾਤਮਕ ਸਫਰ ਨੂੰ ਬੜੀ ਖੋਜ ਅਤੇ ਸੂਝ-ਬੂਝ ਨਾਲ ਪੇਸ਼ ਕੀਤਾ ਗਿਆ ਸੀ। ਦੋਵੇਂ ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ, ਅਸ਼ੋਕ ਬਾਂਸਲ ਨੇ ਆਖਿਆ ਕਿ ਇਹ ਲਿਖਤਾਂ ਸਿਰਫ਼ ਕਿਤਾਬਾਂ ਨਹੀਂ, ਸਗੋਂ ਪੰਜਾਬੀ ਗੀਤਕਲਾ ਦੇ ਅਣਛੂਹੇ ਪੱਖਾਂ ਦੀ ਵਕਾਲਤ ਹਨ। ਸਮਾਰੋਹ ਵਿੱਚ ਹਾਜ਼ਰੀ ਲਗਵਾਉਣ ਵਾਲੇ ਸਾਹਿਤਕ ਅਤੇ ਕਲਾਤਮਕ ਸ਼ਖਸੀਅਤਾਂ ਨੇ ਉਨ੍ਹਾਂ ਦੇ ਕੰਮ ਨੂੰ ਭਰਪੂਰ ਸਲਾਹਿਆ ਅਤੇ ਕਿਹਾ ਕਿ ਪੰਜਾਬੀ ਸਾਹਿਤ-ਪ੍ਰੇਮੀਆਂ ਲਈ ਇਹ ਕਿਤਾਬ ਇੱਕ ਮੀਲ ਪੱਥਰ ਸਾਬਤ ਹੋਵੇਗੀ। ਇਸ ਮੌਕੇ ਸ਼ਾਇਰ ਹਰਜਿੰਦਰ ਕੰਗ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਪ੍ਰਸਿੱਧ ਲੇਖਕ ਤੇ ਖੋਜਕਾਰੀ ਰੂਹ ਅਸ਼ੋਕ ਬਾਂਸਲ ਮਾਨਸਾ ਦੀ ਨਵੀਨਤਮ ਪੁਸਤਕ "ਲੱਭ ਜਾਣਗੇ ਲਾਲ ਗੁਆਚੇ" ਇੱਕ ਐਸਾ ਖੋਜ ਭਰਪੂਰ ਕਾਰਜ ਅਸ਼ੋਕ ਬਾਂਸਲ ਨੇ ਕਰ ਵਿਖਾਇਆ ਜਿਸਨੂੰ ਆਉਣ ਵਾਲੀਆਂ ਪੀੜ੍ਹੀਆਂ ਇੱਕ ਜਾਣਕਾਰੀ ਦੇ ਸ੍ਰੋਤ ਦੇ ਤੌਰ ਤੇ ਪੜ੍ਹਿਆਂ ਕਰਨਗੀਆਂ । ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਸ਼ਾਇਰ ਦਿਲਾਵਰ ਚਾਹਲ, ਸ਼ਾਇਰ ਰਣਜੀਤ ਗਿੱਲ, ਲੇਖਕ ਸਾਧੂ ਸਿੰਘ ਸੰਘਾ, ਹੈਰੀ ਮਾਨ, ਸੰਤੋਖ ਮਨਿਹਾਸ, ਅਵਤਾਰ ਗੁਦਾਰਾ, ਸ਼ਾਇਰ ਸੁੱਖੀ ਧਾਲੀਵਾਲ , ਮਲਕੀਤ ਸਿੰਘ ਕਿੰਗਰਾ, ਦਿਲਬਾਗ ਬੰਗੜ, ਡਾ. ਅਰਜਨ ਸਿੰਘ ਜੋਸ਼ਨ ਆਦਿ ਸ਼ਾਮਲ ਸਨ। ਇਸ ਉਪਰੰਤ ਗਾਇਕ ਪੱਪੀ ਭਦੌੜ, ਬੀਬਾ ਦਿਲਪ੍ਰੀਤ ਕੌਰ, ਧਰਮਵੀਰ ਥਾਂਦੀ, ਨਿਰਮਲਜੀਤ ਸਿੰਘ ਨਿੰਮਾ, ਰਜੇਸ਼ ਰਾਜੂ, ਕਮਲਜੀਤ ਬੈਨੀਪਾਲ ਆਦਿ ਨੇ ਆਪਣੇ ਪੁਰਾਣੇ ਗੀਤਾਂ ਨਾਲ ਖੂਬ ਰੰਗ ਬੰਨਿਆ। ਇਸ ਮੌਕੇ ਦਿਲਾਵਰ ਚਾਹਲ ਨੇ ਅਸ਼ੋਕ ਬਾਂਸਲ ਮਾਨਸਾ ਲਈ ਇੱਕ ਹਜ਼ਾਰ ਡਾਲਰ ਮੱਦਦ ਦੇਣ ਦਾ ਐਲਾਨ ਕੀਤਾ। ਕਾਰੋਬਾਰੀ ਜਸਵੀਰ ਸਰਾਏ ਨੇ ਰੈਸਟੋਰੈਂਟ ਦਾ ਸਾਰਾ ਖਰਚ ਚੱਕਿਆ। ਇਸ ਸਮਾਗਮ ਵਿੱਚ ਫਰਿਜਨੋ ਏਰੀਏ ਦੇ ਹੋਰ ਵੀ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ, ਜਿਨ੍ਹਾਂ ਦਿਲ ਖੋਲਕੇ ਅਸ਼ੋਕ ਬਾਂਸਲ ਮਾਨਸਾ ਦੀ ਮੱਦਦ ਕੀਤੀ। ਅਖੀਰ ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਕਰਮਨ ਵੱਲੋਂ ਸਥਾਨਕ ਸਕੂਲਾਂ ਦੇ ਬੱਚਿਆਂ ਦੀ ਸਕਾਲਰਸ਼ਿਪ ਲਈ ਫੰਡ ਇਕੱਤਰਤਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਊੱਭੀ ਧਾਲੀਆਂ):** ਕੈਲੇਫੋਰਨੀਆ ਦੇ ਸਕੂਲਾਂ ਦੇ ਵਿਦਿਅਕ ਸਮੈਸਟਰ ਆਪਣੇ ਅੰਤਮ ਪੜਾਅ ਵੱਲ ਵੱਧ ਰਹੇ ਹਨ। ਇਸ ਉਪਰੰਤ ਹਾਈ ਸਕੂਲਾਂ ਤੋਂ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੇ ਆਪਣੀ ਉੱਚ ਸਿੱਖਿਆ ਲਈ ਬਾਹਰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣਾ ਹੈ। ਇਸੇ ਗੱਲ ਨੂੰ ਮੱਦੇਨਜ਼ਰ ਰੱਖਦੇ ਹੋਏ ਸ਼ੈਂਟਰਲ ਵੈਲੀ ਦੇ ਸ਼ਹਿਰ ਕਰਮਨ ਦੇ ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਵੱਲੋ ਯੋਗ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਸ਼ਹਿਰ ਕਰਮਨ ਨਜ਼ਦੀਕੀ, ਕਸਬਾ ਬਾਉਲਾ ਵਿਖੇ ਫੰਡ ਇਕੱਤਰ ਕੀਤਾ ਗਿਆ। ਜਿੱਥੇ ਵੱਖ-ਵੱਖ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਆਪਣੇ ਵੱਲੋਂ ਹਿੱਸਾ ਪਾਇਆ। ਇਸੇ ਦੌਰਾਨ ਪੰਜਾਬੀ ਭਾਈਚਾਰੇ ਦੀ ਪ੍ਰਤੀਨਿਧਤਾ ਕਰਦੇ ਹੋਏ ਗੁਲਬਿੰਦਰ ਗੈਰੀ ਢੇਸੀ, ਸਤਬੀਰ ਹੀਰ, ਰਣਮੇਘ ਢੇਸੀ, ਕੁਲਵੰਤ ਊੱਭੀ ਧਾਲੀਆਂ, ਗਾਇਕ ਅਵਤਾਰ ਗਰੇਵਾਲ, ਅੰਤਰ-ਰਾਸ਼ਟਰੀ ਖਿਡਾਰੀ ਗੁਰਬਖਸ਼ ਸਿੰਘ ਸਿੱਧੂ ਅਤੇ ਹੋਰ ਬਹੁਤ ਸਾਰੇ ਸੱਜਣਾਂ ਨੇ ਮਾਇਕ ਸਹਾਇਤਾ ਸਮੇਤ ਹਾਜ਼ਰੀ ਭਰੀ। ਇਸ




ਸਮੇਂ ਹਾਜ਼ਰੀਨ ਲਈ ਬਹੁਤ ਸਾਰੀਆਂ ਖੇਡਾਂ ਅਤੇ ਰੈਫਲ ਵੀ ਕੱਢੇ ਗਏ।

ਇਸ ਪ੍ਰੋਗਰਾਮ ਵਿੱਚ ਫਾਇਰ ਵਿਭਾਗ ਤੋਂ ਇਲਾਵਾ ਰੋਟਰੀ ਕਲੱਬ, ਪੁਲਿਸ ਵਿਭਾਗ ਅਤੇ ਹੋਰ ਸਥਾਨਕ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਫੰਡ ਇਕੱਤਰਤਾਂ ਦੀ ਸਾਰੀ ਰਾਸ਼ੀ ਉਨ੍ਹਾਂ ਬੱਚਿਆਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦੀ ਪ੍ਰਾਪਤ ਅਰਜ਼ੀਆਂ ਦੇ ਆਧਾਰ ਉੱਤੇ ਯੋਗਤਾ ਪੂਰੀ ਹੋਵੇਗੀ।

ਬੱਚਿਆਂ ਦੀ ਮਦਦ ਕਰਨ ਲਈ ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਦੇ ਨਾਲ ਸ਼ਾਮਲ ਹੋਣ ਵਾਲੇ ਪੰਜਾਬੀ ਭਾਈਚਾਰੇ ਦਾ "ਸਿੱਖ ਬ੍ਰਦਰਜ਼" ਨਾਂ ਹੇਠ ਇਹ ਪਹਿਲਾ ਸਾਲ ਸੀ। ਇਸ ਤੋਂ ਪਹਿਲਾਂ ਵੀ ਨਿੱਜੀ ਤੌਰ ਤੇ ਪੰਜਾਬੀ ਭਾਈਚਾਰੇ ਵੱਲੋਂ ਹਰ ਸਾਲ ਬੱਚਿਆਂ ਦੀ ਸਕਾਲਰਸ਼ਿਪ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦਾ ਰਿਹਾ ਹੈ। ਅੰਤ ਰਾਤ ਦੇ ਖਾਣੇ ਅਤੇ ਅਗਲੇ ਸਾਲ ਤੋਂ ਹੋਰ ਵੀ ਵਧੇਰੇ ਉਪਰਾਲੇ ਕਰਨ ਦੇ ਵਾਅਦੇ ਨਾਲ ਇਹ ਪ੍ਰੋਗਰਾਮ ਸਫਲਤਾ ਪੂਰਵਕ ਸਮਾਪਤ ਹੋ ਗਿਆ।

# ਲੇਬਰ ਡੇ ਸੰਮੇਲਨ ਵਿਚ ਜੁਗਾੜੂ ਰੇਹੜਾ ਯੂਨੀਅਨ ਪਹੁੰਚੇਗੀ ਕਾਫਲੇ ਬੰਨ੍ਹਕੇ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਇਫਟੂ ਵਲੋਂ ਪਹਿਲੀ ਮਈ ਨੂੰ ਵਿਸ਼ਵਕਰਮਾ ਮੰਦਰ ਨਵਾਂਸ਼ਹਿਰ ਵਿਖੇ ਕੀਤੇ ਜਾ ਰਹੇ ਕਿਰਤੀ ਸੰਮੇਲਨ ਵਿਚ ਜੁਗਾੜੂ ਰੇਹੜਾ ਵਰਕਰ ਯੂਨੀਅਨ ਸ਼ਮੂਲੀਅਤ ਕਰੇਗੀ।ਇਸਦੀ ਤਿਆਰੀ ਸਬੰਧੀ ਯੂਨੀਅਨ ਦੀ ਮੀਟਿੰਗ ਨਵਾਂਸ਼ਹਿਰ ਵਿਖੇ ਜਿਲਾ ਪ੍ਰਧਾਨ ਨਿੱਕੂ ਰਾਮ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਇਫਟੂ ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਅਤੇ ਨਿੱਕੂ ਰਾਮ ਨੇ ਕਿਹਾ ਕਿ ਮਈ ਦਿਹਾੜੇ ਦੇ ਸ਼ਹੀਦਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮਜਦੂਰ ਵਰਗ ਲਈ ਇਹ ਸੱਭਤੋਂ ਵਧ ਇਤਿਹਾਸਕ ਮਹੱਤਤਾ ਵਾਲਾ ਦਿਨ ਹੈ। ਇਸ ਮੌਕੇ ਬੀਰ ਬਹਾਦਰ ਨੇ ਵੀ ਵਿਚਾਰ ਪ੍ਰਗਟਾਏ।

# ਅੰਬੇਡਕਰ ਭਵਨ 'ਚ 134 ਬੂਟੇ ਫਰੀ ਵੰਡ ਕੇ ਮਨਾਇਆ ਬਾਬਾ ਸਾਹਿਬ ਡਾ. ਅੰਬੇਡਕਰ ਦਾ 134ਵਾਂ ਜਨਮ ਦਿਨ

**ਜਲੰਧਰ-** ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਜੀ ਦਾ 134ਵਾਂ ਜਨਮਦਿਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ ,ਜਲੰਧਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ, ਧੂਮ ਧਾਮ ਨਾਲ ਵਿਸ਼ਾਲ ਪੱਧਰ ਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ 134 ਬੂਟੇ ਬਾਬਾ ਸਾਹਿਬ ਦੇ ਸ਼ਰਧਾਲੂਆਂ ਨੂੰ ਫਰੀ ਵੰਡ ਕੇ ਮਨਾਇਆ ਗਿਆ। ਇਹ ਬੂਟੇ ਮੁੱਖ ਮਹਿਮਾਨ ਹੰਸ ਰਾਜ ਸਾਂਪਲਾ ਯੂਕੇ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਦੀ ਅਗਵਾਈ ਵਿੱਚ ਸਰਬ ਸ਼੍ਰੀ ਸਤਨਾਮ ਸਿੰਘ ਬਧਾਵਨ ਆਈਐਫਐਸ (ਰਿਟਾ.), ਫੋਰਮਰ ਪ੍ਰਿੰਸੀਪਲ ਚੀਫ ਕੰਜਰਵੇਟਰ ਆਫ ਫੋਰੈਸਟ, ਗਵਰਮੈਂਟ ਆਫ ਝਾਰਖੰਡ ਅਤੇ ਸਤਿਆਜੀਤ ਅਤਰੀ, ਐਕਸੀਅਨ ਪੰਜਾਬ ਸਟੇਟ ਪਲਿਊਸ਼ਨ ਕੰਟਰੋਲ ਬੋਰਡ ਮਨਵਿੰਦਰ ਹੁੰਡਲ, ਐਸਡੀ ਪੰਜਾਬ ਸਟੇਟ ਪਲਿਊਸ਼ਨ ਕੰਟਰੋਲ ਬੋਰਡ ਅਤੇ ਗੁਰਮੀਤ ਚੋਪੜਾ ਜੇਈ ਪੰਜਾਬ ਸਟੇਟ ਪਲਿਊਸ਼ਨ ਕੰਟਰੋਲ ਬੋਰਡ ਦੁਆਰਾ ਬਾਬਾ ਸਾਹਿਬ ਦੇ ਸ਼ਰਧਾਲੂਆਂ ਨੂੰ ਫਰੀ ਵੰਡੇ ਗਏ। ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਅੰਬੇਡਕਰ ਭਵਨ ਟਰੱਸਟ (ਰਜਿ.) ਨੇ ਉਪਰੋਕਤ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ, ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ, ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ, ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸੋਹਨ ਲਾਲ, ਜਨਰਲ ਸਕੱਤਰ ਡਾ. ਜੀ. ਸੀ. ਕੌਲ, ਟਰੱਸਟੀ ਸਾਹਿਬਾਨ ਡਾ. ਰਾਹੁਲ ਬਾਲੀ, ਹਰਮੇਸ਼ ਜਸਲ, ਕਮਲਸ਼ੀਲ ਬਾਲੀ ਅਤੇ ਡਾ। ਮਹਿੰਦਰ ਸੰਧੂ, ਡਾ. ਚਰਨਜੀਤ ਸਿੰਘ ਐਮ ਐਸ (ਔਰਥੋ), ਹਰੀ ਸਿੰਘ ਥਿੰਦ, ਗੌਤਮ ਸਾਂਪਲਾ, ਮੈਡਮ ਮੰਜੂ, ਸੁਰਜੀਤ ਰਾਣੀ, ਕਵਿਤਾ ਢਾਂਡੇ ਅਤੇ ਹੋਰ ਕਈ ਸਾਥੀ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।




Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

## ਪੰਜਾਬ ਚੇਤਨਾ ਮੰਚ ਵੱਲੋਂ "ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ" ਵਿਸ਼ੇ 'ਤੇ ਸੈਮੀਨਾਰ 24 ਨੂੰ



**ਫਗਵਾੜਾ (ਬੀ. ਕੇ. ਰੱਤੂ)** ਦੇਸ਼ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੰਜਾਬ ਚੇਤਨਾ ਮੰਚ ਵੱਲੋਂ "ਦੇਸ਼ ਅਸਾਡਾ ਕਿਥੋਂ ਕਿਥੇ ਪਹੁੰਚ ਗਿਆ" ਵਿਸ਼ੇ 'ਤੇ ਇੱਕ ਮਹੱਤਵਪੂਰਨ ਸੈਮੀਨਾਰ 24 ਮਈ 2025 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕਰਵਾਉਣ ਦਾ ਫ਼ੈਸਲਾ ਮੰਚ ਪ੍ਰਧਾਨ ਡਾ। ਲਖਵਿੰਦਰ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਹੋਈ ਮੰਚ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਵਿੱਚ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਜੱਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ, ਸਕੱਤਰ ਦੁਆਬਾ ਜ਼ੋਨ ਰਵਿੰਦਰ ਚੋਟ ਸ਼ਾਮਲ ਹੋਏ। ਇਹ ਸੈਮੀਨਾਰ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹੋਰ ਜੱਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਜਾਏਗਾ ਅਤੇ ਪ੍ਰਸਿੱਧ ਚਿੰਤਕ ਆਸ਼ੂਤੋਸ਼ ਦਿੱਲੀ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਚਿੰਤਕ ਕਾਹਨ ਸਿੰਘ ਪੰਨੂ, ਡਾ. ਸੁੱਚਾ ਸਿੰਘ ਗਿੱਲ, ਡਾ. ਰਣਜੀਤ ਸਿੰਘ ਘੁੰਮਣ, ਮੰਗਤ ਰਾਮ ਪਾਸਲਾ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਿਆ ਗਿਆ ਹੈ। ਉਪਰੋਕਤ ਵਿਸ਼ੇ 'ਤੇ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਕੁੰਜੀਵਤ ਭਾਸ਼ਨ ਨਾਲ ਸੈਮੀਨਾਰ ਦਾ ਆਰੰਭ ਕਰਨਗੇ।

## ਸਤਲੁਜ ਦਰਿਆ ਅਤੇ ਬਿਸਤ ਦੁਆਬ ਨਹਿਰ 'ਚ ਨਹਾਉਣ ਦੀ ਮਨਾਹੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਦੀ ਹਦੂਦ ਅੰਦਰ ਪੈਂਦੇ ਦਰਿਆ ਸਤਲੁਜ ਅਤੇ ਬਿਸਤ ਦੁਆਬ ਨਹਿਰ 'ਚ ਨਹਾਉਣ 'ਤੇ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਨਾਲ ਇਹ ਮਨਾਹੀ ਇਨ੍ਹਾਂ ਦੋਵਾਂ ਥਾਂਵਾਂ 'ਤੇ ਨਹਾਉਣ ਵਾਲਿਆਂ ਦੇ ਡੂੰਘੇ ਪਾਣੀ 'ਚ ਜਾਣ ਅਤੇ ਪਾਣੀ ਵਿਚ ਡੁੱਬਣ ਨਾਲ ਹੋਈਆਂ ਅਣਸੁਖਾਵੀਂਆਂ ਘਟਨਾਵਾਂ ਦੇ ਮੱਦੇਨਜ਼ਰ ਕੀਤੀ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਕਾਰਨ ਪਰਿਵਾਰ ਦੇ ਨਾਲ–ਨਾਲ ਜ਼ਿਲ੍ਹਾ ਪ੍ਰਸ਼ਾਸਨ ਵੀ ਦੁੱਖ ਮਹਿਸੂਸ ਕਰਦਾ ਹੈ, ਜਿਸ ਲਈ ਇਹ ਰੋਕ ਲਾਈ ਜਾਣੀ ਜ਼ਰੂਰੀ ਹੈ।

## ਫਗਵਾੜਾ ਪੱਤਰਕਾਰ ਸੰਗਠਨ ਫਗਵਾੜਾ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾ 'ਚ ਕੀਤੀ ਨਿੰਦਾ

### ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਸੈਲਾਨੀਆਂ ਨੂੰ ਕੀਤੀ ਸ਼ਰਧਾਂਜਲੀ ਭੇਟ



**ਫਗਵਾੜਾ (ਬੀ.ਕੇ. ਰੱਤੂ)** ਪਹਿਲਗਾਮ ਵਿੱਚ ਬੀਤੇ ਦਿਨੀਂ ਵਾਪਰੇ ਇੱਕ ਅਤਿ ਦੁੱਖਦਾਇਕ ਘਟਨਾਕ੍ਰਮ ਦੇ ਰੋਸ ਵਿੱਚ ਆਪਣਾ ਦੁੱਖ ਪ੍ਰਗਟ ਕਰਨ ਲਈ ਫਗਵਾੜਾ ਪੱਤਰਕਾਰ ਸੰਗਠਨ ਰਜਿ। ਫਗਵਾੜਾ ਦੀ ਜ਼ਰੂਰੀ ਮੀਟਿੰਗ ਪ੍ਰਧਾਨ ਡਾ। ਰਮਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੁਸ਼ੀਲ ਸ਼ਰਮਾ, ਕੁਲਦੀਪ ਸਿੰਘ ਨੂਰ, ਮੋਹਿਤ ਸ਼ਰਮਾ, ਨਰਿੰਦਰਪਾਲ ਸਿੰਘ ਮਾਹੀ, ਕਮਲਦੀਪ ਸਿੰਘ, ਜੀਵਨ ਸੰਘਾ, ਪ੍ਰਵੀਨ ਕਨੌਜੀਆ, ਜਸਵਿੰਦਰ ਸਿੰਘ ਭਗਤਪੁਰਾ, ਅਜੇ ਕੋਛੜ, ਰਾਮਮੂਰਤੀ ਲਾਲੀ, ਆਦਿ ਨੇ ਬੀਤੀ 22 ਅਪ੍ਰੈਲ ਨੂੰ ਜੰਮੂ ਕਸ਼ਮੀਰ ਦੇ ਜ਼ਿਲ੍ਹੇ ਅੰਦਰ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਪਰੋਕਤ ਬੁਲਾਰਿਆਂ ਨੇ ਹਾਜ਼ਰੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੰਮੂ ਕਸ਼ਮੀਰ ਦੇ ਮਿੰਨੀ ਸਵਿਟਰਜ਼ਲੈਂਡ ਵਜੋਂ ਜਾਣੇ ਜਾਂਦੇ ਜਿੱਥੇ ਕੁਦਰਤੀ ਦੇ ਵਰੋਸਾਏ ਸਵਰਗ ਦੀ ਗੋਦ ਦਾ ਆਨੰਦ ਮਾਣਦੇ ਬੇਕਸੂਰ ਲੋਕਾਂ ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਲਾਸ਼ਾਂ ਦੇ ਢੇਰ ਵਿੱਚ ਬਦਲ ਦੇਣਾ ਇੱਕ ਅਕਹਿ ਅਸਹਿ ਬਹੁਤ ਦੁੱਖਦਾਈ ਘਟਨਾ ਹੈ, ਜਿਸ ਨਾਲ ਹਰ ਇਨਸਾਫ਼ ਪਸੰਦ ਵਿਅਕਤੀ ਦਾ ਹਿਰਦਾ ਵਲੂੰਧਰਿਆ ਗਿਆ ਹੈ।ਉਨ੍ਹਾਂ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਸਰਕਾਰ ਪਾਸੋਂ ਮੰਗ ਕਰਦਿਆ ਦੋਸ਼ੀਆਂ ਖਿਲਾਫ ਸਖਤ ਢੁੱਕਵੀਂ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਫਗਵਾੜਾ ਪੱਤਰਕਾਰ ਸੰਗਠਨ ਦੇ ਅਹੁਦੇਦਾਰਾਂ ਨੇ ਭਾਰਤ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਪੀੜਤ ਪਰਿਵਾਰਾਂ ਨੂੰ ਆਰਥਿਕ ਮੱਦਦ ਕਰਨ ਦੇ ਨਾਲ–ਨਾਲ ਪੀੜਤ ਪਰਵਾਰਾਂ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ ਤਾਂ ਜੋ ਜਿਨ੍ਹਾਂ ਪਰਿਵਾਰਾਂ ਦੇ ਕਮਾਈ ਦੇ ਸਰੋਤ ਖਤਮ ਹੋ ਗਏ ਹਨ ਉਹ ਸਰਕਾਰ ਦੀ ਸਹਾਇਤਾ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਸਹੀ ਢੰਗ ਨਾਲ ਕਰ ਸੱਕਣ। ਇਸ ਮੌਕੇ ਹਮਲੇ ਵਿੱਚ ਸ਼ਹੀਦ ਹੋਏ ਨਿਰਦੋਸ਼ ਮ੍ਰਿਤਕਾਂ ਲਈ ਦੋ ਮਿੰਟ ਦਾ ਮੌਨ ਰੱਖ ਭਾਵਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ।

## ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ

**ਮਾਹਿਲਪੁਰ (ਮਾਨ)** ਸੁਰ ਸੰਗਮ ਵਿੱਦਿਅਕ ਟਰੱਸਟ (ਰਜਿ.) ਮਾਹਿਲਪੁਰ (ਹੁਸ਼ਿਆਰਪੁਰ) ਪਿਛਲੇ ਤਿੰਨ ਦਹਾਕਿਆਂ ਤੋਂ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਸ਼ਾਮਿਲ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਰਾਹੀਂ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜ ਕੇ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਨ ਵਿੱਚ ਜੁਟਿਆ ਹੋਇਆ ਹੈ। ਟਰੱਸਟ ਦੇ ਪ੍ਰਧਾਨ ਅਤੇ ਰਸਾਲੇ ਦੇ ਮੁੱਖ ਸੰਪਾਦਕ ਬਲਜਿੰਦਰ ਮਾਨ ਨੇ ਦੱਸਿਆ ਕਿ ਅਦਾਰੇ ਵੱਲੋਂ ਆਪਣੇ ਪਰਉਪਕਾਰੀ ਕਾਰਜਾਂ ਵਿੱਚ ਵਾਧਾ ਕਰਦਿਆਂ ਇਸ ਸਾਲ ਤੋਂ ਪੁਸਤਕ ਸੱਭਿਆਚਾਰ ਦੀ ਪ੍ਰਫੁਲਤਾ ਵਾਸਤੇ ਇਲਾਕੇ ਦੇ ਸਕੂਲਾਂ ਵਿੱਚ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦੀ ਯੋਜਨਾ ਉਲੀਕੀ ਗਈ ਹੈ। ਜਿਸ ਤਹਿਤ ਵਿਦਿਆਰਥੀਆਂ ਨੂੰ ਉਮਰ ਗੁੱਟ ਅਨੁਸਾਰ



ਦਿਲਚਸਪ, ਵੰਨ–ਸੁਵੰਨੀਆਂ ਰੌਚਕ ਅਤੇ ਜਾਣਕਾਰੀ ਭਰਪੂਰ ਪੁਸਤਕਾਂ ਅੱਧੇ ਮੁੱਲ ਤੇ ਮੁਹੱਈਆ ਕੀਤੀਆਂ ਜਾਣਗੀਆਂ। ਟਰੱਸਟ ਦੀ ਹੋਈ ਵਿਸ਼ੇਸ਼ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਜਿਹੜੇ ਪੰਜਾਬੀ ਪ੍ਰੇਮੀ ਸਕੂਲ ਅਧਿਆਪਕ ਅਤੇ ਸਕੂਲ ਮੁਖੀ ਆਪਣੇ ਸਕੂਲਾਂ ਵਿੱਚ ਪੁਸਤਕ ਪ੍ਰਦਰਸ਼ਨੀ ਲਗਾਉਣੀ ਚਾਹੁੰਦੇ ਹਨ ਉਹ 98150–18947, 77078–18947 ਨੰਬਰਾਂ ਤੇ ਸੰਪਰਕ ਕਰ ਸਕਦੇ ਹਨ। ਇਸ ਮੀਟਿੰਗ ਵਿੱਚ ਅਸ਼ੋਕ ਪੁਰੀ, ਬੀ ਐਸ ਬੱਲੀ, ਚੈਂਚਲ ਸਿੰਘ ਬੈਂਸ, ਪਵਨ ਸਕਰੂਲੀ, ਹਰਮਨਪ੍ਰੀਤ ਕੌਰ, ਹਰਵੀਰ ਮਾਨ, ਪ੍ਰਿੰ. ਮਨਜੀਤ ਕੌਰ, ਨਿਧੀ ਅਮਨ ਸਹੋਤਾ, ਮਨਜਿੰਦਰ ਹੀਰ ਅਤੇ ਨਰਿੰਦਰ ਸਿੰਘ ਆਦਿ ਨੇ ਭਾਗ ਲਿਆ। ਉਹਨਾਂ ਕਿਹਾ ਕਿ ਇਹਨਾ ਯਤਨਾਂ ਨਾਲ ਬੱਚਿਆਂ ਦੀ ਸੋਚ ਰਚਨਾਤਮਕ ਅਤੇ ਸਮੇਂ ਦੀ ਹਾਣੀ ਬਣੇਗੀ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust



ਮੁਹੱਲਾ ਨਗਰ, ਪਿੰਡ ਦਾਤਾਰਪੁਰ ਨੇੜੇ ਕਮਾਹੀ ਦੇਵੀ ਵਿਧਾਨ ਸਭਾ ਹਲਕਾ ਦਸੂਹਾ ਜ਼ਿਲਾ ਹੁਸ਼ਿਆਰਪੁਰ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜੀ ਦਾ 134ਵਾਂ ਜਨਮ ਦਿਹਾੜਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਭਗਵਾਨ ਸਿੰਘ ਚੌਹਾਨ ਅਤੇ ਮੁੱਖ ਬੁਲਾਰੇ ਵਜੋਂ ਸਰਦਾਰ ਅਮਨਦੀਪ ਸਿੰਘ ਸਿੱਧੂ ਬਾੜੀਆਂ ਕਲਾਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਬਾਬਾ ਸਾਹਿਬ ਅੰਬੇਡਕਰ ਜੀ ਦੀ ਪ੍ਰਤਿਮਾ ਅੱਗੇ ਨਮਨ ਕੀਤਾ ਗਿਆ ਤੇ ਫੁੱਲ ਮਾਲਾ ਅਰਪਿਤ ਕੀਤੀ ਗਈ। ਉਪਰੰਤ ਬਾਬਾ ਸਾਹਿਬ ਡਾਕਟਰ ਭੀਮ ਰਾ ਅੰਬੇਡਕਰ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਚਾਨਣਾ ਪਾਇਆ। ਇਸ ਮੌਕੇ ਪਿੰਡ ਦੇ ਬੱਚਿਆਂ ਕਵਿਤਾਵਾਂ, ਜੀਵਨ ਦੀ ਗਾਥਾ ਬਾਰੇ ਵਿਚਾਰ ਪੇਸ਼ ਕੀਤੇ। ਸਮੂਹ ਨਗਰ ਨਿਵਾਸੀਆਂ ਵਿੱਚ ਭਾਰੀ ਉਤਸਾਹ ਵੇਖਣ ਨੂੰ ਮਿਲਿਆ ਅਤੇ ਪਿੰਡ ਵਾਸੀਆਂ ਨੇ ਪ੍ਰਣ ਕੀਤਾ ਕਿ ਅਸੀਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਦੱਸੇ ਹੋਏ ਮਾਰਗ ਤੇ ਚੱਲਾਂਗੇ। ਇਸ ਪ੍ਰੋਗਰਾਮ ਦੇ ਸਟੇਜ ਸਕੱਤਰ ਦੀ ਭੂਮਿਕਾ ਰਾਜ਼ੇਸ਼ ਜੀ ਵੱਲੋਂ ਨਿਭਾਈ ਗਈ। ਅਤੇ ਸਕੂਲ ਵਿੱਚੋਂ ਅੱਬਲ ਆਏ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ ਆਪਣਾ ਬਣਦਾ ਯੋਗਦਾਨ ਪਾਉਣਾ ਲਈ ਕੱਲ੍ਹ 04 ਘੰਟੇ ਦੀ ਆਪ ਡਰਾਈਵ ਕਰਕੇ ਲੋਕਾਂ ਨੂੰ ਫੂਲੇ ਸ਼ਾਹੂ ਅੰਬੇਡਕਰ ਮੂਵਮੇਂਟ ਬਾਰੇ ਸੁਚੇਤ ਕੀਤਾ। ਉਸ ਮੌਕੇ ਦੀਆਂ ਤਸਵੀਰਾਂ।

# ਚੰਗੇ ਸਮਾਜ ਦੀ ਸਿਰਜਣਾ ਲਈ ਬਾਬਾ ਸਾਹਿਬ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ - ਜਸਵੀਰ ਸਿੰਘ ਗੜ੍ਹੀ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਚੰਗੇ ਸਮਾਜ ਦੀ ਸਿਰਜਣਾ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾ ਅੰ-ਬੇਡਕਰ ਸਾਹਿਬ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ ਹੈ। ਇਹ ਪ੍ਰਗਟਾਵਾ ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਜਸਵੀਰ ਸਿੰਘ ਗੜ੍ਹੀ ਨੇ ਬਲਾਚੌਰ ਦੇ ਪਿੰਡ ਮਹਿੰਦੀਪੁਰ ਵਿਖੇ ਡਾ. ਬੀ. ਆਰ ਅੰਬੇਡਕਰ ਵੈਲਫੇਅਰ ਸੁਸਾਇਟੀ (ਰਜਿ:) ਮਹਿੰਦੀਪੁਰ ਅਤੇ ਸਤਿਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਮਹਿੰਦੀਪੁਰ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਦੇ 134ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕਾ ਬਲਾਚੌਰ ਸੰਤੋਸ਼ ਕਟਾਰੀਆ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਦੋਂ ਤੱਕ ਸਮਾਜ ਦੇ ਵਿਚੋਂ ਜਾਤ ਆਧਾਰਿਤ ਵਿਤਕਰੇ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਦੋਂ ਤੱਕ ਅਸੀਂ ਚੰਗੇ ਸਮਾਜ ਦੀ ਕਲਪਨਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਨੇ 'ਪੜ੍ਹੋ-ਜੁੜੋ-ਸੰਘਰਸ਼ ਕਰੋ' ਦਾ ਇਕ ਬਹੁਤ ਹੀ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਹੈ, ਪਰ ਅਸੀਂ ਸਾਰੇ ਹੀ ਅੱਜ ਤੱਕ ਇਸ ਸੰਦੇਸ਼ 'ਤੇ ਅਮਲ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਕਿਹਾ ਕਿ ਧਰਮ, ਜਾਤ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਦਲਿਤ ਵਰਗ, ਲੋੜਵੰਦਾਂ, ਗ਼ਰੀਬਾਂ, ਪੀੜਤਾਂ ਤੇ ਮਜ਼ਲੂਮਾਂ ਨੂੰ ਇਨਸਾਫ਼ ਦਿਵਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਚੇਅਰਮੈਨ ਦੇ ਤੌਰ 'ਤੇ ਉਨ੍ਹਾਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਨਾਲ ਸਬੰਧਤ ਬਹੁਤ ਸਾਰੇ ਮਾਮਲੇ ਸਰਕਾਰ ਦੇ ਧਿਆਨ ਵਿਚ ਲਿਆਂਦੇ ਹਨ, ਜਿਨ੍ਹਾਂ 'ਤੇ ਜਲਦੀ ਹੀ ਅਮਲ ਹੋਵੇਗਾ। ਇਸ ਮੌਕੇ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਬਾਬਾ ਸਾਹਿਬ ਡਾ। ਭੀਮ ਰਾ ਅੰਬੇਦਕਰ ਦੀ ਬਦੌਲਤ ਹੀ ਸਾਨੂੰ ਬਰਾਬਰ ਹੀ ਦੇ ਅਧਿਕਾਰ ਮਿਲੇ ਹਨ। ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਖੋਂ ਤੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇਕਰ ਅਸੀਂ ਉਨ੍ਹਾਂ ਵੱਲੋਂ ਦੱਸੇ ਹੋਏ ਰਾਹਾਂ 'ਤੇ ਤੁਰਨ ਦੀ ਕੋਸ਼ਿਸ਼ ਕਰੀਏ। ਇਸ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਵੱਖ-ਵੱਖ ਬੁਲਾਰਿਆਂ ਵੱਲੋਂ ਬਾਬਾ ਸਾਹਿਬ ਦੀ ਜੀਵਨੀ ਅਤੇ ਕਾਰਜਾਂ 'ਤੇ ਚਰਚਾ ਹੋਈ।



# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਇਕ ਹੁਕਮ ਰਾਹੀਂ ਉਨ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸੜਕਾਂ 'ਤੇ ਅਵਾਰਾ ਪਸ਼ੂਆਂ ਨੂੰ ਘੁੰਮਣ- ਫਿਰਨ ਅਤੇ ਸ਼ਹਿਰਾਂ/ਕਸਬਿਆਂ/ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਨੇ ਆਪਣੇ ਹੁਕਮ ਵਿਚ ਸਪੱਸ਼ਟ ਕੀਤਾ ਹੈ ਕਿ ਚਰਵਾਹੇ ਵੱਡੀ ਗਿਣਤੀ ਵਿਚ ਗਾਵਾਂ/ਮੱਝਾਂ ਆਦਿ ਲੈ ਕੇ ਉਨ੍ਹਾਂ ਦੇ ਚਾਰੇ ਦੀ ਖ਼ਾਤਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ ਵਿਚ ਘੁੰਮਦੇ-ਫਿਰਦੇ ਹਨ, ਜੋ ਕਿ ਲੋਕਾਂ ਦੀਆਂ ਫ਼ਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਨਾਲ ਕਿਸਾਨਾਂ ਅਤੇ ਦਰਵਾਹਿਆਂ ਦਾ ਆਪਸ ਵਿਚ ਤਕਰਾਰ ਹੋਣ ਦਾ ਖਦਸ਼ਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਟ੍ਰੈਫਿਕ ਵਿਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਕਈ ਵਾਰ ਐਕਸੀਡੈਂਟ ਹੋਣ ਕਾਰਨ ਵਾਹਨਾਂ/ਪਸੂਆਂ ਦਾ ਨੁਕਸਾਨ ਹੋ ਜਾਂਦਾ ਹੈ। ਇਸ ਲਈ ਸੜਕਾਂ 'ਤੇ ਅਵਾਰਾ ਪਸ਼ੂਆਂ ਦੇ ਘੁੰਮਣ-ਫਿਰਨ/ਚਰਾਉਣ ਅਤੇ ਪਸ਼ੂਆਂ ਵਿਚ ਮੂੰਹ-ਖੁਰ/ਲੰਪੀ ਸਕਿਨ ਦੀ ਬਿਮਾਰੀ ਫੈਲਣ ਤੋਂ ਰੋਕਣ ਦਾ ਉਪਰਾਲਾ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਕਤ ਹੁਕਮ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਵਿਅਕਤੀ ਵੱਲੋਂ ਸਰਕਾਰੀ ਬਿਲਡਿੰਗਾਂ ਤੇ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ ਅਤੇ ਪ੍ਰਾਈਵੇਟ ਬਿਲਡਿੰਗਾਂ/ਨੈਸ਼ਨਲ ਹਾਈਵੇਅ/ਲਿੰਕ ਸੜਕਾਂ/ਦਰੱਖਤਾਂ ਤੇ ਬਿਨਾਂ ਸਬੰਧਤ ਵਿਭਾਗਾਂ ਅਤੇ ਮਾਲਕਾਂ ਦੀ ਪ੍ਰਵਾਨਗੀ ਤੋਂ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਉਪਰੋਕਤ ਦੋਵੇਂ ਹੁਕਮ 23 ਜੂਨ, 2025 ਤੱਕ ਲਾਗੂ ਰਹਿਣਗੇ।




RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





“ਦੇਸ਼ ਦੁਆਬਾ”

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬੀ ਸਾਹਿਤ, ਸੰਗੀਤ ਤੇ ਕਲਾ ਮੰਚ ਬੈਲਿੰਗਹੈਮ (ਸਿਆਟਲ) ਰਜਿ: ਦਾ ਵੱਡਾ ਪ੍ਰਦਰਸ਼ਨ ਨਾਟਕ ਤੇ ਧਾਰਮਿਕ ਕਾਵਿ ਸੰਮੇਲਨ





**ਸਿਆਟਲ (ਵਾਸ਼ਿੰਗਟਨ)–** ਕੈਨੇਡਾ ਅਮਰੀਕਾ ਦੇ ਬਾਰਡਰ ਉੱਪਰ ਅਮਰੀਕਾ ਦੇ ਘੁੱਗ ਵਸਦੇ ਸ਼ਹਿਰ ਬੈਲਿੰਗਹੈਮ ਦੇ ਮਰੀਡੀਅਨ ਹਾਈ ਸਕੂਲ ਦੇ ਥੀਏਟਰ ਵਿਚ ਪੰਜਾਬੀ ਸਾਹਿਤ, ਸੰਗੀਤ ਤੇ ਕਲਾ ਮੰਚ ਬੈਲਿੰਗਹੈਮ ਰਜਿ: ਵੱਲੋਂ ਧਾਰਮਿਕ, ਇਤਿਹਾਸਕ ਨਾਟਕ ਤੇ ਕਵੀ ਦਰਬਾਰ ਕਰਵਾਇਆ ਗਿਆ।ਪੰਜਾਬ ਲੋਕ ਰੰਗ ਮੰਚ ਦੀ ਟੀਮ ਵੱਲੋਂ ਸੁਰਿੰਦਰ ਸਿੰਘ ਧਨੋਆ ਦੀ ਲੇਖਣੀ ਤੇ ਨਿਰਦੇਸ਼ਨਾ ਥੱਲੇ ਤਿਆਰ ਨਾਟਕ ਜ਼ਫ਼ਰਨਾਮਾ ਸੋਨੂੰ ਰਾਣਾ ਦੇ ਪ੍ਰਬੰਧ ਹੇਠ ਸਫਲਤਾ ਪੂਰਵਕ ਖੇਡਿਆ ਗਿਆ। ਦੋ ਘੰਟੇ ਦਸ ਮਿੰਟ ਦੇ ਇਸ ਨਾਟਕ ਤੋਂ ਪਹਿਲਾਂ ਦਰਸ਼ਕਾਂ ਨੇ ਪਤਵੰਤੇ ਸੱਜਣਾਂ ਦੇ ਵਿਚਾਰ, ਮਾਣ ਸਨਮਾਨ ਅਤੇ ਧਾਰਮਿਕ ਕਵੀ ਦਰਬਾਰ ਦਾ ਅਨੰਦ ਮਾਣਿਆ ।ਏ ਸੀ ਖਰਾਬ ਹੋਣ ਦੇ ਬਾਵਜੂਦ ਵੀ ਦਰਸ਼ਕਾਂ ਨੇ ਪ੍ਰਬੰਧਕਾਂ ਦਾ ਪੂਰਨ ਸਹਿਯੋਗ ਦਿੱਤਾ, ਕੁੱਝ ਕੁ ਲੋਕਾਂ ਨੂੰ ਕੰਮਾਂ ਕਾਰਜਾਂ ਦੀਆਂ ਮਜਬੂਰੀਆਂ ਕਰਕੇ ਜਾਣਾ ਪਿਆ ਪਰ ਫਿਰ ਵੀ ਥੀਏਟਰ ਅਖੀਰ ਤੱਕ ਪੂਰਾ ਭਰਿਆ ਰਿਹਾ। ਪੰਜਾਬੀਆਂ ਦੇ ਸੌ ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵੱਡਾ ਉਪਰਾਲਾ ਬੀਹਲਾ, ਬੈਂਸ ਤੇ ਜੌਹਲ ਟੀਮ ਨੇ ਉੱਘੇ ਬਿਜਨਸਮੈਨ ਅਜਮੇਰ ਸਿੰਘ ਗਿੱਲ, ਦਵਿੰਦਰ ਸਿੰਘ ਸਹੋਤਾ, ਕੁਲਜਿੰਦਰ ਸਿੰਘ ਦੁਸਾਂਝ, ਟੀ ਜੇ ਬਰਾੜ, ਅਮਰਜੀਤ ਸਿੰਘ ਖੁਣ-ਖੁਣ , ਮੰਗਲ ਸਿੰਘ ਸਮਰਾ, ਸੁਖਵੰਤ ਸਿੰਘ ਗਿੱਲ, ਈਲਾਈਟ ਮੂਵੀ, ਬਲਬੀਰ ਸਿੰਘ ਸੰਧੂ, ਜੇ ਦੱਤ, ਹਾਰਡੀ ਸੰਘਾ, ਦਵਿੰਦਰ ਕੌਰ ਗੰਢਮ, ਗੋਰਾ ਸਿੰਘ ਧਨੇਰ, ਇੰਟਰਕੌਂਟੀਨੈਨਟਲ ਇੰਡੀਅਨ ਗਰੋਸਰੀ ਸਟੋਰ ਦੇ ਥਾਪੜੇ ਸਦਕਾ ਕੀਤਾ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਬੱਚਿਆਂ, ਨੌਜਵਾਨਾਂ ਨੂੰ ਸਿੱਖ ਧਰਮ ,ਇਤਿਹਾਸ ਅਤੇ ਸਾਡੇ ਅਮੀਰ ਵਿਰਸੇ ਨਾਲ ਜੋੜਨਾ ਸੀ ਤਾਂ ਜੋ ਸਾਡੇ ਇਹ ਵਾਰਸ ਸਾਡੀ ਅਮੀਰ ਵਿਰਾਸਤ ਨੂੰ ਅੱਗੇ ਲੈ ਕੇ ਜਾ ਸਕਣ ।ਸਭਾ ਦੇ ਮੁੱਖ ਪ੍ਰਬੰਧਕ ਡਾ ਸੁਖਵੀਰ ਬੀਹਲਾ, ਪਰਮਜੀਤ ਸਿੰਘ ਜੌਹਲ, ਭੁਪਿੰਦਰ ਸਿੰਘ ਬੈਂਸ, ਰਾਜਪਾਲ ਕੌਰ ਰੰਧਾਵਾ, ਕੁਲਵਿੰਦਰ ਕੌਰ ਜੌਹਲ, ਸੁਖਵੀਰ ਕੌਰ ਬੈਂਸ ਨੇ ਦਿਨ ਰਾਤ ਇਕ ਕਰਕੇ ਦਰਸ਼ਕਾਂ ਲਈ ਤੇ ਨਾਟਕੀ ਟੀਮ ਲਈ ਖਾਣੇ ਦਾ ਬੰਦੋਬਸਤ ਅਤੇ ਬਾਕੀ ਤਿਆਰੀਆਂ ਮੁਕ-ਮਲ ਕੀਤੀਆਂ ।ਪ੍ਰੋਗਰਾਮ ਦਾ ਆਗਾਜ਼ ਵਾਟਕਾਮ ਕਾਉਂਟੀ ਦੇ ਅਗਜੈਕਟਿਵ ਸਤਪਾਲ ਸਿੰਘ ਸਿੱਧੂ ਅਤੇ ਮੁੱਖ ਮਹਿਮਾਨ ਬਿਜ਼ਨਸਮੈਨ ਅਜਮੇਰ ਸਿੰਘ ਗਿੱਲ ਨੇ ਰੀਬਨ ਕੱਟ ਕੇ ਅਤੇ ਜੋਤ ਜਗਾ ਕੇ ਕੀਤਾ। ਇਸ ਸਮੇਂ ਗੁਰਮਤਿ ਸੰਗੀਤ ਦੇ ਧਨੀ ਇਕੱਤੀ ਰਾਗਾਂ ਦੇ ਗਿਆਤਾ ਭਾਈ ਨਿਰਮਲ ਸਿੰਘ ਖ਼ਾਲਸਾ ਦੁਆਰਾ ਗਾਇਨ ਸ਼ਬਦ ਸਭਾ ਦੀ ਪ੍ਰਵਾਨ ਧੁਨੀ 'ਗਗਨ ਮੇ ਥਾਲ'ਨਾਲ ਕੀਤਾ ਗਿਆ ਅਤੇ ਵਾਟ ਕਾਮ ਕਾਉਂਟੀ ਦੀ ਜਾਣੀ ਪਹਿਚਾਣੀ ਹਸਤੀ ਮਹਿੰਦਰ ਸਿੰਘ ਸੰਘਾ ਨੇ ਕੁੰਜੀਵੰਤ ਭਾਸ਼ਣ ਦਿੱਤਾ। ਇਸ ਸਮੇਂ ਉੱਘੀਆਂ ਲੇਖਕਾਵਾਂ ਮਨਜੀਤ ਕੌਰ ਗਿੱਲ, ਹਰਕੀਰਤ ਕੌਰ ਚਾਹਲ ,ਫਿਲਮੀ ਸਟਾਰ ਅਮਨ ਧਾਲੀਵਾਲ, ਸਮਾਜ ਸੇਵੀ ਟੀ ਜੇ ਬਰਾੜ, ਕਮਲ਼ਾ ਕੌਰ, ਨੌਜਵਾਨ ਸਿਆਸਤਦਾਨ ਕਮਲ ਭੱਚੂ, ਉੱਘੇ ਬਿਜਨਸਮੈਨ ਤੇ ਸਿਆਸਤਦਾਨ ਸੁਖਵੰਤ ਸਿੰਘ ਗਿੱਲ, ਕਾਕਾ ਮੇਹਰਬੀਰ ਸੰਘੇੜਾ, ਮਾਸਟਰ ਗੁਰਇਕਬਾਲ ਸਿੰਘ ਅਤੇ ਮੱਖਣ ਸਿੰਘ ਜੌਹਲ ਨੂੰ ਸੁਣਨ ਅਤੇ ਸਨਮਾਨਿਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉੱਘੇ ਬਿਜ਼ਨਸਮੈਨ ਤੇ ਹਾਕੀ ਉਲਿੰਪੀਅਨ ਦਵਿੰਦਰ ਸਿੰਘ ਸਹੋਤਾ ਦੀ ਗੈਰਹਾਜ਼ਰੀ ਵਿੱਚ ਸਹੋਤਾ ਪਰਿਵਾਰ ਦਾ ਸਨਮਾਨ ਕੀਤਾ ਗਿਆ।ਸਭਾ ਵੱਲੋਂ ਰੱਖੇ ਇਸ ਪ੍ਰੋਗਰਾਮ ਨੂੰ ਸਫ਼ਲ ਕਰਨ ਲਈ ਸਭ ਨੇ ਆਪਣੇ ਆਪਣੇ ਰੋਲ ਬਾਖੂਬੀ ਨਿਭਾਏ ਹਨ, ਜਿਨਾਂ ਵਿਚ ਕਾਮਰੇਡ ਬਲਦੇਵ ਸਿੰਘ ਸਮਰਾ, ਗੁਰ ਇਕਬਾਲ ਕੂਨਰ,ਬਲਜੀਤ ਕੋਰ ਸੰਘੇੜਾ, ਰਣਜੀਤ ਸਿੰਘ ਸੰਘੇੜਾ, ਰਛਪਾਲ ਸਿੰਘ ਸੰਧੂ, ਗੁਰਦਿਆਲ ਸਿੰਘ ਮੱਟੂ, ਪਵਿੱਤਰ ਸਿੰਘ ਬਦੇਸ਼ਾ, ਅਜੀਤਪਾਲ ਸਿੰਘ ਲਿੱਧੜ, ਜੁਗਿੰਦਰ ਸਿੰਘ ਟੁੱਟ, ਮਨਜੀਤ ਸਿੰਘ ਔਲਖ, ਜਸਵਿੰਦਰ ਸਿੰਘ ਬਾਸੀ, ਕੁਲਵੀਰ ਸਿੰਘ ਸੋਮਲ, ਰਣਜੀਤ ਸਿੰਘ ਬਾਹਗਾ, ਤੀਰਥ ਸਿੰਘ ਬਾਸੀ, ਅਵਤਾਰ ਸਿੰਘ ਦੂਲ੍ਹੇ, ਗੁਰਪ੍ਰੀਤ ਕੌਰ ਗਰੇਵਾਲ, ਪਰਮਜੀਤ ਸਿੰਘ ਰੋਮਾਣਾ,ਬਲਦੇਵ ਸਿੰਘ ਸਰਪੰਚ , ਲਖਵਿੰਦਰ ਸਿੰਘ ਭੱਚੂ, ਬਲਵੰਤ ਸਿੰਘ ਕਲਸੀ, ਸੰਨੀ ਬਾਹੀਆ, ਭਾਈ ਜਗਦੀਸ਼ ਸਿੰਘ, ਜੱਗਾ ਸਿੰਘ ਬਰਾੜ, ਅਮਰਜੀਤ ਸਿੰਘ ਬਰਾੜ, ਭਿੰਦਾ ਗਿੱਲ, ਜ਼ੋਰਾ ਸਿੰਘ ਧਾਲੀਵਾਲ, ਟਹਿਲ ਸਿੰਘ ਦੁਸਾਂਝ, ਚਤਰ ਸਿੰਘ ਪਤਾਰਾ, ਐਲ ਕੇ ਕਿਉ ਕੰਪਨੀ ਦੀ ਪੂਰੀ ਟੀਮ, ਗਿਆਨੀ ਬਲਕਾਰ ਸਿੰਘ, ਹਾਕਮ ਸਿੰਘ, ਜੇ ਦੱਤ, ਹਾਰਡੀ ਸੰਘਾ, ਗੁਰਬਚਨ ਸਿੰਘ ਸਹੋਤਾ ਦਾ ਭਰਪੂਰ ਸਹਿਯੋਗ ਰਿਹਾ।



ਨੌਜਵਾਨ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਿਆਂ ਪ੍ਰਬੰਧ ਵਿਚ ਅਰਮਾਨ ਸਿੰਘ ਜੌਹਲ, ਚਰਨਜੀਤ ਸਿੰਘ ਮੱਟੂ, ਮਨਵੀਰ ਸਿੰਘ ਰੈਹਲ, ਕਰਮਵੀਰ ਸਿੰਘ ਧਾਲੀਵਾਲ, ਸਾਹਿਬ ਸਿੰਘ ਬੈਂਸ, ਸੁਖਰਾਜ ਸਿੰਘ ਰੰਧਾਵਾ, ਸਾਗਰ ਸਿੰਘ ਵਿਰਕ ਨੇ ਹੱਥ ਵਟਾਉਂਦਿਆਂ ਦੱਸ ਦਿੱਤਾ ਕਿ ਤੁਸੀਂ ਸਾਨੂੰ ਦੱਸੀ ਜਾਓ ਬਾਕੀ ਸਾਡੇ 'ਤੇ ਛੱਡ ਦਿਓ।ਐਲ ਏ ਮੂਵੀ ਵਾਲੇ ਸੁਖਵਿੰਦਰ ਸਿੰਘ ਅਤੇ ਇਰਮਾਨਦੀਪ ਸਿੰਘ ਸਰਾਂ ਨੇ ਪੂਰੇ ਪੋਗਰਾਮ ਦੀ ਵੀਡੀ ਗ੍ਰਾਫੀ ਤੇ ਫੋਟੋਗ੍ਰਾਫੀ ਕੀਤੀ। ਮੀਡੀਆ ਕਵਰੇਜ ਪੀ ਟੀ ਸੀ ਚੈਨਲ , ਲਾਈਵ ਪੰਜਾਬੀ ਟੀ ਵੀ ਤੇ ਪੰਜਾਬੀ ਪਹਿਚਾਣ ਲਈ ਗੁਰਪ੍ਰੀਤ ਸਿੰਘ ਧੰਜੂ ਅਤੇ ਮਿਸਜ ਧੰਜੂ ਵੱਲੋਂ ਕੀਤੀ ਗਈ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਡਾ ਸੁਖਵੀਰ ਸਿੰਘ ਬੀਹਲਾ ਤੇ ਜਸਜੋਤ ਕੌਰ ਸੰਘੇੜਾ ਨੇ ਬਾਖੂਬੀ ਨਿਭਾਈ।







# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਅਰਦਾਸ ਦਿਵਸ ਅਤੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਅਰਦਾਸ ਦਿਵਸ ਅਤੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਅਰੰਭਤਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ ਉਪਰੰਤ ਕਾਲਜ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸ੍ਰਵਣ ਕਰਵਾਇਆ ਗਿਆ॥ ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਵਿਦਿਆਰਥੀਆਂ ਅਤੇ ਸੰਸਥਾ ਦੀ ਚੜਦੀ ਕਲਾ ਲਈ ਕਾਮਨਾ ਵੀ ਕੀਤੀ ਗਈ। ਇਸ ਸਮਾਗਮ ਵਿੱਚ ਐਮ.ਐਲ.ਏ. ਹਲਕਾ ਨਵਾਂਸ਼ਹਿਰ ਡਾ।ਨਛੱਤਰਪਾਲ ਨੇ ਮੁੱਖ ਮਹਿਮਾਨ ਵਜੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਡਾ. ਅਮਨਦੀਪ ਸਿੰਘ ਮੁਖੀ ਸਰੀਰਕ ਸਿੱਖਿਆ ਵਿਭਾਗ ਅਤੇ ਇੰਚਾਰਜ ਯੁਵਕ ਭਲਾਈ ਵਿਭਾਗ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ, ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਸਕੱਤਰ ਕਰਨਲ (ਰਿਟਾ.) ਜਸਮੇਰ ਸਿੰਘ ਬਾਲਾ ਜੀ ਨੇ ਸਰਪ੍ਰਸਤ ਵਜੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਕੀਤੀ। ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਨੇ ਸਭ ਦਾ ਸਵਾਗਤ ਕਰਦਿਆਂ ਕਾਲਜ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਮੁੱਖ ਮਹਿਮਾਨ ਵਜੋਂ ਪੁੱਜੇ ਡਾ। ਨਛੱਤਰਪਾਲ ਜੀ ਨੇ ਇਲਾਕੇ ਵਿਚ ਕਾਲਜ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਹਰ ਮੋੜ' ਤੇ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ ਉਹਨਾਂ ਨੇ ਕਾਲਜ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਤੇ ਮਾਣ ਮਹਿਸੂਸ ਕਰਦਿਆਂ ਵੱਖ ਵੱਖ ਖੇਤਰਾਂ ਵਿੱਚ ਸਨਮਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਰਨਲ ਬਾਲਾ ਜੀ ਨੇ ਸੰਬੋਧਿਤ ਹੁੰਦਿਆਂ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦੇਣ ਦੇ ਨਾਲ ਨਾਲ ਸੰਸਥਾ ਦੀ ਬਿਹਤਰੀ ਲਈ ਕੰਮ ਕਰਨ ਵਾਲੇ ਹਰ ਵਿਅਕਤੀ ਨੂੰ ਹੋਰ ਵਧੇਰੇ ਤਨਦੇਹੀ ਨਾਲ ਕਾਰਜ ਕਰਨ ਲਈ ਪ੍ਰੇਰਿਤ ਕਰਦਿਆਂ ਸਭ ਦਾ ਧੰਨਵਾਦ ਕੀਤਾ। ਡਾ. ਅਮਨਦੀਪ ਸਿੰਘ ਨੇ ਆਪਣੇ ਸੰਬੋਧਨ ਵਿਚ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਸਮੇਂ ਸਮੇਂ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਕਾਲਜ ਦੀ ਭਰਵੀਂ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਅਤੇ ਵਿਭਾਗ ਵਲੋਂ ਪ੍ਰਦਾਨ ਕੀਤੇ ਜਾਣ ਵਾਲੇ ਮੌਕਿਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਸਨਮਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਜਸਦੀਪ ਕੌਰ ਨੂੰ ਅਕਾਦਮਿਕ ਖੇਤਰ ਵਿਚ ਖੇਡਾਂ ਦੇ ਖੇਤਰ ਵਿਚ ਜਸਕਰਨ ਸਿੰਘ ਜੱਗਾ ਅਤੇ ਸੱਭਿਆਚਾਰਕ ਖੇਤਰ ਵਿਚ ਪ੍ਰਭਸਿਮਰਨ ਸਿੰਘ ਨੂੰ ਰੋਲ ਆਫ਼ ਆਨਰ ਦੇ ਨਾਲ ਨਿਵਾਜਿਆ ਗਿਆ ਅਤੇ ਗੋਲਡ ਮੈਡਲ ਮੁਸਕਾਨ, ਸਿਲਵਰ ਮੈਡਲ ਮੁਸਕਾਨ ਅਤੇ ਬ੍ਰਾਊਨਜ ਮੈਡਲ ਸਿਮਰਨਜੀਤ ਕੌਰ ਬੀ. ਕਾਮ ਨੂੰ ਦਿੱਤਾ ਗਿਆ। ਇਸ ਤਰ੍ਹਾਂ ਹੀ ਐਨ.ਸੀ.ਸੀ. ਕੈਡਿਟ ਤਨੁਸ਼ ਪਰਿਹਾਰ ਅਤੇ ਐਨ. ਐਸ. ਐਸ ਵਲੰਟੀਅਰਾਂ ਵਿੱਚੋਂ ਗੁਰਪ੍ਰੀਤ ਸਿੰਘ ਅਤੇ ਸਿਮਰਨ ਨੂੰ ਸਨਮਾਨਿਤ ਕੀਤਾ ਗਿਆ।



ਗੈਰ ਅਧਿਆਪਕ ਅਮਲੇ ਵਿੱਚੋਂ ਸ੍ਰੀ ਅਵਤਾਰ ਕੁਮਾਰ, ਅਸ਼ੀਸ਼ ਕੁਮਾਰ ਨੂੰ ਬੇਹਤਰੀਨ ਸੇਵਾਵਾਂ ਦੇ ਬਦਲੇ ਅਤੇ ਖੋਜ ਦੇ ਖੇਤਰ ਵਿਚ ਬੇਹਤਰੀਨ ਕਾਰਜ ਕਰਨ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਥਾਨਕ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸ. ਜਰਨੈਲ ਸਿੰਘ ਪੱਲੀਝਿੱਕੀ, ਸ. ਮਲਕੀਤ ਸਿੰਘ ਬਾਹੜੋਵਾਲ, ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਮੈਂਬਰ ਸ. ਤਜਿੰਦਰ ਸਿੰਘ, ਸ. ਕਰਮਜੀਤ ਸਿੰਘ ਕਰਨਾਣਾ ਆਦਿ ਹਾਜ਼ਰ ਸਨ। ਇਸ ਮੌਕੇ ਕਰਨਲ ਜਸਮੇਰ ਸਿੰਘ ਬਾਲਾ ਵੱਲੋਂ ਸੰਪਾਦਿਤ ਪੁਸਤਕਾਂ ਵਿਦਿਆਰਥੀਆਂ ਅਤੇ ਮਹਿਮਾਨਾਂ ਨੂੰ ਭੇਂਟ ਕੀਤੀਆਂ ਗਈਆਂ ਜਦ ਕਿ ਡਾ. ਨਿਰਮਲਜੀਤ ਕੌਰ ਵੱਲੋਂ ਉਰਦੂ ਤੋਂ ਅਨੁਵਾਦਿਤ ਪੁਸਤਕ "ਮੈਂ ਭੰਨਾ ਦਿੱਲੀ ਦੇ ਕਿੰਗਰੇ" ਨੂੰ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਤਜਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਸਮਾਗਮ ਦੇ ਕੋਆਰਡੀਨੇਟਰ ਡਾ. ਹਰਜੋਤ ਸਿੰਘ ਰਹੇ। ਸਮਾਗਮ ਦੇ ਅੰਤ ਵਿੱਚ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਡਾ. ਇੰਦੂਰੱਤੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ।

# ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਨੇ ਪੰਜਾਬੀ ਲੇਖਕ ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਦਿੱਤਾ ਪੁਰਸਕਾਰ

**ਫਗਵਾੜਾ, (ਬੀ. ਕੇ. ਰੱਤੂ)** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਨੇ ਪ੍ਰਸਿੱਧ ਪੰਜਾਬੀ ਲੇਖਕ ਅਤੇ ਕਾਲਮਨਵੀਸ ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਪੁਰਸਕਾਰ ਪ੍ਰਦਾਨ ਕੀਤਾ। ਐਤਵਾਰ ਨੂੰ ਇਥੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਉਹਨਾ ਨੂੰ ਮੋਮੈਂਟੋ, ਸਨਮਾਨ ਪੱਤਰ ਅਤੇ ਦੁਸ਼ਾਲਾ ਭੇਟ ਕੀਤਾ। 14 ਪੁਸਤਕਾਂ ਅਤੇ 300 ਲੇਖਾਂ ਦੇ ਰਿਚੇਤਾ ਗੁਮਟਾਲਾ ਜੀ ਨੂੰ ਇਹ ਸਨਮਾਨ ਸੀਨੀਅਰ ਪੱਤਰਕਾਰ ਅਤੇ ਲੇਖਕ ਸਤਨਾਮ ਸਿੰਘ ਮਾਣਕ, ਮੰਚ ਪ੍ਰਧਾਨ ਪ੍ਰਿੰ. ਗੁਰਮੀਤ ਸਿੰਘ ਪਲਾਹੀ, ਪ੍ਰੋ। ਜਸਵੰਤ ਸਿੰਘ ਗੰਡਮ, ਗਿਆਨ ਸਿੰਘ, ਡਾ. ਸੁਖਦੇਵ ਸਿੰਘ ਅਤੇ ਦੀਦਾਰ ਸਿੰਘ ਸ਼ੇਤਰਾ ਵੱਲੋਂ ਦਿੱਤਾ ਗਿਆ।

ਇਸ ਮੌਕੇ ਪੰਜਾਬ ਦੇ ਹਾਲਾਤ ਸੰਬੰਧੀ ਇੱਕ ਖੁਲ੍ਹਾ ਵਿਚਾਰ-ਵਟਾਂਦਰਾ ਹੋਇਆ। ਇਸ ਵਿੱਚ ਆਪਣੇ ਕੁੰਜੀਵਤ ਸੰਬੋਧਨ ਵਿੱਚ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪੰਜਾਬ ਸੰਕਟ ਅਸਲ ਵਿੱਚ ਖੇਤੀ ਸੰਕਟ ਦਾ ਹੀ ਵਿਸਥਾਰ ਹੈ। ਉਹਨਾ ਕਿਹਾ ਕਿ ਪਹਿਲਾਂ ਖੇਤੀ ਮਾਡਲ ਵਿਭਿੰਨਤਾ ਵਾਲਾ ਸੀ, ਪਰ ਹੁਣ ਇਸ ਪੁਰਾਣੇ ਮਾਡਲ ਉਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਉਹਨਾ ਜ਼ੋਰ ਦੇ ਕੇ ਕਿਹਾ ਕਿ ਇਸ ਵੇਲੇ ਪੰਜਾਬ ਤੇ ਦੇਸ਼ ਵਿੱਚ ਸਾਨੂੰ ਇੱਕ ਲੋਕ-ਪੱਖੀ ਅਤੇ ਕੁਦਰਤ ਪੱਖੀ ਵਿਕਾਸ ਮਾਡਲ ਦੀ ਲੋੜ ਹੈ। ਉਹਨਾਂ ਨੇ ਪੰਜਾਬ ਵਿਚਲੇ ਪਾਣੀ ਦੇ ਗੰਭੀਰ ਸੰਕਟ ਬਾਰੇ ਪੰਜਾਬੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇ ਅਸੀਂ ਇਸ ਵਿੱਚੋਂ ਬਾਹਰ ਨਿਕਲਣ ਦੇ ਫੌਰੀ ਢੰਗ ਤਰੀਕੇ ਨਾ ਅਪਨਾਏ ਤਾਂ ਲੋਕ ਪੀਣ ਵਾਲੇ ਪਾਣੀ ਲਈ ਵੀ ਲੜਾਈਆਂ ਕਰਨਗੇ ਅਤੇ ਇਹ ਨੇੜਲੇ ਭਵਿੱਖ 'ਚ ਵਾਪਰਨ ਵਾਲਾ ਹੈ। ਉਹਨਾ ਕਿਹਾ ਕਿ ਸ਼ੁੱਧ ਖੁਰਾਕ, ਸ਼ੁੱਧ ਹਵਾ, ਸ਼ੁੱਧ ਪਾਣੀ ਹਰ ਬੰਦੇ ਦੇ ਅਧਿਕਾਰ ਹੈ। ਉਹਨਾ ਨੇ ਕੇਂਦਰ ਨੂੰ ਪੁੱਛਿਆ ਕਿ ਉਹ ਝੋਨੇ ਦੀ ਫ਼ਸਲ ਦੇ ਬਦਲ ਵਜੋਂ ਤੇਲ ਬੀਜਾਂ ਅਤੇ ਦਾਲਾਂ ਉਪਰ ਘੱਟੋ-ਘੱਟ ਸਮਰਥਨ ਕੀਮਤ ਕਿਉਂ ਨਹੀਂ ਦਿੰਦੀ? ਜੇਕਰ ਇਹਨਾਂ ਤੇ



ਸਮਰਥਨ ਮੁੱਲ ਦੇ ਦਿੱਤਾ ਜਾਵੇ ਤਾਂ ਕਿਸਾਨ ਝੋਨੇ ਦੀ ਫ਼ਸਲ ਵਿੱਚੋਂ ਆਪਣੇ ਆਪ ਬਾਹਰ ਨਿਕਲ ਅਵੇਗਾ, ਜਿਸ ਨਾਲ 70% ਪਾਣੀ ਦੀ ਬਚਤ ਹੋਏਗੀ। ਉਹਨਾਂ ਨੇ ਕਿਹਾ ਕਿ ਇਕੱਲੇ ਸਮਰਥਨ ਮੁੱਲ ਦੀ ਨਹੀਂ, ਇੱਕ ਨਵੀਂ ਖੇਤੀ ਨੀਤੀ ਦੀ ਅਤਿਅੰਤ ਲੋੜ ਹੈ।

ਉਹਨਾ ਨੇ ਖੇਤ ਅਧਾਰਤ ਸਨੱਅਤਾਂ ਅਤੇ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪਹਿਲੀ ਜੂਨ ਤੋਂ ਝੋਨਾ ਲਾਉਣਾ ਪਾਣੀ ਦੇ ਸੰਕਟ ਨੂੰ ਡਰਾਉਣੀ ਹੱਦ ਤੱਕ ਵਧਾਉਣ ਬਰੋਬਰ ਹੈ। ਉਹਨਾਂ ਨੇ ਇਹ ਮਿਤੀ 15 ਤੋਂ 20 ਜੂਨ ਕਰਨ ਦਾ ਸਮਰਥਨ ਕੀਤਾ। ਰਾਸ਼ਟਰੀ ਪੱਧਰ ਉਪਰ ਉਹਨਾ ਧਰਮ ਅਧਾਰਤ ਹਿੰਦੂ ਸਟੇਟ ਸਥਾਪਤ ਕਰਨ ਦੀਆਂ ਨੀਤੀਆਂ ਦਾ ਵਿਰੋਧ ਕਰਦਿਆਂ ਧਰਮ ਨਿਰਪੱਖ, ਸੰਘੀ, ਲੋਕਤੰਤਰਿਕ, ਸੰਵਿਧਾਨਿਕ ਪ੍ਰਣਾਲੀ ਦਾ ਸਮਰਥਨ ਕੀਤਾ। ਉਹਨਾ ਕਿਹਾ ਕਿ ਹੁਣ ਤਾਂ ਸ਼ਿਵ ਸੈਨਾ ਦਾ ਸੀਨੀਅਰ ਨੇਤਾ ਸੰਜੈ ਰਾ ਤ ਵੀ ਇਹ ਕਹਿਣ ਲੱਗ ਪਿਆ ਹੈ ਕਿ ਭਾਰਤ ਨੂੰ ਹਿੰਦੂ ਪਾਕਿਸਤਾਨ ਬਣਾਇਆ ਜਾ ਰਿਹਾ ਹੈ। ਉਹਨਾ ਕਿਹਾ ਕਿ ਜੋ ਸੱਚ ਨਹੀਂ ਹੈ ਉਸਨੂੰ ਸੱਚ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ।

ਇਸ ਮੌਕੇ ਪ੍ਰਸਿੱਧ ਸਮਾਜਿਕ ਵਿਗਿਆਨੀ ਡਾ। ਸੁਖਦੇਵ ਸਿੰਘ ਨੇ ਕਿਹਾ ਕਿ ਪਹਿਲੀ ਜੂਨ ਤੋਂ ਝੋਨਾ ਲਗਵਾਉਣਾ ਆਤਮਘਾਤੀ ਹੈ। ਉਹਨਾ ਨੇ ਵੀ 15 ਜੂਨ ਤੋਂ ਝੋਨਾ ਲਾਏ ਜਾਣ ਦੀ ਵਕਾਲਤ ਕੀਤੀ।

ਪੰਜਾਬ ਵਿੱਚ ਮੁਫ਼ਤਖੋਰੀ ਦੀ ਸਿਆਸੀ ਨੀਤੀ ਦੀ ਅਲੋਚਨਾ ਕਰਦਿਆਂ ਉਹਨਾ ਕਿਹਾ ਕਿ ਸਬਸਿਡੀਆਂ ਸਿਰਫ਼ ਲੋੜਬੰਦਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਸਮੇਂ ਪ੍ਰੋ. ਜਸਵੰਤ ਸਿੰਘ ਗੰਡਮ ਨੇ ਫਾਸ਼ੀਵਾਦੀ ਤਾਕਤਾਂ ਵਿਰੁੱਧ ਸੰਘਰਸ਼ਸ਼ੀਲ ਜਮਾਤਾਂ ਨੂੰ ਲਾਮਬੰਦ ਅਤੇ ਇੱਕਮੁੱਠ ਹੋਣਾ ਦਾ ਸੱਦਾ ਦਿੱਤਾ। ਸਨਮਾਨ ਸੰਬੋਧਨ ਵਿੱਚ ਡਾਕਟਰ ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲਾਇਬ੍ਰੇਰੀਆਂ ਖੋਹਲਣ ਉਪਰ ਜ਼ੋਰ ਦਿੱਤਾ। ਵਿਚਾਰ ਚਰਚਾ ਵਿੱਚ ਦੀਦਾਰ ਸਿੰਘ ਸ਼ੇਤਰਾ, ਸੁਖਦੇਵ ਮਾਧੋਪੁਰੀਮ ਮਾਸਟਰ ਸੁਖਦੇਵ ਸਿੰਘ, ਕਮਲੇਸ਼ ਸੰਧੂ, ਦਰਸ਼ਨ ਸਿੰਘ ਰਿਆੜ, ਗੁਰਵਿੰਦਰ ਮਾਣਕ, ਗਿਆਨ ਸਿੰਘ, ਰਵਿੰਦਰ ਚੋਟ, ਪ੍ਰਿੰ. ਗੁਰਮੀਤ ਸਿੰਘ ਪਲਾਹੀ, ਪ੍ਰਿੰ। ਇੰਦਰਜੀਤ ਸਿੰਘ ਬਾਸੂ ਨੇ ਹਿੱਸਾ ਲਿਆ।

ਇਸ ਸਮੇਂ ਡਾ. ਸੁਖਦੇਵ ਸਿੰਘ ਦੀ ਪੁਸਤਕ "ਪੰਜਾਬ , ਸਮਾਜਿਕ, ਆਰਥਿਕ, ਸਭਿਆਚਰਾਕ ਬਦਲਾਅ ਤੇ ਰੋਝਾਨ" ਅਤੇ ਜਸਬੀਰ ਕੌਰ ਦੀ ਪੁਸਤਕ "ਯਾਦਗਾਰੀ ਪਿੰਡ" ਅਤੇ ਪਰਵਿੰਦਰਜੀਤ ਸਿੰਘ ਵੱਲੋਂ ਬਣਾਈ ਵੈਬਸਾਈਟ "ਸਿੱਖ ਪਲੇਸਿਜ਼" ਦਾ ਲੋਕ ਅਰਪਨ ਕੀਤਾ ਗਿਆ। ਡਾ. ਚਰਨਜੀਤ ਸਿੰਘ ਗੁਮਟਾਲਾ ਦਾ ਸਨਮਾਨ ਪੱਤਰ ਦੀਦਾਰ ਸਿੰਘ ਸ਼ੇਤਰਾ ਨੇ ਪੜ੍ਹਿਆ। ਸਟੇਜ ਸਕੱਤਰ ਦੀ ਭੂਮਿਕਾ ਰਵਿੰਦਰ ਚੋਟ ਨੇ ਬਾ-ਖ਼ੂਬੀ ਨਿਭਾਈ।

ਇਸ ਸਮੇਂ ਪੱਤਰਕਾਰ ਟੀ.ਡੀ. ਚਾਵਲਾ, ਪਰਮਜੀਤ ਸਿੰਘ ਨਿੱਕੇ ਘੁੰਮਣ, ਰਕੇਸ਼ ਸ਼ਾਂਤੀ ਦੂਤ, ਪਰਵਿੰਦਰਜੀਤ ਸਿੰਘ, ਬਲਦੇਵ ਰਾਜ ਕੋਮਲ, ਕਰਮਜੀਤ ਸਿੰਘ ਸੰਧੂ, ਜਸਵਿੰਦਰ ਕੌਰ ਫਗਵਾੜਾ, ਗੁਰਬਿੰਦਰ ਸਿੰਘ ਮਾਣਕ, ਸੋਹਣ ਸਹਿਜਲ, ਐਡਵੋਕੇਟ ਪ੍ਰਿੰ। ਪਵਨਦੀਪ ਕੌਰ, ਮੈਡਮ ਚਰਨਜੀਤ ਕੌਰ, ਉਰਮਨਜੀਤ ਸਿੰਘ, ਅਸ਼ੋਕ ਸ਼ਰਮਾ ਪੱਤਰਕਾਰ, ਸੁਖਦੇਵ ਗੰਡਮਾ, ਬਲਵੀਰ ਕੌਰ, ਬੱਬੂ ਸੈਣੀ, ਹਰਜਿੰਦਰ ਸਿੰਘ ਨਿਆਣਾ, ਸੀਤਲ ਬੰਗਾ, ਗੁਰਮੀਤ ਰੱਤੂ, ਦਵਿੰਦਰ ਜੱਸਲ, ਸੋਹਣ ਸਹਿਜਲ ਅਤੇ ਸਾਹਿਬਾ ਜੀਟਨ ਕੌਰ ਅਤੇ ਬਹੁਤ ਸਾਰੇ ਲੇਖਕ ਸਰੋਤੇ ਹਾਜ਼ਰ ਸਨ।




# ਸਿੱਖਿਆ ਦਾ ਅਧਿਕਾਰ ਕਾਨੂੰਨ ਨਿੱਜੀ ਸਕੂਲਾਂ ਵਿੱਚ ਲਾਗੂ ਕਰਵਾਉਣ ਲਈ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ ਹੋਈ ਮੀਟਿੰਗ

**ਫਗਵਾੜਾ (ਬੀ.ਕੇ.ਰੱਤੂ)–** ਸਿੱਖਿਆ ਦਾ ਅਧਿਕਾਰ ਕਾਨੂੰਨ ਨਿੱਜੀ ਸਕੂਲਾਂ ਵਿੱਚ ਲਾਗੂ ਕਰਵਾਉਣ ਲਈ ਸ੍ਰੀ ਗੁਰੂ ਰਵਿਦਾਸ ਸਭਾ (ਰਜਿ) ਅਰਬਨ ਅਸਟੇਟ ਫਗਵਾੜਾ ਵਲੋਂ ਇਕ ਜਰੂਰੀ ਮੀਟਿੰਗ ਡਾ ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ ਤੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਚੰਡੀਗੜ੍ਹ ਤੋਂ 'ਕਾਰ ਨਾਥ ਸਾਬਕਾ ਵਧੀਕ ਡਿਪਟੀ ਸੀ. ਈ.ਜੀ., ਕਿਰਪਾਲ ਸਿੰਘ ਸਾਬਕਾ ਏ. , ਫਤਿਹ ਜੰਗ ਸਿੰਘ ਅਤੇ ਸਰਬਜੀਤ ਸਿੰਘ ਪਹੁੰਚੇ। ਇਸ ਮੀਟਿੰਗ ਵਿਚ ਅੰਬੇਡਕਰ ਸੈਨਾ ਮੂਲਨਿਵਾਸੀ ਦੀ ਟੀਮ, ਸੋਸ਼ਲ ਅਵੇਅਰਨੈੱਸ ਫੋਰਮ ਦੀ ਟੀਮ ਅਤੇ ਫਗਵਾੜਾ ਇਲਾਕੇ ਦੀਆਂ ਡਾ. ਅੰਬੇਡਕਰ ਸਭਾਵਾਂ, ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਭਗਵਾਨ ਵਾਲਮੀਕ ਸਭਾਵਾਂ ਦੇ ਪ੍ਰਤੀਨਿਧ ਸ਼ਾਮਿਲ ਹੋਏ। ਉਪਰੋਕਤ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ 'ਕਾਰ ਨਾਥ ਨੇ ਸਿੱਖਿਆ ਦਾ ਅਧਿਕਾਰ ਕਾਨੂੰਨ ਨੂੰ ਨਿੱਜੀ ਸਿੱਖਿਆ ਸੰਸਥਾਵਾਂ ਵਿੱਚ ਲਾਗੂ ਕਰਵਾਉਣ ਲਈ ਸਮੂਹਿਕ ਰੂਪ ਵਿਚ ਕੋਸ਼ਿਸ਼ ਕਰਨ ਦੀ ਲੋੜ ਤੇ ਜੋਰ ਦਿੱਤਾ।



ਇਸ ਮੀਟਿੰਗ ਦਾ ਸੰਚਾਲਨ ਸ੍ਰੀ ਗੁਰੂ ਰਵਿਦਾਸ ਸਭਾ ਦੇ ਜਨਰਲ ਸਕੱਤਰ ਘਨਸ਼ਾਮ ਨੇ ਕੀਤਾ। ਮੀਟਿੰਗ ਵਿੱਚ ਸਭਾ ਦੇ ਕਾਰਜਕਾਰੀ ਪ੍ਰਧਾਨ ਅਵਤਾਰ ਸਿੰਘ ਦਰਦੀ, ਉਪ ਪ੍ਰਧਾਨ ਗੁਰਦਾਵਰ ਰਾਮ, ਸ਼ਿੰਗਾਰਾ ਰਾਮ ਬਿਰਦੀ, ਕੈਸ਼ੀਅਰ ਸਰਵਣ ਬਿਰਹਾ, ਜਰਨੈਲ ਸਿੰਘ, ਰਾਮਜੀ ਬਾਂਸਲ, ਸੋਹਣ ਲਾਲ ਬਾਗਲਾ, ਜਗਦੀਸ਼ ਵਿਰਦੀ, ਡਾ ਤੀਰਥ ਬਸਰਾ, ਡਾ. ਬਲਕਾਰ ਚੰਦ, ਪਰਸ਼ੋਤਮ ਜੱਖੂ, ਜੀਤ ਸਿੰਘ, ਜ਼ੋਰਾਵਰ ਸਿੰਘ, ਹਰਭਜਨ ਲਾਲ, ਜੋਗਾ ਰਾਮ, ਹੀਰਾ ਲਾਲ, ਬਲਦੇਵ ਸਿੰਘ, ਕਪਿਲ ਦੇਵ, ਅਸ਼ੋਕ ਭਾਟੀਆ, ਭਾਗਮਲ, ਰਾਮ ਕਿਸ਼ਨ ਭੱਟੀ, ਸੈਫ ਦੇ ਜਨਰਲ ਸਕੱਤਰ ਸਤੀਸ਼ ਕੁਮਾਰ, ਪ੍ਰਧਾਨ ਜਸਵੀਰ ਸਿੰਘ, ਪਰਮਜੀਤ ਕੁਮਾਰ, ਅੰਬੇਡਕਰ ਸੈਨਾ ਮੂਲਨਿਵਾਸੀ ਤੋਂ ਧਰਮਵੀਰ ਬੋਧ, ਸਰਪੰਚ ਮਨਜੀਤ ਮਾਨ, ਮਨੀ ਅੰਬੇਡਕਰੀ, ਬਲਵਿੰਦਰ ਬੋਧ, ਸੰਜੀਵ ਕੁਮਾਰ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ ਹਾਜ਼ਿਰ ਸਨ।

# ਡਾ. ਤੀਰ ਜੋੜੀ ਨੇ ਮਨਾਈ ਵਿਆਹ ਦੀ 50ਵੀਂ ਵਰ੍ਹੇਗੰਢ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਸਰਪ੍ਰਸਤ ਅਤੇ ਪ੍ਰਸਿੱਧ ਅਧਿਆਪਕ ਡਾ. ਮਨਮੋਹਨ ਸਿੰਘ ਤੀਰ ਅਤੇ ਡਾ. ਪਰਮਜੀਤ ਕੌਰ ਹੁਰਾਂ ਨੇ ਆਪਣੇ ਵਿਆਹ ਦੀ 50ਵੀਂ ਵਰ੍ਹੇਗੰਢ ਸਾਹਿਤ ਨੂੰ ਸਮਰਪਿਤ ਹੋ ਕੇ ਮਨਾਈ। ਡਾ. ਮਨਮੋਹਨ ਸਿੰਘ ਤੀਰ ਅਤੇ ਡਾ. ਪਰਮਜੀਤ ਕੌਰ ਲੰਬਾ ਸਮਾਂ ਅਧਿਆਪਨ ਦੇ ਖਿਤੇ ਨਾਲ ਜੁੜੇ ਰਹੇ।ਦੋਵਾਂ ਨੇ ਅਧਿਆਪਨ ਦਾ ਸਫ਼ਰ ਸਰਕਾਰੀ ਸਕੂਲ ਤੋਂ ਪੰਜਾਬੀ ਵਿਸ਼ੇ ਵਜੋਂ ਸ਼ੁਰੂ ਕੀਤਾ।ਡਾ. ਮਨਮੋਹਨ ਸਿੰਘ ਤੀਰ ਸਕੂਲ ਤੋਂ ਕਾਲਜ ਤਕ ਪਹੁੰਚੇ ਅਤੇ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪੰਜਾਬੀ ਦੇ ਬਤੌਰ ਐਸੋਸੀਏਟ ਪ੍ਰੋਫੈਸਰ ਸੇਵਾ ਮੁਕਤ ਹੋਏ।



ਉਨ੍ਹਾਂ ਨੇ ਪਾਕਿਸਤਾਨ ਦੀ ਪੰਜਾਬੀ ਕਹਾਣੀ 'ਤੇ ਡਾਕਟ੍ਰੇਟ ਕੀਤੀ। ਕਰਫਿਊ ਜਾਰੀ ਹੈ, ਲੰਮੀਆਂ ਵਾਟਾਂ ਸੰਪਾਦਨ ਅਤੇ ਲਿਪੀ ਅੰਤਰ, ਪਾਕਿਸਤਾਨੀ ਪੰਜਾਬੀ ਕਹਾਣੀ ਦਾ ਸੰਖੇਪ ਜਾਇਜ਼ਾ, ਬਿੱਲੀ ਦੇ ਬਲੂੰਬੜੇ, ਯਾਦਾਂ ਬਾਘਿਓਂ ਪਾਰ ਦੀਆਂ, ਆਓ ਆਸਟਰੇਲੀਆ ਚੱਲੀਏ, ਸਵੈ ਜੀਵਨੀ ਸੁਰਮਈ ਪੈੜਾਂ, ਗੁੜ ਜੌਬ ਕਿਤਾਬਾਂ ਦੀ ਸਿਰਜਣਾ ਕੀਤੀ। ਡਾ. ਪਰਮਜੀਤ ਕੌਰ ਹੁਰਾਂ ਦੀ ਡਾਕਟ੍ਰੇਟ ਜਸਵੰਤ ਸਿੰਘ ਕੰਵਲ ਦੇ ਨਾਵਲੀ ਜਗਤ ਵਿਸ਼ੇ 'ਤੇ ਹੈ। ਮੈਡਮ ਹੁਰੀਂ ਬਤੌਰ ਲੈਕਚਰਾਰ ਸਰਕਾਰੀ ਸੀਨੀਅਰ ਸੈਕੰਡਰੀ ਘੰਟਾ ਘਰ ਤੋਂ ਸੇਵਾ ਮੁਕਤ ਹੋਏ। ਇਨ੍ਹਾਂ ਨੇ ਭਾਵੇਂ ਉਂਗਲਾਂ ਦੇ ਪੋਟਿਆਂ 'ਤੇ ਹੀ ਗਿਣੀਆਂ ਜਾ ਸਕਣ ਵਾਲੀਆਂ ਕਹਾਣੀਆਂ ਦੀ ਸਿਰਜਣਾ ਕੀਤੀ ਪਰ ਇਹ ਕਹਾਣੀਆਂ ਚਰਚਾ ਦਾ ਵਿਸ਼ਾ ਬਣੀਆਂ। ਤੀਰ ਜੋੜੀ ਹੁਰਾਂ ਵੱਲੋਂ ਪੜ੍ਹਾਏ ਵਿਦਿਆਰਥੀਆਂ ਨੇ ਜ਼ਿੰਦਗੀ ਵਿੱਚ ਬਹੁਤ ਮੱਲਾਂ ਮਾਰੀਆਂ ਹਨ। ਜ਼ਿੰਦਗੀ ਦੇ 50 ਵਰ੍ਹੇ ਸਾਹਿਤ ਨੂੰ ਪੜ੍ਹਦਿਆਂ ਪੜ੍ਹਾਉਂਦਿਆਂ ਤੀਰ ਜੋੜੀ ਹੁਣ ਵੀ ਲਗਾਤਾਰ ਸ਼ਬਦਾਂ ਨਾਲ ਜੁੜੀ ਹੋਈ ਸਾਹਿਤਕ ਪੈੜਾਂ ਪਾ ਰਹੀ ਹੈ।

ਤਿੰਨ ਧੀਆਂ ਜਵਾਈਆਂ ਦੋਹਤੇ ਦੋਹਤੀਆਂ ਮਿੱਤਰਾਂ ਦੋਸਤਾਂ ਨਾਲ ਹਸੂੰ ਹਸੂੰ ਜ਼ਿੰਦਗੀ ਗੁਜ਼ਾਰ ਰਹੀ ਇਸ ਖ਼ੂਬਸੂਰਤ ਜੋੜੀ ਨੂੰ ਪੰਜਾਹ ਵੀਂ ਵਿਆਹ ਵਰ੍ਹੇਗੰਢ ਦੀਆਂ ਵਧਾਈਆਂ ਦੇਣ ਵਾਲਿਆਂ ਵਿੱਚ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਤੋਂ ਇਲਾਵਾ ਡਾ. ਵਿਭੋਰ ਸੰਦਲ, ਡਾ. ਸੁਖਦੇਵ ਸੰਦਲ, ਡਾ. ਸੁਖਦੀਪ ਕੌਰ, ਮੋਹਨਜੀਤ, ਭੁਪਿੰਦਰ ਸਿੰਘ, ਅਵਤਾਰ ਸਿੰਘ, ਸਤਵਿੰਦਰ ਕੌਰ, ਅਮਰਜੀਤ ਕੌਰ, ਨੀਨਾ, ਨਿਮਰਪ੍ਰੀਤ, ਸਰਗਮਪ੍ਰੀਤ, ਸਮੀਸ਼ਾ ਤੇ ਸਾਨਵੀ ਸ਼ਾਮਿਲ ਸਨ।

# ਸਰਕਾਰੀ ਹਾਈ ਸਕੂਲ ਟੂਟੋ ਮਜਾਰਾ ਦੇ ਕਲਾਕਾਰ ਵਿਦਿਆਰਥੀ ਸਨਮਾਨਿਤ ਕੀਤੇ ਗਏ

**ਮਾਹਿਲਪੁਰ (ਮਾਨ)** ਬੱਚਿਆਂ ਦੀਆਂ ਕਲਾਤਮਿਕ ਰੁਚੀਆਂ ਨੂੰ ਉਭਾਰਨ ਦੇ ਮੰਤਵ ਨਾਲ ਨਵੇਂ ਸੈਸ਼ਨ ਦੇ ਪਹਿਲੇ ਬੈਗਲੈਸ ਡੇ ਮੌਕੇ ਸਰਕਾਰੀ ਹਾਈ ਸਕੂਲ ਟੂਟੋ ਮਜਾਰਾ ਦੇ ਮੁਖੀ ਬਲਬੀਰ ਦਿਖਾਉਣ ਦੇ ਸਮਰੱਥ ਹਨ।

ਇਸ ਮੌਕੇ ਕਲਾਕਾਰ ਬੱਚਿਆਂ ਦੁਆਰਾ ਤਿਆਰ ਕੀਤੀਆਂ ਕਲਾਤਮਿਕ ਵਸਤਾਂ ਅਤੇ ਚਿੱਤਰਾਂ ਦੀ ਨੁਮਾਇਸ਼ ਵੀ



ਸਿੰਘ ਵਲੋਂ ਇੱਕ ਸ਼ਾਨਦਾਰ ਕਲਚਰਲ ਐਕਸਚੇਂਜ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਲਾਤਮਿਕ ਸਰਗਰਮੀਆਂ ਦੀ ਮਹੱਤਤਾ ਅਤੇ ਬੱਚਿਆਂ ਨੂੰ ਕਲਾਕਾਰ ਬਣਨ ਦੇ ਤੌਰ ਤਰੀਕੇ ਦੱਸੇ। ਵਿਦਿਆਰਥੀਆਂ ਨਾਲ ਸੰਵਾਦ ਰਚਾਉਂਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੇ ਅੰਦਰ ਛੁਪੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ ਉਹ ਜੀਵਨ ਵਿੱਚ ਸਫਲਤਾ ਦੀਆਂ ਪੌੜੀਆਂ ਚੜ੍ਹਦੇ ਹਨ। ਉਹਨਾਂ ਅੱਗੇ ਕਿਹਾ ਕਿ ਹਰ ਵਿਦਿਆਰਥੀ ਵਿੱਚ ਕਲਾ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ। ਇਸ ਲਈ ਉਹ ਅਸੰਭਵ ਨੂੰ ਸੰਭਵ ਕਰਕੇ ਲਗਾਈ ਗਈ। ਕਲਾਤਮਿਕ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ, ਅਨਮੋਲ ਅਗਨੀਹੋਤਰੀ, ਸੁਹਾਨ, ਅਨਮੋਲ ਪ੍ਰੀਤ ਕੌਰ ਅਤੇ ਹਰਕੀਰਤ ਕੌਰ ਨੂੰ ਇਨਾਮ ਪ੍ਰਦਾਨ ਕੀਤੇ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਵਿੰਦਰ ਕੁਮਾਰ ਦੁਆਰਾ ਬਾਖੂਬੀ ਨਿਭਾਈ ਗਈ।

ਇਸ ਮੌਕੇ ਰੇਨੂ ਬਾਲਾ, ਵਨੀਤਾ ਜੱਸਲ, ਰਵਿੰਦਰ ਕੁਮਾਰ, ਵਰਿੰਦਰ ਕੌਰ,ਮਨਦੀਪ ਸਿੰਘ, ਕੁਲਵਿੰਦਰ ਕੌਰ ਕੁਲਦੀਪ ਸਿੰਘ, ਅਮਰੀਕ ਸਿੰਘ, ਪ੍ਰਵੀਨ ਕੌਰ, ਮਨਦੀਪ ਕੌਰ, ਪੂਨਮ ਬੇਦੀ ਸਮੇਤ ਸਕੂਲ ਮੈਨੇਜਿੰਗ ਕਮੇਟੀ ਮੈਂਬਰ, ਵਿਦਿਆਰਥੀ ਅਤੇ ਮਾਪੇ ਸ਼ਾਮਿਲ ਹੋਏ।

# ਵੈਲਫੇਅਰ ਕਲੱਬ ਚੰਦੇਲੀ ਵੱਲੋਂ ਪਿੰਡ ਦੇ 50 ਖਿਡਾਰੀਆਂ ਨੂੰ ਵਰਦੀਆਂ ਵੰਡੀਆਂ ਗਈਆਂ



**ਮਾਹਿਲਪੁਰ (ਮਾਨ)** ਪਿੰਡ ਦੀ ਨਵੀਂ ਬਣੀ ਪੰਚਾਇਤ ਵੱਲੋਂ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਦੇ ਵਿਕਾਸ ਨੂੰ ਨਵੀਆਂ ਲੀਹਾਂ ਦਿੱਤੀਆਂ ਜਾ ਰਹੀਆਂ ਹਨ।

ਪਿੰਡ ਦੀ ਸਰਪੰਚ ਮੈਡਮ ਕਮਲ ਅਤੇ ਉਹਨਾਂ ਦੇ ਜੀਵਨ ਸਾਥੀ ਜੀਵਨ ਚੰਦੇਲੀ ਵੱਲੋਂ ਯੋਗ ਅਗਵਾਈ ਸਦਕਾ ਹਰ ਖੇਤਰ ਵਿੱਚ ਪਿੰਡ ਅੱਗੇ ਵੱਧ ਰਿਹਾ ਹੈ। ਹੁਣ ਐਨਆਰਆਈ ਵੀਰਾਂ ਨੇ ਪਿੰਡ ਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯਤਨ ਆਰੰਭੇ ਹਨ। ਜਿਨ੍ਹਾਂ ਵਿੱਚ ਅੱਜ 50 ਦੇ ਕਰੀਬ ਖਿਡਾਰੀਆਂ ਨੂੰ ਕਿੱਟਾਂ ਦਿੱਤੀਆਂ ਗਈਆਂ।ਇਸ ਤੋਂ ਇਲਾਵਾ ਵੱਖ ਵੱਖ-ਵੱਖ ਅਕੈਡਮੀਆਂ ਵਿਚ ਚੁਣੇ ਗਏ ਤਿੰਨ ਬੱਚਿਆਂ ਹਰਸ਼, ਸੌਰਵ ਅਤੇ ਟਿੰਡੀ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਕਲੱਬ ਦੇ ਪ੍ਰਧਾਨ ਜੀਵਨ ਚੰਦੇਲੀ ਨੇ ਕਿਹਾ ਕਿ ਇਹਨਾਂ ਬੱਚਿਆਂ ਦਾ ਵੱਖ-ਵੱਖ ਅਕੈਡਮੀਆਂ ਵਿਚ ਚੁਣੇ ਜਾਣਾ ਸਾਡੀ ਸ਼ੁਰੂਆਤੀ ਪ੍ਰਾਪਤੀ ਹੈ। ਆਸ ਹੈ ਕਿ ਇਹ ਬੱਚੇ ਚੰਗੇ ਖਿਡਾਰੀਆਂ ਵਜੋਂ ਆਪਣਾ ਭਵਿੱਖ ਬਣਾਉਣਗੇ ਅਤੇ ਹੋਰ ਬੱਚੇ ਵੀ ਇਹਨਾਂ ਤੋਂ ਪ੍ਰੇਰਣਾ ਲੈ ਕੇ ਇਸ ਤਰ੍ਹਾਂ ਦੇ ਚੰਗੇ ਕਦਮ ਪੁੱਟਣਗੇ। ਕਲੱਬ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਜੀਵਨ ਚੰਦੇਲੀ ਦੇ ਨਾਲ ਮੁੱਖ ਸਲਾਹਕਾਰ ਗੁਰਜਿੰਦਰ ਸਿੰਘ ਲਵਲੀ ,ਸੀਨੀਅਰ ਮੀਤ ਪ੍ਰਧਾਨ ਅਰਵਿੰਦਰ ਸਿੰਘ ਸੋਢੀ, ਕਾਰਜਕਾਰਨੀ ਮੈਂਬਰ ਜਗਦੀਸ਼ ਪਾਲ ਜੀ ਬਿਜਲੀ ਬੋਰਡ, ਜਨਰਲ ਸਕੱਤਰ ਹਰਜੀਤ ਸਿੰਘ ਲਾਡੀ, ਪਲਵਿੰਦਰ ਸਿੰਘ ਪਾਲੀ, ਮੀਕਾ ਸਿੰਘ ਅਤੇ ਭੁਪਿੰਦਰ ਸਿੰਘ ਵੀ ਮੌਜੂਦ ਰਹੇ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ 'ਕੋਮੀਅਨਜ਼ੋ' ਮੈਨੇਜਮੈਂਟ ਫੈਸਟ ਅਤੇ ਵਿਦਾਇਗੀ ਪਾਰਟੀ

**ਮੰਡੀ ਗੋਬਿੰਦਗੜ੍ਹ–**ਦੇਸ਼ ਭਗਤ ਯੂਨੀਵਰਸਿਟੀ ਦੇ ਬਿਜ਼ਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਵੱਲੋਂ ਜਸ਼ਨ ਅਤੇ ਉਰਜਾ ਭਰੇ




ਪ੍ਰੋਗਰਾਮ, ' ਕੋਮੀਏਂਜ਼ੋ'– ਦ ਮੈਨੇਜਮੈਂਟ ਫੈਸਟ ਦੀ ਮੇਜ਼ਬਾਨੀ ਕੀਤੀ, ਜਿਸ ਤੋਂ ਬਾਅਦ 2025 ਦੇ ਗ੍ਰੈਜੂਏਟਸ ਲਈ ਇੱਕ ਭਾਵਨਾਤਮਕ ਵਿਦਾਇਗੀ ਪਾਰਟੀ ਦਾ ਆਯੋਜਨ ਵੀ ਕੀਤਾ ਗਿਆ।

ਨਵੀਂ ਸ਼ੁਰੂਆਤ ਅਤੇ ਰਚਨਾਤਮਕ ਸਹਿਯੋਗ ਦਾ ਪ੍ਰਤੀਕ, ਕੋਮੀਏਂਜ਼ੋ - ਇੱਕ ਸਪੈਨਿਸ਼ ਸ਼ਬਦ ਜਿਸਦਾ ਅਰਥ ਹੈ 'ਸ਼ੁਰੂਆਤ'- ਵਿਦਿਆਰਥੀਆਂ ਲਈ ਆਪਣੀ ਵਪਾਰਕ ਸੂਝ ਅਤੇ ਲੀਡਰਸ਼ਿਪ ਸਮਰੱਥਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸ ਫੈਸਟ ਵਿੱਚ ਬਿਜ਼ਨਸ ਕੁਇਜ਼, ਮਾਰਕੀਟਿੰਗ ਬੈਟਲ, ਮੈਨੇਜਮੈਂਟ ਖੇਡਾਂ, ਡਿਬੇਟਸ ਅਤੇ ਸੱਭਿਆਚਾਰਕ ਪ੍ਰਦਰਸ਼ਨਾਂ ਸਮੇਤ ਗਤੀਵਿਧੀਆਂ ਦੀ ਇੱਕ ਜੀਵੰਤ ਲਾਈਨਅੱਪ ਸ਼ਾਮਲ ਸੀ। ਇਸ ਸਮਾਗਮ ਦਾ ਉਦਘਾਟਨ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਨੇ ਕੀਤਾ, ਜਿਨ੍ਹਾਂ ਨੇ ਵਿਦਿਆਰਥੀਆਂ ਵਿੱਚ ਉੱਦਮੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਵਾਈਸ ਚਾਂਸਲਰ ਡਾ। ਹਰਸ਼ ਸਦਾਵਰਤੀ ਅਤੇ ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ, ਭਵਿੱਖ ਦੇ ਕਾਰੋਬਾਰੀ ਨੇਤਾਵਾਂ ਨੂੰ ਆਕਾਰ ਦੇਣ ਵਿੱਚ ਅਜਿਹੇ ਅਨੁਭਵੀ ਸਿਖਲਾਈ ਪਲੇਟਫਾਰਮਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਇਸ ਤੋਂ ਬਾਅਦ, ਅੰਤਿਮ ਸਾਲ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦੀ ਸ਼ੁਰੂਆਤ ਦੇ ਨਾਲ ਮਾਹੌਲ ਹੋਰ ਵੀ ਭਾਵੁਕ ਹੋ ਗਿਆ। ਜੂਨੀਅਰ ਵਿਦਿਆਰਥੀਆਂ ਨੇ ਆਪਣੇ ਸੀਨੀਅਰ ਵਿਦਿਆਰਥੀਆਂ ਨੂੰ ਭਾਵਪੂਰਨ ਪ੍ਰਦਰਸ਼ਨਾਂ ਅਤੇ ਨਿੱਘੀਆਂ ਸ਼ੁਭਕਾਮਨਾਵਾਂ ਨਾਲ ਸਨਮਾਨਿਤ ਕੀਤਾ, ਜਦੋਂ ਕਿ ਸੀਨੀਅਰ ਵਿਦਿਆਰਥੀਆਂ ਨੇ ਆਪਣੀਆਂ ਯਾਤਰਾਵਾਂ ਨੂੰ ਯਾਦ ਕੀਤਾ ਅਤੇ ਭਵਿੱਖ ਲਈ ਸੁਪਨੇ ਸਾਂਝੇ ਕੀਤੇ। ਇਸ ਦੌਰਾਨ ਮਿਸਟਰ ਫੇਅਰਵੈੱਲ (ਜਸ਼ਨਦੀਪ ਸਿੰਘ) ਅਤੇ ਮਿਸ ਫੇਅਰਵੈੱਲ (ਸਨੇਹਾ), ਮਿਸਟਰ ਕਾਰਪੋਰੇਟ (ਲੋਇਡ ਅਸਤ) ਅਤੇ ਮਿਸ ਕਾਰਪੋਰੇਟ (ਗ੍ਰੇਸ), ਮਿਸਟਰ ਪਰਸਨੈਲਿਟੀ (ਮੋਹਿਤ) ਅਤੇ ਮਿਸ ਪਰਸਨੈਲਿਟੀ (ਕਸਕ), ਅਤੇ ਮਿਸਟਰ ਹੈਂਡਸਮ (ਰਾਹੁਲ) ਅਤੇ ਮਿਸ ਬਿਊਟੀਫੁੱਲ (ਮਨੀ) ਵਰਗੇ ਖਿਤਾਬਾਂ ਨਾਲ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਬਿਜ਼ਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਦੀ ਡਾਇਰੈਕਟਰ ਡਾ। ਰਜਨੀ ਸਲੂਜਾ ਨੇ ਪ੍ਰਬੰਧਕ ਟੀਮ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਉਨ੍ਹਾਂ ਦੇ ਸਮਰਪਣ ਅਤੇ ਉਤਸ਼ਾਹ ਲਈ ਦਿਲੋਂ ਧੰਨਵਾਦ ਕੀਤਾ, ਜਿਸ ਕਾਰਨ ਇਹ ਸਮਾਗਮ ਸ਼ਾਨਦਾਰ ਸਫਲਤਾ ਨਾਲ ਸਮਾਪਤ ਹੋਇਆ।

ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਦਾਤੇ ਕਾਜ ਰਚਾਇਆ, ਅਪਣੀ ਮੇਹਰ ਕਰਾਈ। ਦਾਸਾਂ ਕਾਰਜ ਆਪ ਸਵਾਰੇ, ਇਹ ਉਸ ਦੀ ਵਡਿਆਈ॥

# ਮੋਮੀ ਅਤੇ ਗਰੇਵਾਲ ਪਰਿਵਾਰਾਂ ਦੇ ਬੱਚਿਆਂ ਦਾ ਸ਼ੁਭ ਆਨੰਦ ਕਾਰਜ

















**ਫਰਿਜ਼ਨੋ (ਦੇਸ਼ ਦੁਆਬਾ ਬਿਊਰੋ)** 11 ਅਪ੍ਰੈਲ 2025, ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਕੈਲੇਫੋਰਨੀਆ 'ਚ ਮੋਟਲ ਕਾਰੋਬਾਰ, ਸਮਾਜਿਕ ਅਤੇ ਧਾਰਮਿਕ ਰੁਚੀਆਂ 'ਚ ਨਾਮਣਾ ਖੱਟਣ ਵਾਲੇ ਬੇਕਰਜ਼ਫੀਲਡ ਨਿਵਾਸੀ ਮੋਮੀ ਪਰਿਵਾਰ ਦੇ ਸ੍ਰੀਮਤੀ ਬਲਵੀਰ ਕੌਰ ਅਤੇ ਸ੍ਰੀ ਪ੍ਰੇਮ ਸਿੰਘ (ਸੋਢੀ) ਦੀ ਹੋਣਹਾਰ ਸਪੁੱਤਰੀ ਰਾਜਵੰਤ ਕੌਰ ਦਾ ਸ਼ੁਭ ਆਨੰਦ ਕਾਰਜ ਕਾਕਾ ਹਰਿੰਦਰ ਸਿੰਘ ਸਪੁੱਤਰ ਸ੍ਰੀਮਤੀ ਬਲਜੀਤ ਕੌਰ ਅਤੇ ਸਵਰਗੀ ਸ੍ਰੀ ਗੁਰਮੀਤ ਸਿੰਘ ਗਰੇਵਾਲ ਨਾਲ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ 'ਚ ਹੋਇਆ।

ਇਸ ਮੌਕੇ ਦੋਵੇਂ ਮੋਮੀ ਅਤੇ ਗਰੇਵਾਲ ਪਰਿਵਾਰਾਂ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸ਼ਖਸੀਅਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਜਿੱਥੇ ਵਿਆਹੁਤਾ ਸੁਭਾਗੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਅਤੇ ਦੋਵੇਂ ਮੋਮੀ-ਗਰੇਵਾਲ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ। ਇਸ ਸ਼ੁਭ ਆਨੰਦ ਕਾਰਜ ਦੀ ਖੁਸ਼ੀ ਮੌਕੇ ਸ੍ਰੀ ਸੁਰਿੰਦਰ ਸਿੰਘ ਨਿੱਝਰ, ਡਾ. ਹਰਮੇਸ਼ ਕੁਮਾਰ, ਸ੍ਰੀ ਬੰਸੀ ਲਾਲ ਬੰਗੜ ਅਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਮੋਮੀ-ਗਰੇਵਾਲ ਪਰਿਵਾਰਾਂ ਨੂੰ ਦਿਲੀ ਹਾਰਦਿਕ ਵਧਾਈਆਂ ਦੇ ਨਾਲ-ਨਾਲ ਸੁਭਾਗੀ ਜੋੜੀ ਨੂੰ ਢੇਰ ਸਾਰਾ ਪਿਆਰ ਦਿੰਦਿਆਂ ਇਹਨਾਂ ਬੱਚਿਆਂ ਦੇ ਵਿਆਹੁਤਾ ਜੀਵਨ ਲਈ ਸ਼ੁਭ ਕਾਮਨਾਵਾਂ ਕੀਤੀਆਂ ਅਤੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਹੋਏ ਆਨੰਦ ਕਾਰਜ, ਮਿਲੀਆਂ ਖੁਸ਼ੀਆਂ ਅਤੇ ਸਿੱਖਿਅਵਾਂ ਨੂੰ ਆਪਣੇ ਜੀਵਨ 'ਚ ਅਪਣਾਉਣ ਲਈ ਪ੍ਰੇਰਨਾ ਦਿੱਤੀ। ਇਸ ਉਪਰੰਤ ਵਿਆਹ ਦੀਆਂ ਰਸਮਾਂ ਬਹੁਤ ਹੀ ਸਾਦਗੀ ਤੇ ਸੁਚੱਜੇ ਢੰਗ ਨਾਲ ਹੋਈਆਂ।

ਸਟੇਜ ਦੀ ਸੇਵਾ ਨਿਭਾਉਂਦਿਆਂ ਸ੍ਰੀ ਕੁਲਦੀਪ ਸਿੰਘ ਬੰਗੜ (ਗੁਰੂ ਘਰ ਦੇ ਜਨਰਲ ਸਕੱਤਰ) ਨੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਦੋਵੇਂ ਮੋਮੀ-ਗਰੇਵਾਲ ਪਰਿਵਾਰਾਂ ਨੂੰ ਬਹੁਤ-ਬਹੁਤ ਵਧਾਈਆਂ ਦਿੱਤੀਆਂ ਤੇ ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਵਿਆਹੁਤਾ ਜੀਵਨ ਸਫਲਾ ਕਰਨ।

ਭਾਈ ਸਾਹਿਬਾਨ ਨੇ ਰਸਭਿੰਨਾ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕਰਦਿਆਂ ਆਨੰਦ ਕਾਰਜ ਦੀਆਂ ਚਾਰ ਲਾਵਾਂ ਦੇ ਆਨੰਦ ਕਾਰਜ ਸੰਪੂਰਨ ਕੀਤਾ ਤੇ ਗੁਰੂ ਘਰ ਦੇ ਮੁੱਖ ਵਜ਼ੀਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦਿੱਤਾ।

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ ਮੋਮੀ ਅਤੇ ਗਰੇਵਾਲ ਪਰਿਵਾਰਾਂ ਨੂੰ ਇਸ ਸ਼ੁੱਭ ਆਨੰਦ ਕਾਰਜ ਦੀਆਂ ਲੱਖ-ਲੱਖ ਵਧਾਈਆਂ ਦਿੰਦਾ ਹੈ।


# ਮੋਮੀ ਅਤੇ ਗਰੇਵਾਲ ਪਰਿਵਾਰਾਂ ਦੇ ਬੱਚਿਆਂ ਦਾ ਸ਼ੁਭ ਆਨੰਦ ਕਾਰਜ

























# ਇਤਿਹਾਸਿਕ ਸਥਾਨ ਅੰਬੇਡਕਰ ਭਵਨ ਜਲੰਧਰ 'ਚ ਬੁੱਧ ਜਯੰਤੀ 12 ਮਈ ਨੂੰ ਮਨਾਈ ਜਾਏਗੀ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਭੂਮੀ ਅੰਬੇਡਕਰ ਭਵਨ ਵਿਖੇ ਬੁੱਧ ਜਯੰਤੀ 12 ਮਈ ਨੂੰ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਮਾਨਯੋਗ ਭੰਤੇ ਚੰਦਰ ਕੀਰਤੀ ਜੀ ਧੱਮ ਦੇਸਨਾ ਦੇਣਗੇ। ਬੁੱਧ ਜਯੰਤੀ ਮੌਕੇ ਹੋਰ ਵੀ ਬੁੱਧੀਜੀਵੀ ਸਾਥੀ ਆਪਣੇ ਵਿਚਾਰ ਪੇਸ਼ ਕਰਨਗੇ। ਬਲਦੇਵ ਭਾਰਦਵਾਜ ਨੇ ਕਿਹਾ ਕਿ ਮੀਟਿੰਗ ਵਿੱਚ 14 ਅਪ੍ਰੈਲ ਨੂੰ ਸੁਸਾਇਟੀ ਵੱਲੋਂ ਮਨਾਏ ਗਏ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਦੇ 134ਵੇਂ ਜਨਮ ਦਿਨ ਸਮਾਗਮ ਦੀ ਸਮੀਖਿਆ ਕੀਤੀ ਗਈ। ਸੁਸਾਇਟੀ ਦੇ ਅਹੁਦੇਦਾਰਾਂ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੇ ਸਮਾਗਮ



ਦੀ ਸਫਲਤਾ ਤੇ ਤਸੱਲੀ ਪ੍ਰਗਟ ਕੀਤੀ ਅਤੇ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਸਭ ਮਹਿਮਾਨਾ, ਬੁਲਾਰਿਆਂ, ਭਾਗੀਦਾਰਾਂ ਅਤੇ ਸ਼ੁਭ ਚਿੰਤਕਾਂ ਦੁਆਰਾ ਤਨ, ਮਨ, ਧਨ ਨਾਲ ਸਹਿਯੋਗ ਕਰਨ ਲਈ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੀਟਿੰਗ ਦੇ ਅਖੀਰ ਵਿੱਚ ਪਿਛਲੇ ਦਿਨੀ ਜੇ ਐਂਡ ਕੇ ਵਿੱਚ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਵਿੱਚ 27 ਭਾਰਤੀਆਂ ਦੇ ਮਾਰੇ ਜਾਣ ਦੀ ਸੁਸਾਈਟੀ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਦੋ ਮਿੰਟ ਦਾ ਮੋਨ ਧਾਰਨ ਕਰਕੇ ਮਰਨ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ, ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਭਾਰਤ ਸਰਕਾਰ ਕੋਲੋਂ ਇਸ ਗੱਲ ਦੀ ਮੰਗ ਕੀਤੀ ਗਈ ਕਿ ਇਸ ਕਤਲੇਆਮ ਵਿੱਚ ਸ਼ਾਮਿਲ ਲੋਕਾਂ ਨੂੰ ਜਲਦ ਤੋਂ ਜਲਦ ਸਖਤ ਸਜ਼ਾ ਦਿੱਤੀ ਜਾਵੇ। ਇਸ ਮੌਕੇ ਪ੍ਰੋਫੈਸਰ ਬਲਬੀਰ, ਸੋਹਨ ਲਾਲ, ਡਾ. ਜੀ. ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਡਾ ਮਹਿੰਦਰ ਸੰਧੂ, ਐਡਵੋਕੇਟ ਪਰਮਿੰਦਰ ਸਿੰਘ ਖੁਤਣ, ਜਸਵਿੰਦਰ ਵਰਿਆਣਾ ਤਿਲਕਰਾਜ ਅਤੇ ਗੌਤਮ ਬੌਧ ਹਾਜਰ ਸਨ।

# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ 134ਵਾਂ ਜਨਮ ਉਤਸਵ ਉਤਸਾਹ ਤੇ ਧੂਮਧਾਮ ਨਾਲ ਮਨਾਇਆ ਗਿਆ

## ਸਮਤਾ, ਸੁਤੰਤਰਤਾ ਅਤੇ ਆਪਸੀ ਸਾਂਝ ਨੂੰ ਸਥਾਪਿਤ ਕਰਕੇ ਹੀ ਦੇਸ਼ ਦੀ ਪ੍ਰਗਤੀ ਸੰਭਵ ਹੋ ਸਕਦੀ – ਪ੍ਰੋਫੈਸਰ ਜਗਮੋਹਨ ਸਿੰਘ

















**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸਹਿਯੋਗ ਨਾਲ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਦਾ 134ਵਾਂ ਜਨਮ ਉਤਸਵ ਬੜੀ ਖੁਸ਼ੀ, ਉਤਸਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸ਼੍ਰੀ ਹੰਸ ਰਾਜ ਸਾਂਪਲਾ ਯੂਕੇ ਮੁੱਖ ਮਹਿਮਾਨ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਤਥਾਗਤ ਬੁੱਧ ਦੀ ਮੂਰਤੀ ਦੇ ਨਜ਼ਦੀਕ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਪ੍ਰਤਿਮਾ ਦੀ ਸਥਾਪਤੀ ਦਾ ਉਦਘਾਟਨ ਯੂਕੇ ਤੋਂ ਆਏ ਪ੍ਰਸਿੱਧ ਬੋਧੀ, ਅੰਬੇਡਕਰੀ ਅਤੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਹੰਸ ਰਾਜ ਸਾਂਪਲਾ ਨੇ ਆਪਣੇ ਕਰ ਕਮਲਾਂ ਨਾਲ ਸਤਿਕਾਰਯੋਗ ਭੰਤੇ ਚੰਦਰ ਕੀਰਤੀ ਜੀ ਦੀ ਮੌਜੂਦਗੀ 'ਚ ਕੀਤਾ। ਯਾਦ ਰਹੇ ਕਿ ਸਾਂਪਲਾ ਪਰਿਵਾਰ ਵੱਲੋਂ ਹੀ ਲੱਖਾਂ ਰੁਪਏ ਖਰਚ ਕਰਕੇ ਬੇਸ਼ ਕੀਮਤੀ ਤੋਹਫਾ ਬਾਬਾ ਸਾਹਿਬ ਦੀ ਇਹ ਪ੍ਰਤਿਮਾ ਮੁੰਬਈ ਤੋਂ ਤਿਆਰ ਕਰਵਾ ਕੇ ਅੰਬੇਡਕਰ ਭਵਨ ਵਿੱਚ ਸਥਾਪਿਤ ਕੀਤੀ ਗਈ ਹੈ। ਸ੍ਰੀ ਹੰਸਰਾਜ ਸਾਂਪਲਾ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ 1960ਵੇਂ ਦਹਾਕੇ ਤੋਂ ਹੀ ਇੰਗਲੈਂਡ ਵਿਖੇ ਸੈਟਲ ਹੈ ਅਤੇ ਲਗਭਗ 60 ਸਾਲ ਤੋਂ ਅੰਬੇਡਕਰੀ ਫਲਸਫੇ ਅਤੇ ਬੋਧੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹੈ। ਪੰਜਾਬ ਦੇ ਪ੍ਰਮੁੱਖ ਅਤੇ ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵੱਲੋਂ ਜਾਰੀ ਗਤੀਵਿਧੀਆਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਅੰਬੇਡਕਰ ਭਵਨ ਟਰੱਸਟ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦੀ ਵਚਨ ਬੱਧਤਾ ਨੂੰ ਦੁਹਰਾਇਆ ਅੰਬੇਡਕਰ ਭਵਨ 'ਚ ਬਾਬਾ ਸਾਹਿਬ ਦਾ ਬੁੱਤ ਲਗਾਉਣ ਵਾਸਤੇ ਉੱਘੇ ਅੰਬੇਡਕਰੀ ਅਤੇ ਬੁੱਧਿਸਟ ਡਾ। ਹਰਬੰਸ ਵਿਰਦੀ ਲੰਡਨ (ਯੂਕੇ) ਦੀ ਅਹਿਮ ਭੂਮਿਕਾ ਹੈ। ਇਸ ਅਵਸਰ ਤੇ ਮੁੱਖ ਬੁਲਾਰੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਡਾ. ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਸਮਾਜਿਕ ਸਮਾਨਤਾ, ਸੁਤੰਤਰਤਾ, ਨਿਆਂ, ਭਾਈਚਾਰਕ ਸਾਂਝ, ਤਰਕਸ਼ੀਲ ਅਤੇ ਵਿਗਿਆਨਕ ਸੋਚ ਅਧਾਰਤ ਵਿਚਾਰਧਾਰਾ ਵਿੱਚ ਸਾਂਝ ਸਥਾਪਿਤ ਕਰਦਿਆਂ ਬਾਬਾ ਸਾਹਿਬ ਦੀ ਪੁਸਤਕ ਜਾਤ ਪਾਤ ਦਾ ਬੀਜ ਨਾਸ਼ ਅਤੇ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸੱਤਾ ਪੇਸ਼ਵਾਈ ਵਿਚਾਰਧਾਰਾ ਅਰਥਾਤ ਬ੍ਰਾਹਮਣਵਾਦੀ, ਪੁਰੋਹਿਤਵਾਦੀ ਅਤੇ ਪੂੰਜੀਵਾਦੀ ਸੋਚ ਦੀ ਤਰਜਮਾਨੀ ਕਰਦਿਆਂ ਦੇਸ਼ ਅੰਦਰਲੀ ਸਮਾਜਿਕ ਨਿਆਂ ਅਧਾਰਤ ਭਾਈਚਾਰਕ ਸਾਂਝ ਨੂੰ ਤਹਿਸ਼ ਨਹਿਸ਼ ਕਰ ਰਹੀ ਹੈ । ਇਨ੍ਹਾਂ ਕੂਟਨੀਤਕ ਚਾਲਾਂ ਪ੍ਰਤੀ ਜਾਗਰਤ ਹੋ ਕੇ ਸਮਤਾ, ਸੁਤੰਤਰਤਾ ਅਤੇ ਆਪਸੀ ਸਾਂਝ ਨੂੰ ਸਥਾਪਿਤ ਕਰਕੇ ਹੀ ਦੇਸ਼ ਦੀ ਪ੍ਰਗਤੀ ਸੰਭਵ ਹੋ ਸਕਦੀ ਹੈ ਅਤੇ ਮਹਾਨ ਚਿੰਤਕ ਡਾ। ਅੰਬੇਡਕਰ ਜੀ ਦੀ ਇਸ ਸੋਚ ਨੂੰ ਆਪਣਾ ਕੇ ਹੀ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕਦਾ ਹੈ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੰਬੇਡਕਰ ਭਵਨ ਦੇ ਇਤਿਹਾਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਅੰਬੇਡਕਰ ਭਵਨ ਦੇ ਨਿਰਮਾਣ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਇਸ ਕੰਮ ਨੂੰ ਸਫਲ ਬਣਾਉਣ ਵਾਲੇ ਲੋਕਾਂ ਦਾ ਵੀ ਜ਼ਿਕਰ ਕੀਤਾ। ਵਿਸ਼ੇਸ਼ ਤੌਰ ਤੇ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਪਾਲ ਪਰਿਵਾਰਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਟਰੱਸਟ ਦੇ ਚੇਅਰਮੈਨ ਸੋਹਨ ਲਾਲ ਸਾਬਕਾ ਡੀ.ਪੀ.ਆਈ. (ਕਾਲਜਾਂ) ਨੇ ਬਾਬਾ ਸਾਹਿਬ ਦੇ ਸੰਘਰਸ਼ ਅਤੇ ਉਨ੍ਹਾਂ ਤਾਕਤਾਂ ਦੀ ਗੱਲ ਕੀਤੀ ਜੋ ਜਾਤੀਵਾਦ ਦੇ ਨਾਂ ਤੇ ਅਤੇ ਅੰਬੇਡਕਰ ਸਾਹਿਬ ਦੇ ਵਿਚਾਰਾਂ ਤੇ ਗਲਤ ਟਿੱਪਣੀਆਂ ਕਰ ਰਹੇ ਹਨ।

ਡਾ. ਅੰਬੇਡਕਰ ਦੀ ਵਿਚਾਰਧਾਰਾ ਤੇ ਚਰਚਾ ਕਰਦਿਆਂ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋ. ਬਲਬੀਰ ਨੇ ਜਨਤਕ ਸਮਾਗਮ ਦੌਰਾਨ ਹੱਥ ਖੜੇ ਕਰਾ ਕੇ ਮਤੇ ਪਾਸ ਕਰਵਾ ਕੇ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ 'ਸਿਰ ਫਿਰੇ ਲੋਕਾਂ ਦੁਆਰਾ ਬਾਬਾ ਸਾਹਿਬ ਡਾ। ਅੰਬੇਡਕਰ ਦੀਆਂ ਮੂਰਤੀਆਂ ਦਾ ਨਿਰਾਦਰ ਕਰਨ ਦੀ ਨਿੰਦਾ ਕੀਤੀ ਗਈ ਅਤੇ ਬੀ।ਟੀ। ਐਕਟ 1949 ਨੂੰ ਰੱਦ ਕਰਕੇ ਬੋਧਗਯਾ ਵਿਖੇ ਮਹਾਬੋਧੀ ਮਹਾਂਵਿਹਾਰ ਦਾ ਸਮੁੱਚਾ ਕੰਟਰੋਲ ਬੋਧੀਆਂ ਨੂੰ ਦਿੱਤਾ ਜਾਵੇ'।

ਇਸ ਅਵਸਰ ਤੇ ਸੋਹਨ ਲਾਲ ਸਾਂਪਲਾ ਜਰਮਨੀ, ਪ੍ਰੋ. ਬਲਬੀਰ, ਹਰਮੇਸ਼ ਜੱਸਲ, ਗੌਤਮ ਸਾਂਪਲਾ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ, ਗੁਰਦੇਵ ਕੌਰ ਅਤੇ ਕਵਿਤਾ ਢੰਡੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੁਆਰਾ ਪ੍ਰਕਾਸ਼ਿਤ ਕੀਤਾ ਸੌਵੇਨਿਰ-2025 ਵੀ ਰਿਲੀਜ਼ ਕੀਤਾ ਗਿਆ। ਸਟੇਜ ਸੰਚਾਲਨ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਪਰਮਿੰਦਰ ਸਿੰਘ ਖੁੱਤਣ ਨੇ ਬਾਖੂਬੀ ਕੀਤਾ। ਇਸ ਸਮਾਗਮ ਦੀ ਸਮਾਪਤੀ ਤੇ ਬਾਬਾ ਸਾਹਿਬ ਦੇ 134ਵੇਂ ਜਨਮ ਉਤਸਵ ਦੀ ਖੁਸ਼ੀ ਵਿੱਚ ਆਏ ਹੋਏ ਲੋਕਾਂ ਨੂੰ 134 ਬੂਟੇ ਮੁਫਤ ਵੰਡੇ ਗਏ।

ਇਸ ਮੌਕੇ ਸਾਬਕਾ ਅੰਬੈਸਡਰ ਰਮੇਸ਼ ਚੰਦਰ ਆਈਐਫਐਸ, ਡਾ. ਰਾਹੁਲ ਬਾਲੀ, ਕਮਲਸ਼ੀਲ ਬਾਲੀ, ਜਸਵਿੰਦਰ ਵਰਿਆਣਾ, ਨਿਰਮਲ ਬਿੰਜੀ, ਤਿਲਕ ਰਾਜ, ਡਾ. ਚਰਨਜੀਤ ਸਿੰਘ, ਡਾ. ਮਹਿੰਦਰ ਸੰਧੂ, ਐਡਵੋਕੇਟ ਸ਼ਸ਼ੀ ਕਾਂਤ ਪਾਲੂ ਓ, ਸੂਰਜ ਬਿਰਦੀ, ਹਰੀ ਸਿੰਘ ਥਿੰਦ, ਮਨੋਹਰ ਲਾਲ ਮਹੇ, ਚਰਨਜੀਤ ਸਿੰਘ ਚੰਡੀਗੜ੍ਹ, ਰਾਜਿੰਦਰ ਜੱਸਲ, ਜੋਤਿ ਪ੍ਰਕਾਸ਼, ਸੰਨੀ ਥਾਪਰ , ਪਿਸ਼ੋਰੀ ਲਾਲ ਸੰਧੂ, ਬੀਬੀ ਮਹਿੰਦੋ ਰੱਤੂ ਅਤੇ ਬਾਬਾ ਸਾਹਿਬ ਦੇ ਸੈਂਕੜੇ ਸ਼ਰਧਾਲੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।

# ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਲਾ ਮੁਕਾਬਲੇ ਅਤੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ

**ਮਾਹਿਲਪੁਰ (ਮਾਨ)–** ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਲੰਧੇਵਾਲ, ਮਾਹਿਲਪੁਰ ਵਿਖੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਬੱਚਿਆਂ ਵਲੋਂ "ਸਵਈਏ ਮਹਲੇ ਦੂਜੇ ਕੇ" ਬਾਣੀ ਦਾ ਪਾਠ ਕੀਤਾ ਗਿਆ ਅਤੇ ਬੱਚਿਆਂ ਦੇ ਗੁਰਮੁਖੀ ਲਿੱਪੀ ਸੁੰਦਰ ਲਿਖਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਬਹੁਤ ਹੀ ਸੁੰਦਰ ਲਿਖਾਈ ਕਰਕੇ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਅਰਪਣ ਕੀਤੀ।

ਪ੍ਰਿੰ. ਰਾਜਵਿੰਦਰ ਕੌਰ ਦੀ ਅਗਵਾਈ ਹੇਠ ਮੈਡਮ ਸੁਰਿੰਦਰ ਕੌਰ ਅਤੇ ਸਟਾਫ਼ ਮੈਂਬਰਾਂ ਦੀ ਕੋਸ਼ਿਸ਼ ਨਾਲ ਇਸ ਦਿਨ ਨੂੰ ਨਿਵੇਕਲੇ ਢੰਗ ਨਾਲ ਮਨਾਉਣ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਜਿਸ ਵਿੱਚ ਬੱਚਿਆਂ ਨੂੰ ਇੰਟਰਨੈਟ ਅਤੇ ਮੋਬਾਈਲ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਦਿਲਚਸਪ ਅਤੇ ਨਰੋਈਆਂ ਪੁਸਤਕਾਂ ਨਾਲ ਜੋੜਨ ਲਈ ਇੱਕ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਜਨਰਲ ਮੈਨੇਜਰ ਹਰਵੀਰ ਮਾਨ ਵੱਲੋਂ ਆਯੋਜਿਤ ਇਸ ਪੁਸਤਕ ਪ੍ਰਦਰਸ਼ਨੀ ਵਿੱਚ ਸਭ ਪੁਸਤਕਾਂ ਅੱਧੀ ਕੀਮਤ ਤੇ ਬੱਚਿਆਂ ਨੂੰ ਦਿੱਤੀਆਂ ਗਈਆਂ ਤਾਂ ਕਿ ਉਹਨਾਂ ਅੰਦਰ ਮਾਤ ਭਾਸ਼ਾ ਪ੍ਰਤੀ ਪਿਆਰ ਪੈਦਾ ਹੋ ਸਕੇ।



ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਉਮਰ ਗੁੱਟ ਅਨੁਸਾਰ ਅਤੇ ਮਨਪਸੰਦ ਪੁਸਤਕਾਂ ਖਰੀਦੀਆਂ।

ਬੱਚਿਆਂ ਨੇ ਪੁਸਤਕ ਪ੍ਰਦਰਸ਼ਨੀ ਦਾ ਆਨੰਦ ਮਾਣਦਿਆਂ ਪ੍ਰਿੰਸੀਪਲ, ਸਟਾਫ਼ ਅਤੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਕਿ ਉਹਨਾਂ ਨੂੰ ਆਪਣੀ ਸੋਚ ਦੀਆਂ ਹਾਣੀ ਪੁਸਤਕਾਂ ਮਿਲੀਆਂ ਹਨ। ਇਸ ਮੌਕੇ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੁਸਤਕਾਂ ਸਾਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਦੀਆਂ ਹਨ। ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਨਾਲ ਸਾਂਝ ਪਕੇਰੀ ਕਰਨ ਦਾ ਉਪਦੇਸ਼ ਦਿੱਤਾ ਹੈ ਜੋ ਪੁਸਤਕਾਂ ਰਾਹੀਂ ਹੀ ਪਾਈ ਜਾ ਸਕਦੀ ਹੈ।

ਉਹਨਾਂ ਅੱਗੇ ਕਿਹਾ ਕਿ ਜਿਹੜੇ ਬੱਚੇ ਚੰਗੀਆਂ ਪੁਸਤਕਾਂ ਨੂੰ ਆਪਣਾ ਸਾਥੀ ਬਣਾ ਲੈਂਦੇ ਹਨ ਉਹ ਜ਼ਿੰਦਗੀ ਵਿੱਚ ਕਦੀ ਧੋਖਾ ਨਹੀਂ ਖਾਂਦੇ। ਉਹਨਾਂ ਸਕੂਲ ਲਾਈਬਰੇਰੀ ਵਾਸਤੇ ਆਪਣੀਆਂ ਪੁਸਤਕਾਂ ਦਾ ਸੈਟ ਪ੍ਰਿੰ. ਰਾਜਵਿੰਦਰ ਕੌਰ ਨੂੰ ਭੇਟ ਕੀਤਾ।ਇਹਨਾਂ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਮੈਡਮ ਸੰਦੀਪ ਕੌਰ, ਗੁਰਜੀਤ ਕੌਰ, ਸੁਰਿੰਦਰ ਕੌਰ, ਹਰਜਿੰਦਰ ਕੌਰ, ਚਰਨਜੀਤ ਕੌਰ, ਹਰਪ੍ਰੀਤ ਸਿੰਘ ਗੁਰਪ੍ਰੀਤ ਸਿੰਘ, ਰਮਨਦੀਪ ਸਿੰਘ, ਦਲਜਿੰਦਰ ਸਿੰਘ, ਹਰਵੀਰ ਮਾਨ, ਜੈ ਸ਼ਰਮਾ,ਕਮਲਜੋਤ ਸਿੰਘ ਆਦਿ ਨੇ ਅਹਿਮ ਭੂਮਿਕਾ ਅਦਾ ਕੀਤੀ। ਇਸ ਪ੍ਰਦਰਸ਼ਨੀ ਦਾ ਆਨੰਦ ਮਾਣਦਿਆਂ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੇ ਕਿਹਾ ਕਿ ਅਜਿਹੀਆਂ ਪ੍ਰਦਰਸ਼ਨੀਆਂ ਸਾਲ ਵਿੱਚ ਘੱਟੋ ਘੱਟ ਤਿੰਨ ਵਾਰ ਜ਼ਰੂਰ ਲਗਾਈਆਂ ਜਾਣੀਆਂ ਚਾਹੀਦੀਆਂ ਹਨ।

## ਸੀਬਾ ਸਕੂਲ 'ਚ ਵੋਟਾਂ ਰਾਹੀਂ ਵਿਦਿਆਰਥੀ-ਆਗੂਆਂ ਦੀ ਚੋਣ

**ਲਹਿਰਾਗਾਗਾ, (ਦਲਜੀਤ ਕੌਰ)** ਲੋਕਤੰਤਰ ਦੀ ਮੁੱਢਲੀ ਸਿਖਲਾਈ ਲਈ ਸੀਬਾ ਇੰਟਰਨੈਸ਼ਨਲ ਸਕੂਲ, ਲਹਿਰਾਗਾਗਾ ਦੀ ਵਿਦਿਆਰਥੀ-ਸੰਸਦ ਲਈ ਕਰਵਾਈਆਂ ਚੋਣਾਂ ਦੌਰਾਨ ਕੀਤੀਆਂ, ਜਦੋਂਕਿ ਖੁਸ਼ਪ੍ਰੀਤ ਕੌਰ ਮੈਦੇਵਾਸ ਬਿਨਾਂ ਮੁਕਾਬਲਾ ਸਪੋਰਟਸ-ਲੀਡਰ ਚੁਣੀ ਗਈ। 15 ਲੀਡਰਾਂ ਦੀ ਚੋਣ ਸਰਬਸੰਮਤੀ ਨਾਲ ਹੋਈ। ਜਦੋਂਕਿ ਕਲਾਸਾਂ ਦੇ ਲੀਡਰਾਂ ਲਈ



ਸਕੂਲ ਹੈੱਡ-ਬੁਆਏ, ਹੈੱਡ-ਗਰਲ,ਕਲਾਸ-ਲੀਡਰ ਦੇ ਨਾਲ-ਨਾਲ ਖੇਡਾਂ, ਅਨੁਸ਼ਾਸਨ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਆਗੂਆਂ ਦੀ ਚੋਣ ਕੀਤੀ ਗਈ। ਇਸ ਚੋਣ-ਪ੍ਰਕਿਰਿਆ ਵਿੱਚ ਬਕਾਇਦਾ ਚੋਣ-ਨਿਸ਼ਾਨ, ਬੈਲਟ-ਪੇਪਰ, ਆਦਿ ਦਾ ਪ੍ਰਬੰਧ ਕੀਤਾ ਗਿਆ। ਉਮੀਦਵਾਰਾਂ ਦੇ ਫਾਰਮ ਭਰਨ ਲਈ ਬਕਾਇਦਾ ਨਿਯਮ ਬਣਾਏ ਗਏ ਸਨ ਅਤੇ ਪਰਚੀ ਪਾ ਕੇ ਚੋਣ-ਨਿਸ਼ਾਨ ਵੰਡੇ ਗਏ।ਵਿਦਿਆਰਥੀਆਂ ਅੰਦਰ ਵੋਟਾਂ ਲਈ ਐਨਾ ਉਤਸ਼ਾਹ ਸੀ ਕਿ ਉਮੀਦਵਾਰਾਂ ਨੇ ਆਪਣੇ ਸਮਰਥਕਾਂ ਨੂੰ ਵੋਟਾਂ ਲਈ ਨਿਰਧਾਰਤ ਦਿਨ ਗੈਰ-ਹਾਜ਼ਰ ਨਾ ਰਹਿਣ ਲਈ ਪ੍ਰੇਰਿਆ। ਹੈੱਡ-ਗਰਲ ਬਣੀ ਰਾਏਧਰਾਣਾ ਦੀ ਖੁਸ਼ੀ ਵਰਮਾ ਨੂੰ 492, ਹੈੱਡ-ਬੁਆਏ ਦੀ ਪੋਸਟ ਲਈ ਦਿਲਸ਼ਾਨ ਸਿੰਘ ਭੁਟਾਲ ਕਲਾਂ ਨੂੰ 424 ਵੋਟਾਂ ਮਿਲੀਆਂ। ਡਸਿਪਲਿਨ-ਲੀਡਰ ਲਈ ਸੁਖਮਨਪ੍ਰੀਤ ਕੌਰ ਭੁਟਾਲ ਕਲਾਂ ਨੇ 230, ਕਲਚਰਲ ਲੀਡਰ ਲਈ ਚੁਣੀ ਗਈ ਖੁਸ਼ਪ੍ਰੀਤ ਕੌਰ ਰੰਧਾਵਾ ਨੇ 247 ਵੋਟਾਂ ਹਾਸਿਲ ਹੋਈ ਚੋਣ ਦੌਰਾਨ ਫਸਵੇਂ-ਮੁਕਾਬਲੇ ਵੇਖਣ ਨੂੰ ਮਿਲੇ। ਫੈਸਲਾ ਕੀਤਾ ਗਿਆ ਕਿ ਹਰ ਸੋਮਵਾਰ ਵਿਦਿਆਰਥੀ-ਪਾਰਲੀਮੈਂਟ ਦੌਰਾਨ ਇਹ ਲੀਡਰ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਚਰਚਾ ਕਰਿਆ ਕਰਨਗੇ। ਜੇਤੂ ਉਮੀਦਵਾਰਾਂ ਨੇ ਆਪਣੀ ਜਿੱਤ ਲਈ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸੀਬਾ ਚੋਣ-ਕਮਿਸ਼ਨ ਵਜੋਂ ਰਘਬੀਰ ਸਿੰਘ, ਦਲਬੀਰ ਕੌਰ, ਸੋਨੂੰ ਸ਼ਰਮਾ, ਨਰਾਇਣ ਦੱਤ, ਹਰਪ੍ਰੀਤ ਕੌਰ, ਗਗਨਦੀਪ ਕੌਰ, ਚਰਨਜੀਤ ਕੌਰ ਅਤੇ ਅਮਨਪ੍ਰੀਤ ਕੌਰ ਨੇ ਡਿਊਟੀ ਨਿਭਾਈ। ਸਕੂਲ-ਪ੍ਰਬੰਧਕ ਮੈਡਮ ਅਮਨ ਢੀਂਡਸਾ ਨੇ ਚੁਣੇ ਗਏ ਵਿਦਿਆਰਥੀ-ਆਗੂਆਂ ਨੂੰ ਵਧੇਰੇ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਰੇਸ਼ ਚੌਧਰੀ, ਹਰਵਿੰਦਰ ਸਿੰਘ, ਸੁਭਾਸ਼ ਮਿੱਤਲ, ਪਿੰਕੀ ਸ਼ਰਮਾ, ਗੁਰਪਿੰਦਰ ਕੌਰ, ਕਮਲ ਸਿੱਧੂ, ਰਣਦੀਪ ਸੰਗਤਪੁਰਾ ਅਤੇ ਹਰਕੰਵਲਜੀਤ ਸਿੰਘ ਸਮੇਤ ਹੋਰ ਅਧਿਆਪਕ ਮੌਜੂਦ ਸਨ।

## ਸਿੱਖ ਨੈਸ਼ਨਲ ਕਾਲਜ ਬੰਗਾ ਦੇ ਸਟਾਫ ਨੇ ਪਹਿਲਗਾਮ ਦੇ ਸ਼ਹੀਦਾਂ ਨੂੰ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–**ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐਨ. ਐਸ ਵਿਭਾਗ ਵੱਲੋਂ ਪ੍ਰਿੰਸੀਪਲ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਅਤੇ ਭਵਿੱਖ ਵਿੱਚ ਅੱਤਵਾਦ ਵਿਰੁੱਧ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਕਿਸੇ



ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਜੀ ਦੇ ਯਤਨਾਂ ਸਦਕਾ ਸਮੂਹ ਸਟਾਫ਼ ਵੱਲੋਂ ਪਹਿਲਗਾਮ ਹਮਲੇ ਵਿਚ ਪੀੜਤਾਂ ਦੇ ਲਈ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਪ੍ਰਿੰਸੀਪਲ ਡਾ। ਤਰਸੇਮ ਸਿੰਘ ਜੀ ਵੱਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਦੀ ਬੈਸਰਨ ਘਾਟੀ ਵਿਚ ਹੋਏ ਵੀ ਕਦਮ ਦਾ ਸਮਰਥਨ ਦੇਣ ਲਈ ਵਚਨਬੱਧਤਾ ਦੁਹਰਾਈ ਗਈ। ਉਹਨਾਂ ਕਿਹਾ ਕਿ ਅੱਤਵਾਦ ਨਾਲ ਨਜਿੱਠਣ ਲਈ ਸਮੁੱਚੀ ਮਾਨਵਤਾ ਨੂੰ ਇਕਜੁੱਟ ਹੋਣਾ ਪਵੇਗਾ ਤਾਂ ਹੀ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ਼ ਮਿਲ ਸਕੇਗਾ।ਇਸ ਮੌਕੇ ਵਲੰਟੀਅਰ ਵਿਦਿਆਰਥੀ ਮਨਜੋਤ ਕੌਰ ਅਤੇ ਸਿਮਰਨ ਵੱਲੋਂ ਪੋਸਟਰ ਬਣਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

## ਸੀਪੀਆਈ (ਐਮ ਐਲ) ਨਿਊ ਡੈਮੋਕਰੇਸੀ ਵਲੋਂ ਪੰਜਾਬ ਭਰ 'ਚ ਪ੍ਰਦਰਸ਼ਨ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)–** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਦੇ ਸੱਦੇ ਤਹਿਤ ਕਪੂਰਥਲਾ, ਜਲੰਧਰ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਜ਼ੋਰਦਾਰ ਨਿਖੇਧੀ ਕਰਨੀ ਬਣਦੀ ਹੈ। ਕਿਉਂਕਿ ਅਜਿਹੀ ਨਫਰਤ ਭਰੀਆਂ ਤਕਰੀਰਾਂ ਕਾਰਨ ਦੇਸ਼ ਅੰਦਰ ਕਸ਼ਮੀਰੀ ਵਿਦਿਆਰਥੀਆਂ ਤੇ ਮੁਸਲਮਾਨ ਲੋਕਾਂ 'ਤੇ ਹਮਲੇ ਵਧ ਗਏ ਹਨ। ਇਹਨਾਂ ਹਮਲਿਆਂ ਨੂੰ ਰੋਕਣ ਲਈ ਠੋਸ ਕਦਮ ਉਠਾਉਣੇ




ਨਗਰ ਤੋਂ ਇਲਾਵਾ ਮੋਗਾ, ਲੁਧਿਆਣਾ, ਫ਼ਰੀਦਕੋਟ, ਮੁਕਤਸਰ , ਸੰਗਰੂਰ, ਪਟਿਆਲਾ, ਰੋਪੜ ਸਮੇਤ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਕਸ਼ਮੀਰ ਦੇ ਪਹਿਲਗਾਮ ਕਤਲੇਆਮ 'ਚ ਅੱਤਵਾਦੀ ਹਮਲੇ 'ਚ ਜਾਨਾਂ ਗਵਾਉਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਪ੍ਰਦਰਸ਼ਨ ਕੀਤੇ ਗਏ ਅਤੇ ਪਹਿਲਗਾਮ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਵਾ ਕੇ ਇਸ ਪਿੱਛੇ ਦੀ ਸਾਜ਼ਿਸ਼ ਅਤੇ ਕਾਰਨਾਂ ਦਾ ਪਤਾ ਲਗਾ ਕੇ ਸੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ।

ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਕੇਂਦਰੀ ਸਰਕਾਰ ਵਲੋਂ ਜਦੋਂ ਦੇਸ਼ ਦੀ ਫੌਜ ਦਾ ਸਭ ਤੋਂ ਵੱਡਾ ਹਿੱਸਾ ਜੰਮੂ ਕਸ਼ਮੀਰ ਲਾਇਆ ਹੋਇਆ, ਚੱਪੇ ਚੱਪੇ 'ਤੇ ਫੌਜ ਤਾਇਨਾਤ ਹੋਵੇ ਫਿਰ ਵੀ ਇੰਨ੍ਹਾਂ ਵੱਡਾ ਅੱਤਵਾਦੀ ਹਮਲਾ ਹੋ ਜਾਵੇ, ਉਹ ਵੀ ਉਸ ਜਗ੍ਹਾ 'ਤੇ ਜਿਥੇ ਦੇਸ਼ ਅਤੇ ਦੁਨੀਆਂ ਭਰ ਦੇ ਯਾਤਰੀ ਘੁੰਮਣ ਲਈ ਆਉਂਦੇ ਹੋਣ ਤਾਂ ਇਹ ਹਮਲਾ ਹੋ ਜਾਣਾ ਸੁਰੱਖਿਆ ਦੇ ਮਾਮਲੇ 'ਚ ਬਹੁਤ ਵੱਡੀਆਂ ਊਣਤਾਈਆਂ ਹੋਣ ਦਾ ਸਵਾਲ ਖੜ੍ਹਾ ਕਰਦਾ ਹੈ। ਦੂਜਾ ਗੋਦੀ ਮੀਡੀਆ ਲਗਾਤਾਰ ਹਿੰਦੂ ਮੁਸਲਮਾਨ ਦਾ ਮਾਮਲਾ ਬਣਾਉਣ ਲਈ ਅੱਗ ਉਗਲ ਰਿਹਾ ਹੈ। ਜਿਸ ਦੀ ਚਾਹੀਦੇ ਹਨ।

ਇਸ ਮੌਕੇ ਪਾਰਟੀ ਨੇ ਮੰਗ ਕੀਤੀ ਕਿ ਭਾਰਤ ਪਾਕਿਸਤਾਨ ਦਰਮਿਆਨ ਬਣਾਇਆ ਜਾ ਰਿਹਾ ਜੰਗੀ ਮਾਹੌਲ ਖਤਮ ਕੀਤਾ ਜਾਵੇ ਅਤੇ ਆਪਸੀ ਗੱਲਬਾਤ ਸ਼ੁਰੂ ਕੀਤੀ ਜਾਵੇ, ਜੰਮੂ ਕਸ਼ਮੀਰ ਦੇ ਮਸਲੇ ਦਾ ਫੌਜੀ ਹੱਲ ਕਰਨ ਦੀ ਥਾਂ ਸਿਆਸੀ ਹੱਲ ਕੀਤਾ ਜਾਵੇ, ਪਹਿਲਗਾਮ ਵਿੱਚ ਵਾਪਰੀ ਘਟਨਾ ਦੀ ਉੱਚ ਪੱਧਰੀ ਨਿਰਪੱਖ ਜਾਂਚ ਕੀਤੀ ਜਾਵੇ, ਭਾਰਤ ਅਤੇ ਪਾਕਿਸਤਾਨ ਵਲੋਂ ਇੱਕ ਦੂਸਰੇ 'ਤੇ ਲਗਾਈਆਂ ਗਈਆਂ ਪਾਬੰਦੀਆਂ ਤੁਰੰਤ ਹਟਾਈਆਂ ਜਾਣ ਅਤੇ ਆਪਸੀ ਵਪਾਰ ਖੋਲਿਆ ਜਾਵੇ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਾਰਟੀ ਵਲੋਂ ਕਸ਼ਮੀਰ ਦੇ ਪਹਿਲਗਾਮ ਕਤਲੇਆਮ 'ਚ ਅੱਤਵਾਦੀ ਹਮਲੇ ਚ ਜਾਨਾਂ ਗੁਵਾਉਣ ਵਾਲੇ ਲੋਕਾਂ ਨੂੰ ਸ਼ਰਧ-'ਜਲੀ ਭੇਂਟ ਕਰਨ ਉਪਰੰਤ ਬੀ.ਐਮ.ਸੀ. ਚੌਂਕ ਤੱਕ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਪਾਰਟੀ ਆਗੂ ਕਾਮਰੇਡ ਅਜਮੇਰ ਸਿੰਘ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਹੰਸ ਰਾਜ ਪੱਬਵਾਂ ਆਦਿ ਨੇ ਵੀ ਸੰਬੋਧਨ ਕੀਤਾ।

## 2024 ਬੈਚ ਦੇ ਆਈ. ਏ. ਐਸ. ਅਧਿਕਾਰੀ ਓਇਸ਼ੀ ਮੰਡਲ ਨੇ ਸਹਾਇਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਈ. ਏ. ਐਸ. ਅਧਿਕਾਰੀ ਇਸ਼ੀ ਮੰਡਲ (2024 ਬੈਚ) ਨੇ ਅੱਜ ਇੱਥੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਵਜੋਂ ਅਹੁਦਾ ਸੰਭਾਲਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿਚ ਅਹੁਦਾ ਸੰਭਾਲਦਿਆਂ ਓਇਸ਼ੀ ਮੰਡਲ ਨੇ ਕਿਹਾ ਕਿ ਉਹ ਲੋਕ ਮਾਮਲਿਆਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਵਾਉਣ, ਨਾਗਰਿਕ ਸੇਵਾਵਾਂ ਪ੍ਰਦਾਨ ਕਰਵਾਉਣ ਵਿਚ ਹੋਰ ਤੇਜ਼ੀ ਲਿਆਉਣ, ਭਲਾਈ ਸਕੀਮਾਂ ਨਾਲ ਸੰਬੰਧਤ ਪ੍ਰਕਿਰਿਆ ਨੂੰ ਹੋਰ ਸੁਚਾਰੂ ਢੰਗ ਨਾਲ ਅਮਲ ਵਿਚ ਲਿਆਉਣ ਤੋਂ ਇਲਾਵਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਨਿਯਮਤ ਸਮੀਖਿਆ ਨੂੰ ਵੀ ਵਿਸ਼ੇਸ਼ ਤਵੱਜੋਂ ਦੇਣਗੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਨਵ-ਨਿਯੁਕਤ ਆਈ ਏ ਐਸ ਇਸ਼ੀ ਮੰਡਲ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਵੀ ਵਧੀਆ ਕਾਰਗੁਜ਼ਾਰੀ ਲਈ ਸ਼ੁਭ ਕਾਮਨਾ ਦਿੱਤੀ। ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਨਾਲ ਸੰਬੰਧਤ ਅਤੇ ਇਲੈਕਟ੍ਰਾਨਿਕਸ ਤੇ ਕਮਿਊਨਿਕੇਸ਼ਨਜ਼ ਵਿਚ ਬੀ.ਟੈਕ. ਓਇਸ਼ੀ ਮੰਡਲ ਦੀ ਇਹ ਪਹਿਲੀ ਨਿਯੁਕਤੀ ਹੈ।



## ਜ਼ਿਲ੍ਹੇ ਵਿਚ ਕਣਕ ਦੀ ਖ਼ਰੀਦ 2 ਲੱਖ ਮੀਟ੍ਰਿਕ ਟਨ ਤੋਂ ਪਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ 2 ਲੱਖ ਮੀਟ੍ਰਿਕ ਟਨ ਤੋਂ ਪਾਰ ਹੋ ਗਈ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ 13750 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ ਹੁਣ ਤੱਕ ਆਈ ਸਾਰੀ 210558 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਪਨਗਰੇਨ ਵੱਲੋਂ 50914 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 52398 ਮੀਟ੍ਰਿਕ ਟਨ, ਪਨਸਪ ਵੱਲੋਂ 52323 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 33003 ਮੀਟ੍ਰਿਕ ਟਨ, ਐਫ.ਸੀ.ਆਈ ਵੱਲੋਂ 16728 ਮੀਟ੍ਰਿਕ ਟਨ ਅਤੇ ਵਪਾਰੀਆਂ ਵੱਲੋਂ 5192 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖਰੀਦੀ ਫ਼ਸਲ ਦੀ 492.11 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੇ ਖਰੀਦ ਸੀਜ਼ਨ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਮੰਡੀਆਂ ਵਿਚ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲਿਫਟਿੰਗ ਦੇ ਕੰਮ ਵਿਚ ਵੀ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁਚਾਰੂ ਅਤੇ ਨਿਰਵਿਘਨ ਖਰੀਦ ਲਈ ਸੁੱਕੀ ਕਣਕ ਹੀ ਮੰਡੀਆਂ ਵਿਚ ਲੈ ਕੇ ਆਉਣ ਅਤੇ ਕਣਕ ਦੇ ਨਾੜ ਅਤੇ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ।



# ਅਸੀਮ ਵੀਟੋ ਪਾਵਰ ਵਰਤ ਰਹੀਆਂ ਅਫ਼ਸਰੀ ਅਦਾਲਤਾਂ




ਗੁਰਮੀਤ ਪਲਾਹੀ
91-98158-02070

ਮੁੱਖ ਭਾਰਤੀ ਅਦਾਲਤਾਂ 'ਚ ਲੋਕਾਂ ਨੂੰ ਇਨਸਾਫ਼ ਲੈਣ ਲਈ ਵਰਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਅਦਾਲਤਾਂ 'ਚ ਚਲਦੇ ਕੇਸਾਂ ਸੰਬੰਧੀ ਨਿੱਤ -ਦਿਹਾੜੇ ਅਖ਼ਬਾਰਾਂ ਵਿੱਚ ਰਿਪੋਰਟਾਂ ਛਪਦੀਆਂ ਹਨ ਕਿ ਉਪਰਲੀਆਂ, ਹੇਠਲੀਆਂ ਅਦਾਲਤਾਂ ਵਿੱਚ ਲੱਖਾਂ ਦੀ ਗਿਣਤੀ 'ਚ ਦੀਵਾਨੀ, ਫੌਜਦਾਰੀ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਲਟਕੇ ਪਏ ਹਨ। 2023 'ਚ ਇਕੱਤਰ ਵੇਰਵਿਆਂ ਅਨੁਸਾਰ 5.2 ਕਰੋੜ (5.2 ਮਿਲੀਅਨ) ਕੇਸ ਸੁਪਰੀਮ ਕੋਰਟ, ਹਾਈ ਕੋਰਟਾਂ, ਜ਼ਿਲਾ ਅਦਾਲਤਾਂ 'ਚ ਪੈਂਡਿੰਗ ਹਨ। ਜਿਹਨਾ ਵਿੱਚੋਂ 80,000 ਕੇਸ ਸੁਪਰੀਮ ਕੋਰਟ 'ਚ ਹੀ ਹਨ। ਪਰ ਅਚੰਭੇ ਵਾਲੀ ਗੱਲ ਤਾਂ ਇਹ ਹੈ ਕਿ ''ਅਫ਼ਸਰੀ ਅਦਾਲਤਾਂ'' 'ਚ ਕੇਸ ਵਰਿਆਂ ਬੱਧੀ ਲਟਕਾਏ ਜਾਂਦੇ ਹਨ, ਫ਼ੈਸਲਾ ਲਿਖੇ ਜਾਣ ਦੀ ਉਡੀਕ 'ਚ ਪਏ ਰਹਿੰਦੇ ਹਨ, ਪਰ ਇਹਨਾ ਸੰਬੰਧੀ ਵੇਰਵਾ ਕਿਧਰੇ ਵੀ ਉਪਲੱਬਧ ਨਹੀਂ। ਸੈਂਕੜੇ ਹਨ ਕਿ ਹਜ਼ਾਰਾਂ ਜਾਂ ਲੱਖਾਂ। ਪਿਛਲੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਰਾਜਪਾਲਾਂ ਅਤੇ ਰਾਸ਼ਟਰਪਤੀ ਨੂੰ ਕਿਹਾ ਕਿ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਫ਼ੈਸਲਿਆਂ ਨੂੰ ਉਹ ਮਨਮਰਜ਼ੀ ਨਾਲ ਅਸੀਮਤ ਸਮੇਂ ਲਈ ਆਪਣੇ ਕੋਲ ਨਹੀਂ ਰੱਖ ਸਕਦੇ। ਸੁਪਰੀਮ ਕੋਰਟ ਨੇ ਉਹਨਾ ਨੂੰ ਤਿੰਨ ਮਹੀਨਿਆਂ 'ਚ ਫ਼ੈਸਲਾ ਸੁਨਾਉਣ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਅਸੀਮਤ ਵੀਟੋ ਦੀ ਪਾਵਰ ਤਾਂ ਸੰਵਿਧਾਨ ਵਿੱਚ ਵੀ ਨਹੀਂ ਹੈ।

ਇਹਨਾ ਕੇਸਾਂ 'ਚ ਤਾਰੀਖਾਂ ਪੈਂਦੀਆਂ ਹਨ, ਗਵਾਹੀਆਂ ਲਈਆਂ ਜਾਂਦੀਆਂ ਹਨ, ਬਹਿਸਾਂ ਵੀ ਪੂਰੀਆਂ ਹੋ ਜਾਂਦੀਆਂ ਹਨ, ਪਰ ਫ਼ੈਸਲੇ ਨਹੀਂ ਸੁਣਾਏ-ਲਿਖੇ ਜਾਂਦੇ। ਆਖ਼ਰ ਇਹ ਅਦਾਲਤਾਂ ਕਿਹੋ ਜਿਹੀਆਂ ਹਨ? ਕਿਸ ਕੰਮ ਲਈ ਬਣਾਈਆਂ ਜਾਂਦੀਆਂ ਹਨ ਇਹ ਅਦਾਲਤਾਂ? ਕਿਉਂ ਹੁੰਦਾ ਹੈ ਇੰਜ? ਕੀ ਇਹ ਸਿਆਸੀ ਦਬਾਅ ਕਾਰਨ ਹੈ? ਕੀ ਇਹ ਭ੍ਰਿਸ਼ਟਾਚਾਰ ਦਾ ਪ੍ਰਭਾਵ ਹੈ? ਜਾਂ ਕੀ ਇਹ ''ਅਫ਼ਸਰੀ ਅਦਾਲਤਾਂ'' ਦੀ ਅਣਗਹਿਲੀ ਹੈ? ਜਾਂ ਇਹ ਸਮਾਂ ਟਪਾਉਣ ਵਾਲੀ ਰੁਚੀ ਕਾਰਨ ਹੈ ਜਾਂ ਆਪਣੀ ਜ਼ੁੰਮੇਵਾਰੀ ਤੋਂ ਭੱਜਣ ਕਾਰਨ ਹੈ।

ਆਖ਼ਰ ਇਹ ਅਫ਼ਸਰੀ ਅਦਾਲਤਾਂ ਕਿਹੜੀਆਂ ਹਨ? ਕਿਹੜੇ ਲੋਕ ਇਹਨਾ ਅਦਾਲਤਾਂ 'ਚ ਵੱਧ ਪ੍ਰਭਾਵਤ ਹੁੰਦੇ ਹਨ। ਇਹ 'ਅਫ਼ਸਰੀ ਅਦਾਲਤਾਂ' ਲੇਬਰ ਕਮਿਸ਼ਨਰ ਨਾਲ ਸੰਬੰਧਤ ਹਨ। ਇਹ ਅਫ਼ਸਰੀ ਅਦਾਲਤਾਂ ਪੇਂਡੂ ਵਿਕਾਸ ਵਿਭਾਗ ਦੀਆਂ ਅਫ਼ਸਰੀ ਅਦਾਲਤਾਂ ਨਾਲ ਸੰਬੰਧਤ ਹਨ ਜਾਂ ਸਬ-ਡਿਵੀਜ਼ਨ ਅਫ਼ਸਰੀ ਅਦਾਲਤਾਂ ਹਨ, ਜੋ ਸਿੱਧਿਆਂ ਆਮ ਲੋਕਾਂ ਦੇ ਹੱਕ-ਹਕੂਕਾਂ ਦੀ ਰਖਵਾਲੀ ਕਰਨ ਲਈ ਬਣਾਈਆਂ ਜਾਂਦੀਆਂ ਹਨ ਜਾਂ ਜਾਣੀਆਂ ਜਾਂਦੀਆਂ ਹਨ ਅਤੇ ਕਾਨੂੰਨ ਅਨੁਸਾਰ ਇਹਨਾ ਅਦਾਲਤਾਂ ਨੂੰ ਪੂਰੇ ਜੁਡੀਸ਼ਰੀ ਅਧਿਕਾਰ ਵੀ ਮਿਲੇ ਹੋਏ ਹਨ।

ਕਿਆਸ ਕਰੋ ਉਸ ਕਾਮੇ ਦੀ ਹਾਲਤ ਦਾ ਜਿਹੜਾ ਜ਼ਿੰਦਗੀ ਦੇ ਸੁਨਿਹਰੇ ਵਰੇ ਫੈਕਟਰੀ 'ਚ ਕੰਮ ਕਰਦਾ ਹੈ, ਉਸਨੂੰ ਕਾਨੂੰਨ ਅਨੁਸਾਰ ਕੁਝ ਗਰੈਚੂਇਟੀ ਅਤੇ ਇੱਕ ਹਜ਼ਾਰ ਤੋਂ ਦੋ ਕੁ ਹਜ਼ਾਰ ਰੁਪਏ ਪੈਨਸ਼ਨ ਦਾ ਪ੍ਰਵਾਧਾਨ ਹੈ। ਇਹ ਪੈਨਸ਼ਨ ਉਸਨੂੰ ਉਸ ਦੀ ਤਨਖ਼ਾਹ ਵਿੱਚੋਂ ਮਹੀਨਾਵਾਰ ਪ੍ਰਾਵੀਡੈਂਟ ਫੰਡ ਦੇ ਨਾਲ ਕੱਟੀ ਰਕਮ ਦੇ ਇਵਜ਼ ਵਿੱਚ ਪ੍ਰਾਵੀਡੈਂਟ ਫੰਡ ਕਮਿਸ਼ਨਰ ਦੇ ਦਫ਼ਤਰੋਂ ਮਿਲਦੀ ਹੈ। ਕਿੰਨੀ ਤੁਛ ਜਿਹੀ ਰਕਮ ਹੈ ਇਹ, ਕਿਸੇ ਨੂੰ ਮਖੌਲ ਜਿਹਾ ਕਰਨ ਵਾਂਗਰ। ਕਦੇ ਨਿਯਮਾਂ ਤੋਂ ਬਾਹਰ ਜਾ ਕੇ ਰੈਗੂਲਰ ਵਰਕਰਾਂ ਦੀ ਗਿਣਤੀ 10 ਪੂਰੀ ਨਹੀਂ ਹੋਣ ਦਿੰਦੇ ਅਤੇ ਕਦੇ ਉਹਨਾ ਨੂੰ ਠੇਕੇ ਦੇ ਕੇ ਕੰਮ ਕਰਵਾਉਂਦੇ ਹਨ ਤੇ ਵਰਕਰਾਂ ਵਾਲੀਆਂ ਸਹੂਲਤਾਂ ਤੋਂ ਵਿਰਵੇ ਕਰ ਦਿੰਦੇ ਹਨ। ਪਰ ਇਹਦੇ ਨਾਲ ਹੀ ਗਰੈਚੂਇਟੀ ਦੇਣ ਦਾ ਪ੍ਰਾਵਾਧਾਨ ਵੀ ਹੈ, ਹਰ ਉਸ ਕਾਮੇ ਨੂੰ ਜਿਹੜਾ ਆਪਣੇ ਮਾਲਕ ਕੋਲ ਘੱਟੋ-ਘੱਟ ਪੰਜ ਵਰਿਆਂ ਦੀ ਨੌਕਰੀ ਪੂਰੀ ਕਰ ਲੈਂਦਾ ਹੈ। ਪਰ ਬਹੁਤੇ ਮਾਲਕ ਇਹਨਾ ਕਾਮਿਆਂ ਨੂੰ ਇਸ ਫੰਡ ਤੋਂ ਕਿਸੇ ਨਾ ਕਿਸੇ ਤਰਾਂ ਵਿਰਵੇ ਰੱਖਦੇ ਹਨ। ਪਰ ਜਿਹੜੇ ਕਾਮੇ ਇਸ ਸਕੀਮ ਅਧੀਨ ਆ ਜਾਂਦੇ ਹਨ, ਉਹਨਾ ਵਿੱਚੋਂ ਕਈਆਂ ਨੂੰ ਆਪਣੀ ਗਰੈਚੂਇਟੀ ਦਾ ਹੱਕ ਪ੍ਰਾਪਤ ਕਰਨ ਲਈ ਜ਼ਿਲਿਆਂ



'ਚ ਲੇਬਰ ਵਿਭਾਗ ਵੱਲੋਂ ਬਣਾਏ ਅਸਿਸਟੈਂਟ ਲੇਬਰ ਕਮਿਸ਼ਨਰਾਂ ਦੀ ਅਦਾਲਤ ਵਿੱਚ ਕੇਸ ਕਰਨੇ ਪੈਂਦੇ ਹਨ। ਇਥੇ ਹੀ ਕਾਮਿਆਂ ਨੂੰ ਆਪਣੇ ਵਾਜਬ ਹੱਕ ਦੀ ਪ੍ਰਾਪਤੀ ਲਈ ਖੱਜਲ-ਖੁਆਰੀ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਕਾਮੇ ਵਰਿਆਂ ਬੱਧੀ ਇਹਨਾ ਅਫ਼ਸਰੀ ਅਦਾਲਤਾਂ 'ਚ ਪੇਸ਼ ਹੁੰਦੇ ਹਨ, ਤਾਰੀਖ ਦਰ ਤਾਰੀਖ ਪੈਂਦੀ ਹੈ। ਅਤੇ ਹੈਰਾਨੀ ਦੀ ਗੱਲ ਹੈ ਕਿ ਇਹਨਾ ਅਦਾਲਤਾਂ 'ਚ ਫ਼ੈਸਲੇ ਸਮਾਂਬੱਧ ਨਹੀਂ ਹੁੰਦੇ, ਸਗੋਂ ਕਈ ਵੇਰ 4 ਜਾਂ 5 ਵਰਿਆਂ ਤੱਕ ਕੇਸ ਘਸੀਟੇ ਜਾਂਦੇ ਹਨ। ਉਸ ਹਾਲਾਤ ਵਿੱਚ ਜਦੋਂ ਕਾਮਾ ਆਪਣੇ ਮਾਲਕ ਵਿਰੁੱਧ ਕੇਸ ਜਿੱਤ ਵੀ ਲੈਂਦਾ ਹੈ ਤਾਂ ਮਾਲਕ ਉਸਦੀ ਅਪੀਲ ਕਿਰਤ ਕਮਿਸ਼ਨਰ ਕੋਲ ਕਰ ਦੇਂਦੇ ਹਨ। ਜਿਥੇ ਇਹ ਅਪੀਲਾਂ ਦੀ ਸੁਣਵਾਈ ਕੁਝ ਤਾਰੀਖਾਂ 'ਚ ਨਹੀਂ, ਸਗੋਂ ਲੰਮੇਰੀ ਚੱਲਦੀ ਹੈ। ਵੇਖੋ ਗੱਲ ਤਾਂ ਬੱਸ ਏਨੀ ਕੁ ਹੀ ਹੈ ਕਿ ਕਾਮੇ ਨੂੰ ਉਸਦਾ ਹੱਕ ਗਰੈਚੂਇਟੀ ਸਮੇਂ 'ਤੇ ਮਿਲੇ। ਉਸ ਲਈ ਦਲੀਲ ਅਪੀਲ ਕਾਮੇ ਵਿਰੁੱਧ ਆਖ਼ਿਰ ਕਿਉਂ? ਕਿਉਂ ਆਖ਼ਰ ਉਸਨੂੰ ਅਦਾਲਤਾਂ 'ਚ ਜਾਣਾ ਪੈਂਦਾ ਹੈ?

ਇਹੋ ਜਿਹੇ ਕੇਸ ਸੂਬੇ ਦੀ ਰਾਜਧਾਨੀ 'ਚ ਕੇਸ ਚੱਲਦੇ ਹਨ। ਵੱਡੇ ਅਫ਼ਸਰ ਨੂੰ ਵਿਹਲ ਨਹੀਂ ਹੁੰਦੀ, ਅਗਲੀ ਤਾਰੀਖ ਪੈ ਜਾਂਦੀ ਹੈ। ਪੱਲੇ ਬੰਨੀ ਰੋਟੀ, ਪੂਰਾ ਦਿਨ ਰਾਜਧਾਨੀ ਦੇ ਵੱਡੇ ਦਫ਼ਤਰ 'ਚ ਕਿਸਮਤ ਬਣੀ ਦਿਖਦੀ ਹੈ। ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ, ਵਕੀਲਾਂ ਦੀਆਂ ਦਲੀਲਾਂ ਖ਼ਤਮ ਹੋ ਜਾਂਦੀਆਂ ਹਨ ਕੇਸਾਂ ਵਿੱਚ, ਪਰ ਫ਼ੈਸਲੇ ਲਟਕਦੇ ਰਹਿੰਦੇ ਹਨ। ਕਈ ਵੇਰ ਫ਼ੈਸਲਿਆਂ ਉਪਰੰਤ ਹਾਈ ਕੋਰਟ 'ਚ ਇਹ ਕੇਸ ਘਸੀਟ ਲਏ ਜਾਂਦੇ ਹਨ। ਸੂਬੇ ਦੇ ਕਿਰਤ ਕਮਿਸ਼ਨਰਾਂ ਦੀਆਂ ਅਦਾਲਤਾਂ ਦੇ ਦਫ਼ਤਰਾਂ 'ਚ ਅਪੀਲਾਂ ਦੀ ਗਿਣਤੀ ਦਰਜਨਾਂ 'ਚ ਹੈ, ਜਿਹੜੇ ਵਰਿਆਂ ਤੋਂ ਆਪਣੇ ਫ਼ੈਸਲੇ ਦੀ ਉਡੀਕ 'ਚ ਹੋਣਗੇ। ਕਿਸ ਕਿਸਮ ਦਾ ਅਦਾਲਤੀ ਇਨਸਾਫ਼ ਹੈ ਇਹ, ਜਿਸ ਦੀ ਉਡੀਕ 'ਚ ਕਾਮੇ ਬੁੱਢੇ ਬਿਰਖ ਬਣੇ ਦਿਖਦੇ ਹਨ। ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ਦਾ ਸ਼ੇਅਰ ਉਹਨਾ 'ਤੇ ਢੁੱਕਦਾ ਹੈ:-

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ।

ਬਿਲਕੁਲ ਇਹੋ ਜਿਹੇ ਅਫ਼ਸਰੀ ਇਨਸਾਫ਼ ਦੀ ਉਦਾਹਰਨ ਪੇਂਡੂ ਵਿਕਾਸ ਵਿਭਾਗ ਦੀ ਹੈ। ਪੰਚਾਇਤਾਂ ਵੱਲੋਂ ਜ਼ਿਲਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੇ ਦਫ਼ਤਰਾਂ 'ਚ ਨਜਾਇਜ਼ ਕਬਜ਼ਾ ਹਟਾਉਣ ਦੇ ਕੇਸਾਂ ਦੀ ਸੁਣਵਾਈ ਵਰਿਆਂ ਬੱਧੀ ਦਫ਼ਤਰਾਂ 'ਚ ਕਾਰਵਾਈ ਲਈ ਪਈ ਰਹਿੰਦੀ ਹੈ। ਫ਼ੈਸਲੇ ਹੋਣ ਉਪਰੰਤ ਸੂਬਾ ਪੰਚਾਇਤ ਅਤੇ ਵਿਕਾਸ ਦਫ਼ਤਰਾਂ 'ਚ ਅਤੇ ਨਾ ਹੀ ਸੂਬਾ ਦਫ਼ਤਰਾਂ 'ਚ ਇਹਨਾ ਦੀ ਸੁਣਵਾਈ ਦੀ ਕੋਈ ਸਮਾਂ ਸੀਮਾ ਹੈ। ਜੇ ਸਮਾਂ-ਸੀਮਾ ਹੈ ਵੀ ਤਾਂ ਅਫ਼ਸਰ ਉਸਨੂੰ ਮੰਨਦੇ ਹੀ ਨਹੀਂ। ਇਥੇ ਫ਼ੈਸਲੇ ਸਿਆਸੀ ਪਹੁੰਚ ਨਾਲ ਹੀ ਅੱਗੇ ਵਧਦੇ ਜਾਂ ਲਟਕਦੇ ਹਨ। ਗੱਲ ਇਥੇ ਹੀ ਬੱਸ ਨਹੀਂ ਹੁੰਦੀ। ਮਾਮਲਾ ਉਪਰੋਂ ਹੇਠਾਂ ਆਉਣ ਅਤੇ ਉਸਨੂੰ ਲਾਗੂ ਕਰਨ ਲਈ ਬਲਾਕ ਪੱਧਰ ਦੇ ਦਫ਼ਤਰਾਂ ਰਾਹੀਂ ਤਹਿਸੀਲਦਾਰਾਂ ਕੋਲ ਪਹੁੰਚਦਾ ਹੈ। ਜਿਥੇ ਮੁੜ ਕਬਜ਼ਾ ਲੈਣ ਲਈ ਲੰਮੀ ਕਾਰਵਾਈ ਹੁੰਦੀ ਹੈ। ਫਾਈਲਾਂ ਇਥੇ ਵੀ ਲਟਕਦੀਆਂ ਹਨ। ਖੂੰਜੇ ਲੱਗਦੀਆਂ ਹਨ। ਗਤੀ ਨਹੀਂ ਫੜਦੀਆਂ। ਬਹਾਨੇਬਾਜ਼ੀ ਦਾ ਸ਼ਿਕਾਰ ਹੁੰਦੀਆਂ ਹਨ।

ਡੂੰਘੀ ਨਜ਼ਰ ਨਾਲ ਜੇਕਰ ਐਸ।ਡੀ।ਐਮ। ਦਫ਼ਤਰਾਂ 'ਚ ਲੱਗੀਆਂ ਅਦਾਲਤਾਂ ਦੇ ਕੰਮਕਾਜ ਨੂੰ ਵੀ ਵੇਖਿਆ ਜਾਵੇ ਤਾਂ ਇਥੇ ਵੀ ਸੈਂਕੜੇ ਕੇਸ ਲੰਮਾ ਸਮਾਂ ਲਟਕਦੇ ਰਹਿੰਦੇ ਹਨ। ਸਧਾਰਨ ਵਿਅਕਤੀ ਦੀ ਇਨਸਾਫ਼ ਦੀ ਆਸ ਤਾਂ ਉਸ ਵੇਲੇ ਮੱਧਮ ਪੈ ਜਾਂਦੀ ਹੈ, ਜਦੋਂ ਇਹਨਾਂ ਅਫ਼ਸਰੀ ਅਦਾਲਤਾਂ ਵਿੱਚ, ਜੋ ਜੱਜ ਦੀ ਭੂਮਿਕਾ ਨਿਭਾਉਂਦੇ ਹਨ, ਵਕੀਲਾਂ ਦੀਆਂ ਮਣਾਂ-ਮੂੰਹ ਫ਼ੀਸਾਂ ਭਰਨੀਆਂ ਪੈਂਦੀਆਂ ਹਨ, ਉਹਨਾ ਦੇ ਮੁਨਸ਼ੀਆਂ ਦੇ ਨਿੱਤ-ਦਿਹਾੜੇ ਇੱਕ-ਦੁੱਕਾ ਖ਼ਰਚੇ ਉਠਾਉਣੇ ਪੈਂਦੇ ਹਨ, ਜਿਹਨਾ ਵਿੱਚ ਟਾਈਪ ਫੀਸ ਅਸ਼ਟਾਮ, ਅੰਦਰਲੀ ਫ਼ੀਸ, ਕਾਪੀ ਫ਼ੀਸ ਅਤੇ ਉਪਰੋਂ ਸੇਵਾ ਫੀਸ, ਜਿਸਦਾ ਕੋਈ ਅੰਤ ਹੀ ਨਹੀਂ ਹੁੰਦਾ। ਉਂਜ ਵੀ ਇਹਨਾ ਦਫ਼ਤਰਾਂ 'ਚ ਵਕੀਲਾਂ ਰਾਹੀਂ ਕੀਤੇ-ਕਰਵਾਏ ਆਪਸੀ ਸਮਝੌਤੇ ਬਹੁਤੀ ਵੇਰ ਆਮ ਲੋਕਾਂ ਨੂੰ ਇਨਸਾਫ ਤੋਂ ਦੂਰ ਰੱਖਦੇ ਹਨ, ਕਿਉਂਕਿ ਇਸ ਨਾਲ ਉਹਨਾ ਦੀ ਨਾ ਮਾਨਸਿਕ ਸੰਤੁਸ਼ਟੀ ਹੁੰਦੀ ਹੈ, ਨਾ ਹੀ ਉਸ ਵਿਅਕਤੀ ਨੂੰ ਸਹੀ ਹੱਕ ਮਿਲਦਾ ਹੈ।

ਵੱਖੋ-ਵੱਖਰੇ ਮਹਿਕਮਿਆਂ ਵੱਲੋਂ ਬਣਾਏ ਗਏ ਟ੍ਰਿਬਿਊਨਲਾਂ ਦੇ ਕੰਮ ਕਾਜ ਉਤੇ ਵੀ ਇਹੋ ਜਿਹੇ ਹੀ ਸਵਾਲ ਉੱਠਦੇ ਹਨ। ਗੱਲ ਸੂਚਨਾ ਕਮਿਸ਼ਨ ਦੀ ਲੈ ਲਈਏ। ਦਫ਼ਤਰਾਂ ਤੋਂ ਮੰਗੀ ਗਈ ਸੂਚਨਾ ਜੇਕਰ ਸੰਬੰਧਤ ਅਫ਼ਸਰ ਮੁਹੱਈਆ ਨਹੀਂ ਕਰਦਾ ਤਾਂ ਉਸ ਵਿਰੁੱਧ ਸ਼ਿਕਾਇਤ ਹੁੰਦੀ ਹੈ ਸੂਚਨਾ ਕਮਿਸ਼ਨ ਦਫ਼ਤਰ 'ਚ। ਹਾਲ ਉਥੇ ਵੀ ਇਹੋ ਜਿਹੀਆਂ ਅਰਜ਼ੀਆਂ ਦਾ ਇੰਜ ਹੀ ਹੁੰਦਾ ਹੈ। ਅਫ਼ਸਰ ਦਾ ਜੀਅ ਕਰਦਾ ਹੈ ਤਾਂ ਸੂਚਨਾ ਦਿੰਦਾ ਹੈ, ਨਹੀਂ ਜੀਅ ਕਰਦਾ ਤਾਂ ਨਹੀਂ ਦਿੰਦਾ। ਢੇਰਾਂ ਦੇ ਢੇਰ ਅਰਜ਼ੀਆਂ ਸੂਚਨਾ ਨਾ ਦੇਣ ਵਾਲੀਆਂ ਪਈਆਂ ਹਨ। ਇਹਨਾ ਸੂਬਾ ਸੂਚਨਾ ਦਫ਼ਤਰਾਂ 'ਚ ਵੀ ਕੇਸ ਚੱਲਦੇ ਹਨ, ਪਰ ਕਾਰਵਾਈਆਂ ''ਜੁਡੀਸ਼ਰੀ ਅਦਾਲਤਾਂ'' ਦੀ ਕਾਰਵਾਈ ਵਾਂਗਰ ਲਟਕਦੀਆਂ ਰਹਿੰਦੀਆਂ ਹਨ। ਇਨਸਾਫ਼ ਨੂੰ ਲੋਕ ਇਥੇ ਵੀ ਉਡੀਕਦੇ ਹਨ।

ਗੱਲ ਤਾਂ ਸਪਸ਼ਟ ਹੈ ਕਿ ਅਫ਼ਸਰੀ ਅਦਾਲਤਾਂ ਦੇ ਕੰਮ ਕਾਰ ਤਾਂ ਸਿੱਧੇ ਸਿਆਸੀ ਪਰਭਾਵ ਦੇ ਮੁਥਾਜ ਹੋਏ ਵਿਖਾਈ ਦੇਂਦੇ ਹਨ। ਕੀ ਆਮ ਆਦਮੀ ਦੀ ਚੀਖ-ਪੁਕਾਰ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਦੀ ਇਨਸਾਫ਼ ਲਈ ਚਾਹਤ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਇਨਸਾਫ਼ ਦੀ ਸੜਕਾਂ ਤੇ ਭਟਕਣਾ ਕੋਈ ਮਾਇਨੇ ਨਹੀਂ ਰੱਖਦੀ? ਕੀ ਅਫ਼ਸਰਸ਼ਾਹੀ, ਇੰਨੀ ਸਿਆਸੀ ਮੁਥਾਜ, ਅਵੇਸਲੀ ਹੋ ਚੁੱਕੀ ਹੈ ਕਿ ਆਮ ਆਦਮੀ ਉਸਦੀ ਲਿਸਟ ਵਿੱਚੋਂ ਬਾਹਰ ਹੋ ਗਿਆ ਹੈ? ਆਮ ਆਦਮੀ ਨਾਲ ਧੱਕਾ ਹੁੰਦਾ ਹੈ ਤਾਂ ਉਹ ਪੰਚਾਇਤੇ ਚੜਦਾ ਹੈ। ਤਾਰੀਖਾਂ ਦਾ ਸਾਹਮਣਾ ਕਰਦਾ ਹੈ। ਥਾਣੇ ਜਾਂਦਾ ਹੈ ਤਾਂ ਭਟਕਦਾ ਹੈ। ਅਦਾਲਤੇ ਜਾਂਦਾ ਹੈ ਤਾਂ ਲੰਮੀ ਪ੍ਰਕਿਰਿਆ ਉਸਨੂੰ ਡਰਾਉਂਦੀ ਹੈ।

ਅਫ਼ਸਰੀ ਅਦਾਲਤ ਉਸਨੂੰ ਇਨਸਾਫ਼ ਤੋਂ ਵਿਰਵਾ ਰੱਖਦੀ ਹੈ। 'ਸਿਆਸੀ ਇਨਸਫ' ਉਸਨੂੰ ਸਿਰਫ਼ ਲਾਰਾ-ਲੱਪਾ ਦਿੰਦਾ ਹੈ ਤਾਂ ਫਿਰ ਆਖ਼ਰ ਆਮ ਆਦਮੀ ਲਈ ਇਨਸਾਫ ਕਿਥੇ ਹੈ? ਕਿਹੜੇ ਘੁਰਨੇ 'ਚ ਵੜਿਆ ਹੈ ਉਸ ਲਈ ਇਨਸਾਫ, ਜਿਸਦੀ ਪ੍ਰਾਪਤੀ ਉਹਦੀਆਂ ਅੱਖਾਂ 'ਚ ਚਮਕ ਲਿਆਏਗੀ?

# ਹੁਣ ਤਾਂ ਲਾਹ ਦੇਣਾ ਸੀ ਕਾਲਾ ਕੋਟ

ਹੁਣ ਤਾਂ ਲਾਹ ਦੇਣਾ ਸੀ ਕਾਲਾ ਕੋਟ
ਹੁਣ ਤਾਂ ਅਪ੍ਰੈਲ ਵੀ ਲੰਘ ਚਲਿਆ
ਗਰਮੀ ਤਾਂ ਵੱਟ ਕੱਢੀ ਜਾ ਰਹੀ ਹੈ
ਤੇ ਉਪਰੌ ਤਿੱਖੀ ਧੁੱਪ ਵੀ ਚੂੰਡੀਆਂ ਵੱਢ ਰਹੀ
ਗਰਮੀ ਮਹਿਸੂਸ ਹੋ ਰਹੀ ਕਿ ਨਹੀ ?

ਲੈ , ਮਹਿਸੂਸ ਕਿਉਂ ਨਹੀਂ ਹੋ ਰਹੀ !
ਮਹਿਸੂਸ ਤਾਂ ਸੱਭ ਕੁਝ ਹੀ ਹੁੰਦਾ !!
ਪਰ ਜੇ ਕਿਤੇ ਮੈਂ ਲਾਹ ਦਿੱਤਾ ਕਾਲਾ ਕੋਟ
ਤਾਂ ਰੁੱਸ ਜਾਣੀਆਂ ਮੇਰੇ ਨਾਲ ਮੇਰੀਆਂ ਹੀ ਕਵਿਤਾਵਾਂ
ਜੋ ਹਰ ਵੇਲੇ ਮੇਰੇ ਅੰਗ ਸੰਗ ਹੀ ਰਹਿਣਾ ਚਾਹੁੰਦੀਆਂ

ਉਹ ਅਕਸਰ ਕਹਿੰਦੀਆਂ ਹਨ ਕਿ

" ਅਸੀਂ ਤਾਂ ਖਿਲਰੀਆਂ ਫਿਰਦੀਆਂ ਹਾਂ
ਤੂੰ ਅੱਵਲ ਤਾਂ ਸਾਨੂੰ ਸਾਰੀਆਂ ਨੂੰ ਹੀ
ਤੇ ਜੇ ਸਾਰੀਆਂ ਨੂੰ ਨਹੀ
ਤਾਂ ਘੱਟੋ ਘੱਟ ਸਾਨੂੰ ਥੋੜੀਆਂ ਜਿਹੀਆਂ ਨੂੰ
ਲੁਕਾਅ ਛੁਪਾ ਕੇ ਹੀ ਰੱਖਿਆ ਕਰ
ਆਪਣੇ ਕਾਲੇ ਕੋਟ ਦੀਆਂ ਜੇਬਾਂ ਵਿੱਚ
ਕੀ ਪਤਾ ਸਾਡੀ ਕਿੱਥੇ ਲੋੜ ਪੈ ਜਾਵੇ
ਅਸੀ ਤਾਂ ਖਿਲਰੀਆਂ ਫਿਰਦੀਆਂ ਹਾਂ "

ਸੱਚ ਹੀ ਤਾਂ ਕਹਿ ਰਹੀਆਂ ਹਨ ਕਵਿਤਾਵਾਂ
ਵਿਚਾਰੀਆਂ ਕਿੰਨੀਆਂ ਕੋਮਲ ਹਨ !
ਕਿੰਨੀਆਂ ਸੰਵੇਦਨਸ਼ੀਲ ਹਨ !!
ਕਿੰਨਾ ਖਿਆਲ ਰੱਖਦੀਆਂ ਹਨ ਮੇਰਾ !!!
ਤੇ ਫਿਰ ਮੈਂ ਵੀ ਉਨ੍ਹਾ ਦਾ ਖ਼ਿਆਲ ਕਿਉਂ ਨਾ ਰੱਖਾਂ ?

ਕਵਿਤਾਵਾਂ ਮੇਰੇ ਕਾਲੇ ਕੋਟ ਦੀਆਂ ਅੰਦਰਲੀਆਂ ਜੇਬਾਂ 'ਚੋਂ ਦੀ
ਮੇਰੀ ਹਿੱਕ ਨਾਲ ਹੀ ਲਗੀਆਂ ਰਹਿੰਦੀਆਂ
ਤੇ ਮੈਂ ਗਰਮੀਆਂ 'ਚ ਵੀ ਪਹਿਣੀ ਰੱਖਦਾ ਹਾਂ ਕਾਲਾ ਕੋਟ

ਮੈਂ ਅਲੱਗ ਨਹੀ ਹੋਣਾ ਚਾਹੁੰਦਾ
ਆਪਣੀਆਂ ਲਿਖੀਆਂ ਸੱਜਰੀਆਂ ਕਵਿਤਾਵਾਂ ਤੋਂ
ਪੁਰਾਣੀਆਂ ਤਾਂ ਚਲੋ ਘਰ 'ਚ ਹੀ
ਕਿਤੇ ਥਾਂ ਮੱਲੀ ਬੈਠੀਆਂ ਹੋਣਗੀਆਂ
ਪਰ ਤਾਜ਼ੀਆਂ ਨਜ਼ਮਾਂ ਗ਼ਜ਼ਲਾਂ ਕਵਿਤਾਵਾਂ
ਲੈ ਰਹੀਆਂ ਝੂਟੇ ਮੇਰੇ ਕਾਲੇ ਕੋਟ ਦੀਆਂ ਜੇਬਾਂ ਵਿੱਚ

ਉਝ ਵੀ ਤਾਂ ਕਾਲਾ ਕੋਟ ਕਚਹਿਰੀ ਲਈ ਹੀ ਹੈ
ਤੇ ਲਗਪਗ ਰੋਜ਼ ਹੀ ਮੈ ਵੀ ਤਾਂ ਜਾਂਦਾ ਹਾਂ ਕਚਹਿਰੀ

ਪਿੱਛੇ ਨੂੰ ਮੁੜ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ
ਸਤਾਰਾਂ ਕੁ ਸਾਲ ਦੀ ਲੰਬੀ ਜਦੋਜਹਿਦ ,
ਬਹੁਤ ਔਖਿਆਂ ਹੋ ਕੇ ਕੀਤੀ ਪੜ੍ਹਾਈ
ਅਤੇ ਫਿਰ ਤਿੰਨ ਕੁ ਸਾਲ ਲੰਬੇ
ਐਲ। ਐਲ।ਬੀ।ਦੇ ਕੋਰਸ ਤੋਂ ਬਾਅਦ ਹੀ
ਨਸੀਬ ਹੁੰਦਾ ਹੈ ਇਹ ਕਾਲਾ ਕੋਟ

ਇਹ ਕਾਲਾ ਕੋਟ ਜਿੱਥੇ ਕਚਹਿਰੀ ਵਿੱਚ ਵਕੀਲ ਹੋਣ ਦੀ
ਪਹਿਚਾਣ ਕਰਵਾਉਂਦਾ ਹੈ
ਉੱਥੇ ਇਹ ਦੂਸਰਿਆਂ ਨਾਲੋਂ
ਸਾਨੂੰ ਅਲੱਗ ਵੀ ਦਰਸਾਉਂਦਾ ਹੈ

ਦਿਲਚਸਪ ਗੱਲ ਇਹ ਵੀ ਕਿ
ਕਾਲੇ ਕੋਟ ਦੀਆਂ ਤਿੰਨ ਚਾਰ ਜੇਬਾਂ ਵਿੱਚ
ਸਾਂਭੇ ਜਾਂਦੇ ਹਨ ਬੜੀਆਂ ਕਿਸਮਾਂ ਦੇ ਕਾਗਜ਼
ਜੋ ਲੋੜ ਪੈਣ ਉੱਤੇ ਉਸੇ ਵੇਲੇ ਕੱਢ ਲਈਦੇ ਹਨ ਜੇਬਾਂ 'ਚੋਂ

ਕਿੰਨੇ ਮਹੱਤਵਪੂਰਨ ਹੋ ਗਏ ਹਨ
ਕਾਗਜ਼ ਸਾਡੀ ਜ਼ਿੰਦਗੀ ਵਿੱਚ!!

ਆਪਣੀ ਸਹੂਲਤ ਲਈ ਕਦੀ ਕਦੀ ਇਹ ਕਾਲਾ ਕੋਟ
ਮੈਨੂੰ ਕਿਸੇ ਦੁਕਾਨਦਾਰ ਦੀ ਤਿਜੋਰੀ ਵਾਂਗ ਲਗਦਾ ਹੈ
ਤੇ ਕਦੇ ਕਿਸੇ ਅਫਸਰ ਦੇ ਟੇਬਲ ਨੂੰ ਲੱਗੇ ਦਰਾਜ਼ ਵਾਂਗ

ਇਹ ਕਾਲਾ ਕੋਟ ਇੱਕ ਦਿਨ ਲਈ ਤਾਂ
ਦਿਨ ਭਰ ਦਾ ਮਿੰਨੀ ਬੈਂਕ ਹੀ ਹੁੰਦਾ ਹੈ

ਇਸ ਵਿਚ ਬਹੁਤ ਕੁਝ ਰੱਖਿਆ ਜਾ ਸਕਦਾ ਹੈ
ਬੈਂਕ ਲੌਕਰ ਵਿਚ ਰੱਖੇ ਸਮਾਨ ਵਾਂਗ
ਇਹ ਵੱਖਰੀ ਗੱਲ ਕਿ ਇਸ ਕੋਟ ਨੂੰ ਤਾਲੇ ਨਹੀਂ ਲੱਗਦੇ
ਸਿਰਫ਼ ਬੱਟਨ ਲੱਗਦੇ ਹਨ

ਰੁਪਏ ਪੈਸੇ ਬਹੁਤੀ ਦੇਰ ਨਹੀ ਟਿਕਦੇ ਕਾਲੇ ਕੋਟ ਵਿੱਚ
ਰੁਪਏ ਪੈਸੇ ਤਾਂ ਮੁਸ਼ਕਪੂਰ ਵਾਂਗ
ਕਿਤੇ ਛੇਤੀ ਹੀ ਉੱਡ ਜਾਂਦੇ ਹਨ
ਅੰਤਾਂ ਦੀ ਮਹਿੰਗਾਈ ਵਿੱਚ

ਫਿਰ ਵੀ ਫਾਇਦੇ ਬਹੁਤ ਹਨ ਕਾਲੇ ਕੋਟ ਦੇ
ਤੇ ਨੁਕਸਾਨ ਕੋਈ ਵੀ ਨਹੀ ਹੈ

ਪਰ ਇੱਕ ਜ਼ੁੰਮੇਵਾਰੀ ਹੈ ਸਿਰਫ
ਉਹ ਇਹ ਹੈ ਕਿ
ਇਸ ਕਾਲੇ ਕੋਟ ਨੇ ਸਾਡੀ
ਤੇ ਅਸੀ ਇਸ ਦੀ ਲਾਜ ਰੱਖਣੀ ਹੁੰਦੀ ਹੈ
ਹਾਂ, ਹਾਂ, ਲਾਜ ਰੱਖਣੀ ਹੁੰਦੀ ਹੈ ...।

- ਰਘਵੀਰ ਸਿੰਘ ਟੇਰਕਿਆਨਾ
91-9814173402

# "ਭਾਰਤ 'ਚ ਭ੍ਰਿਸ਼ਟਾਚਾਰ ਦੀ ਚਲਦੀ ਗੰਗੋਤਰੀ"

ਅਸੀਂ ਸਾਰੇ ਭਾਰਤਵਾਸੀ ਆਪਣੇ ਆਪ ਨੂੰ ਅਤੇ ਆਪਣੇ ਦੇਸ਼ ਭਾਰਤ ਵਰਸ਼ ਵਾਰੇ ਸਮਝਦੇ ਹਾਂ ਕਿ ਸਾਰੀ ਦੁਨੀਆਂ ਦੇ ਦੇਸ਼ਾ 'ਚੋਂ ਸਾਡਾ ਦੇਸ਼ ਭਾਰਤ ਵਰਸ਼ ਅਤੇ ਭਾਰਤ ਵਾਸੀ ਬਹੁਤ ਵੱਧੀਆ ਆਦਰਸ਼ਕ ਉਦੇਸ਼ਾਂ ਵਾਲੇ ਕਲਚਰ ਸਭਿਆਚਾਰ ਅਤੇ ਵੱਧੀਆ ਕਰੈਕਟਰ ਵਾਲੇ ਹਨ। ਜਦ ਕਿ ਹਕੀਕਤ 'ਚ ਸੱਭ ਕੁੱਝ ਇਸ ਦੇ ਉਲਟ ਹੈ ਕਿਉਂ ਕਿ ਬਾਕੀ ਦੇਸ਼ਾਂ ਦੇ ਵਸਨੀਕ ਭੋਲੇ-ਭਾਲੇ ਸੱਚੇ ਪੱਕੇ ਪੂਰੀ ਤਰ੍ਹਾਂ ਇਮਾਨਦਾਰ ਹਨ। ਉਹ ਜੋ ਵੀ ਕਰਦੇ ਹਨ ਬਿਨਾ ਕਿਸੇ ਤੋਂ ਕੁੱਝ ਲੁਕਾਏ ਸੱਭ ਦੇ ਸਾਹਮਣੇ ਕਰਦੇ ਹਨ। ਉਹ ਪਰਦੇ ਪਿੱਛੇ ਛੁੱਪ ਕੇ ਕੁੱਝ ਨਹੀਂ ਕਰਦੇ, ਜਿਸ ਕੰਮ ਨੂੰ ਉਹ ਨਹੀਂ ਕਰ ਸਕਦੇ ਉਸ ਵਾਰੇ ਸ਼ਰੇਆਮ ਸੌਰੀ ਕਹਿ ਦਿੰਦੇ ਹਨ ਕਿ ਮੈਂ ਇਵੇਂ ਨਹੀਂ ਕਰ ਸਕਦਾ। ਪਿੱਛਲੇ ਦਿਨੀਂ ਭਾਰਤ ਦੇਸ਼ ਦੀ ਕੇਂਦਰ ਸਰਕਾਰ ਦੇ ਗੁਪਤਚਰ ਵਿਭਾਗ ਦੀ ਇੰਟੈਲੀਜੈਂਸੀ ਏਜੰਸੀ ਅਥਵਾ ਵਿਜੀਲੈਂਸ ਵਿਭਾਗ ਦੇ ਸਾਬਕਾ ਕੇਂਦਰੀ ਕਮਿਸ਼ਨਰ ਵਲੋਂ ਪਿੰਟ੍ਰ ਅਤੇ ਇਲੈਕਟ੍ਰੋਨਿਕ ਮੀਡੀਏ 'ਚ ਇਹ ਬਿਆਨ ਦਿੱਤਾ ਗਿਆ ਕਿ ਭਾਰਤ ਦੇਸ਼ ਦਾ ਹਰ ਤੀਜਾ ਨਾਗਰਿਕ ਭ੍ਰਿਸ਼ਟ ਹੈ। ਭ੍ਰਿਸ਼ਟ ਭਾਰਤੀਆਂ ਵਾਰੇ ਸਰਕਾਰ ਦੇ ਬਹੁਤ ਹੀ ਖਾਸ ਜਿਮੇਂਵਾਰੀ ਵਾਲੇ ਵਿਭਾਗ ਦੇ ਮੁੱਖੀ ਵਲੋਂ ਆਪਣੇ ਆਹੁਦੇ ਤੋਂ ਸੇਵਾਮੁਕਤੀ ਬਾਅਦ ਸ਼ਰੇਆਮ ਜਨਤਕ ਤੌਰ 'ਤੇ ਬਿਆਨ ਦੇਣਾ ਸਾਰੇ ਭਾਰਤੀਆਂ ਨੂੰ ਸ਼ਰਮਸਾਰ ਕਰਨ ਵਾਲਾ ਬਹੁਤ ਵੱਡਾ ਸਬੂਤ ਹੈ। ਇਹ ਬਿਆਨ ਵਿਦੇਸ਼ਾਂ 'ਚ ਵਸਦੇ ਸਾਰੇ ਭਾਰਤੀਆਂ ਦਾ ਦੁਨੀਆਂ ਦੀਆਂ ਬਾਕੀ ਕੌਮਾਂ 'ਚ ਮਖੌਲ ਉਡਾਉਂਣ ਲਈ ਬਥੇਰਾ ਹੈ। ਬੀਤ ਚੁੱਕੇ ਸਮੇਂ 'ਚ ਵੀ ਇਸ ਬਿਆਨ ਤੋਂ ਪਹਿਲਾਂ ਵੀ ਇਹੋ ਜਹੇ ਬਿਆਨ ਕਈ ਵਾਰ ਜਿਮੇਂਵਾਰ ਉੱਚ ਅਧਿਕਾਰੀਆਂ ਦੇ ਆਉਂਦੇ ਰਹੇ ਹਨ। ਜਿਨ੍ਹਾਂ ਬਿਆਨਾਂ ਦੀ ਵਜ੍ਹਾ ਕਰਕੇ ਪੜਤਾਲੀਆ ਕਮੇਟੀਆਂ ਵੀ ਬਣਦੀਆਂ ਰਹੀਆਂ ਹਨ ਅਤੇ ਸਰਵੇਖਣ ਵੀ ਹੁੰਦੇ ਰਹੇ ਹਨ। ਉਨ੍ਹਾਂ ਸਾਰੇ ਸਰਵੇਖਣਾ ਨੂੰ ਕੁੱਝ ਸਮੇਂ ਬਾਅਦ ਹੀ ਬਿਨਾ ਕਿਸੇ ਨਤੀਜੇ 'ਤੇ ਪਹੁੰਚਿਆਂ ਅੱਧ ਵਿਚਕਾਰ ਖਤਮ ਵੀ ਕੀਤਾ ਜਾਂਦਾ ਰਿਹਾ ਹੈ। ਇਸ ਵਿਜੀਲੈਂਸ ਵਿਭਾਗ ਦੇ ਉਸ ਸਾਬਕਾ ਅਧਿਕਾਰੀ ਵਲੋਂ ਦਿੱਤਾ ਬਿਆਨ ਸ਼ਾਇਦ ਹਕੀਕਤ 'ਚ ਭਾਵੇਂ ਸਹੀ ਨਾ ਵੀ ਹੋਕੇ ਝੂਠਾ ਹੀ ਹੋਵੇ।ਫਿਰ ਵੀ ਇਸ ਦੇ ਬਾਵਯੂਦ ਬਹੁਤ ਸਾਰੇ ਹੋਰ ਸਰੋਤਾਂ ਰਾਹੀਂ ਸਾਰੀ ਦੁਨੀਆਂ ਨੂੰ ਇਸ ਹਕੀਕਤ ਦਾ ਪਤਾ ਲਗ ਚੁੱਕਾ ਹੈ ਕਿ ਭ੍ਰਿਸ਼ਟਾਚਾਰ ਦੀ ਬਿਮਾਰੀ ਰੂਪੀ ਕੋਹੜ ਭਾਰਤ ਦੇਸ਼ ਦੇ ਸਿਆਸੀ, ਸਰਕਾਰੀ, ਗੈਰਸਰਕਾਰੀ ਅਤੇ ਹਰ ਤਰ੍ਹਾਂ ਦੇ ਆਮ ਲੋਕਾਂ ਤੋਂ ਸਿਵਾਏ ਭਾਰਤੀ ਸਮਾਜਕ ਧਾਰਮਿਕ ਆਰਥਿਕ ਢਾਚੇਂ ਦੀ ਰਗ-ਰਗ 'ਚ ਜਾ ਵੜਿਆ ਹੈ।

ਹੁਣ ਤਾਂ ਇਹ ਲਗਦਾ ਹੈ ਕਿ ਕੋਹੜ ਦੀ ਬਿਮਾਰੀ ਭਾਰਤੀਆਂ ਦੇ ਹੱਡਾਂ 'ਚ ਰਚਣ ਬਾਅਦ ਹੁਣ ਖੂਨ 'ਚ ਵੜ ਚੁੱਕੀ ਹੋਈ ਹੈ।ਇਹ ਜਾਣਿਆ ਪਹਿਚਾਣਿਆ ਅਟੱਲ ਸਚਾਈ ਵਾਲਾ ਕੋੜਾ ਲੱਗਣ ਵਾਲਾ ਸੱਚ ਹੈ ਕਿ ਸਾਡੇ ਭਾਰਤ ਦੇਸ਼ ਦੇ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੇ ਅਧਿਕਾਰੀ,ਵੱਡੇ ਅਹੁਦਿਆਂ ਸਮੇਤ ਛੋਟੇ ਮੁਲਾਜਮ,ਵਪਾਰੀ, ਸਿਆਸੀ ਪਾਰਟੀਆਂ ਸਮੇਤ ਸਿਆਸਤਦਾਨ, ਧਾਰਮਿਕ ਬਾਬੇ, ਸਮਾਜਕ ਸੰਸਥਾਵਾਂ ਦੇ ਆਗੂ, ਵਪਾਰੀ, ਡਾਕਟਰ, ਟੀਚਰ, ਅਧਿਆਪਕ, ਡਾਕਟਰ, ਪੱਤਰਕਾਰ,ਜੱਜ, ਪੁਲੀਸ ਅਫਸਰ, ਸਿਪਾਹੀ, ਥਾਣੇਦਾਰ, ਵਕੀਲ, ਸੰਪਾਦਕ, ਦੁਕਾਨਦਾਰ, ਤਹਿਸੀਲਦਾਰ, ਇੰਸਪੈਕਟਰਾਂ ਤੋਂ ਛੁੱਟ ਹਰ ਮਹਿਕਮੇ ਦੇ ਚੌਥੇ ਦਰਜੇ ਦੇ ਕਰਮਚਾਰੀ ਤੋਂ ਲੈ ਕੇ ਪਹਿਲੀ ਕਲਾਸ ਦੀ ਕੁਰਸੀ 'ਤੇ ਬੈਠੇ ਕਰਮਚਾਰੀ ਆਦਿ ਸੱਭ ਭ੍ਰਿਸ਼ਟ ਬਣ ਚੁੱਕੇ ਹਨ।

ਸਰਕਾਰੀ ਦਫਤਰਾਂ 'ਚ ਸਰਕਾਰ ਵਲੋਂ ਆਮ ਜਨਤਾ ਦੀ ਸਹੂਲਤ ਲਈ ਦਫਤਰਾਂ ਲਈ ਭੇਜੇ ਗਏ ਸਮਾਨ ਪੱਖੇ, ਮੇਜ, ਕੁਰਸੀਆਂ, ਟਾਟ, ਕੂਲਰ,ਦਰੀਆਂ, ਟੀ ਵੀ, ਡੀ ਵੀ ਡੀ, ਵੀ ਸੀ ਆਰ, ਰੇਡੀਓ, ਕੈਲੰਡਰ ਫੋਟੋਆਂ, ਕੰਪਿਊਟਰ, ਲੈਪਟੋਪ ਕੰਧਾਂ 'ਤੇ ਲਟਕਦੇ ਸ਼ੀਸ਼ੇ ਆਦਿ ਕਈ ਤਰ੍ਹਾਂ ਦੇ ਹੋਰ ਕੀਮਤੀ ਸਮਾਨ ਨੂੰ ਇਨ੍ਹਾਂ ਘਟੀਆ ਕਿਸਮ ਦੇ ਅਧਿਕਾਰੀਆਂ ਵਲੋਂ ਬਾਕੀ ਸਟਾਫ ਦੇ ਅੱਖਾਂ 'ਚ ਘੱਟਾ ਪਾਕੇ ਘਰਾਂ ਨੂੰ ਲੈ ਜਾਣਾ ਅਮ ਗੱਲ ਹੈ। ਇਨ੍ਹਾਂ ਚੀਜਾਂ 'ਤੇ ਆਪਣਾ ਨਿੱਜੀ ਹੱਕ ਸਮਝਦੇ ਹੋਏ ਬੜੇ ਇਹ ਵੱਡੇ-ਵੱਡੇ ਲੈਂਡਲਾਰਡ ਧਨਾਡ, ਕਾਫੀ ਵੱਡੇ ਅਮੀਰ ਰਈਸ ਅਤੇ ਖੱਬੀਖਾਂਹ ਕਹਾਉਣ ਵਾਲੇ ਇਨ੍ਹਾਂ ਘਟੀਆ ਅਧਿਕਾਰੀਆਂ ਵਲੋਂ ਆਪਣੇ ਘਰਾਂ ਨੂੰ ਲਿਜਾਉਣਾ ਮਮੂਲੀ ਜਹੀ ਗੱਲ ਬਣੀ ਹੋਈ ਹੈ। ਉਹ ਸਮਝਦੇ ਹਨ ਕਿ ਇਹ ਦਫਤਰ ਸਾਡੇ ਪਿਓ ਦੀ ਜਗੀਰ ਹੈ। ਆਪਣੇ ਘਰਾਂ ਨੂੰ ਸਮਾਨ ਚੁੱਕ ਕੇ ਲੈ ਜਾਣਾ ਸਾਡਾ ਸੰਵਿਧਾਨਕ ਤੌਰ 'ਤੇ ਮੁੱਢਲਾ ਅਤੇ ਇਖਲਾਕੀ ਹੱਕ ਹੈ ਕਿ ਅਸੀਂ ਆਪਣੇ ਦਫਤਰ 'ਚ ਜੋ ਮਰਜੀ ਕਰੀਏ। ਇਸ ਤਰ੍ਹਾਂ ਦੇ ਲੋਕੀਂ ਸਾਡੇ ਭੋਲੇ-ਭਾਲੇ ਅਤੇ ਇਨ੍ਹਾਂ ਗੱਲਾਂ ਤੋਂ ਅਣਜਾਣ ਸਮਾਜ 'ਚ ਅਪਣੀਆਂ ਚਾਪਲੂਸੀ ਵਾਲੀਆਂ ਮਿੱਠੀਆਂ-ਮਿੱਠੀਆਂ ਚੋਪੜਵੀਆਂ ਫੋਕੀਆਂ ਫੁਕਰੀਆਂ ਗੱਲਾਂ ਦੁਆਰਾ ਬਣਾਈ ਗਈ ਛੱਤੀ ਪ੍ਰਕਾਰ ਦੇ ਸੁਆਦਾਂ ਭਰੀ ਪਰੋਸੀ ਗਈ ਖੀਰ ਰਾਹੀਂ ਇਸ ਤਰ੍ਹਾਂ ਵਿਚਰਦੇ ਹਨ, ਜਿਵੇਂ ਕਿ ਉਹ ਹੀ ਪੂਰੇ ਸਮਾਜ ਨੂੰ ਸੇਧ ਦੇਣ ਵਾਲੇ ਭਲਾਈ ਦੇ ਰਸਤੇ 'ਤੇ ਲਿਜਾਉਂਣ ਵਾਲੇ ਸਾਰੇ ਸਮਾਜ ਦੇ ਅਸਲੀ ਮਾਰਗ ਦਰਸ਼ਕ ਅਤੇ ਪਹਿਰੇਦਾਰ ਹੋਣ।

ਕੁੱਝ ਇਸੇ ਤਰ੍ਹਾਂ ਦੇ ਮਾਮਲੇ ਵਾਰੇ ਸਾਲ 1971-72 ਦੀ ਗੱਲ ਹੈ ਕਿ ਸਾਡੇ ਪਿੰਡ ਤੋਂ 5-6 ਕਿਲੋਮੀਟਰ ਦੂਰੀ 'ਤੇ ਇੱਕ ਸਰਕਾਰੀ ਹਾਈ ਸਕੂਲ 'ਚ ਮੇਰੇ ਪਿਤਾ ਜੀ ਅਤੇ ਮੈਂ ਦੋਵੇਂ ਹੀ ਅਸੀਂ ਬਤੌਰ ਅਧਿਆਪਕ ਵਜੋਂ ਇੱਕੋ ਸਕੂਲ 'ਚ ਸਰਵਿਸ ਕਰਦੇ ਸਾਂ। ਉਸ ਸਕੂਲ ਦਾ ਮੁੱਖੀ ਪਹਿਲਾਂ ਕਦੇ ਕਿਸੇ ਸਮੇਂ 'ਚ ਤਹਿਸੀਲ ਪੱਧਰ ਦੇ ਬਲਾਕ ਦਾ ਅਫਸਰ ਸੀ ਜਿਸ ਨੂੰ ਉਸ ਵੇਲੇ ਏ ਡੀ ਆਈ ਕਹਿੰਦੇ ਸਨ। ਬਾਅਦ 'ਚ ਜਿਲ੍ਹਾ ਸਿਖਿਆ ਵਿਭਾਗ 'ਚ ਐਕਟਿੰਗ ਜਿਲ੍ਹਾ ਸਿਖਿਆ ਵਿਭਾਗ ਮੁੱਖੀ ਵੀ ਰਿਹਾ ਉਸ ਸਮੇਂ ਉਸ ਨੂੰ ਜਿਲ੍ਹਾ ਸਿਖਿਆ ਇੰਸਪੈਕਟਰ (ਡੀ ਆਈ) ਕਹਿੰਦੇ ਸਨ ਹੁਣ ਉਸ ਨੂੰ ਡੀ ਈ ਓ ਜਿਲ੍ਹਾ ਸਿਖਿਆ ਵਿਭਾਗ ਅਫਸਰ ਕਿਹਾ ਜਾਂਦਾ ਹੈ। ਉਹ ਹੈੱਡਮਾਸਟਰ ਆਪਣੇ ਆਪ ਨੂੰ ਬਹੁਤ ਅਨੁਸ਼ਾਸ਼ਨ 'ਚ ਰਹਿਣ ਵਾਲਾ ਬਹੁਤ ਸੱਖਤ ਸੁਭਾਓ ਵਾਲਾ ਬੰਦਾ ਅਖਵਾਉਂਦਾ ਸੀ। ਆਪਣੇ ਆਪ ਨੂੰ ਇਮਾਨਦਾਰ ਹੋਣ ਵਾਰੇ ਅਤੇ ਉੱਚੇ ਸੁੱਚੇ ਅਨੁਸ਼ਾਸ਼ਨ ਵਾਲਾ ਹੋਣ ਦਾ ਬਹੁਤ ਢਡੋਰਾ ਪਿੱਟਦਾ ਰਹਿੰਦਾ ਸੀ। ਮੇਰੇ ਪਿਤਾ ਜੀ ਵਲੋਂ ਪਹਿਲਾਂ ਫੌਜ ਦੀ ਨੌਕਰੀ ਕੀਤੀ ਹੋਣ ਕਰਕੇ ਅਨੁਸ਼ਾਸ਼ਨ 'ਚ ਰਹਿ ਕੇ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਣ ਦੀ ਆਦਤ ਪਈ ਹੋਈ ਸੀ। ਇਸੇ ਕਰਕੇ ਸਾਨੂੰ ਵੀ ਉਹ ਹਮੇਸ਼ਾ ਕਹਿੰਦੇ ਸਨ ਕਿ ਆਪਣੀ ਡਿਊਟੀ ਅਤੇ ਕੰਮ ਨੂੰ ਰੱਬ ਦੀ ਪੂਜਾ ਦੇ ਸਮਾਨ ਸਮਝੋ ਕਦੇ ਵੀ ਡਿਊਟੀ ਅਤੇ ਕੰਮ 'ਚ ਅਣਗਿਹਲੀ ਨਾ ਵਰਤੋ ਆਪਣੇ ਜਿੰਮੇਂ ਲਾਏ ਕੰਮ ਨੂੰ ਹਮੇਸ਼ਾ ਇਮਾਨਦਾਰੀ ਨਾਲ ਨਿਭਾਓ। ਸਮੇਂ ਤੋਂ ਪਹਿਲਾਂ ਡਿਊਟੀ 'ਤੇ ਜਾਓ ਛੁੱਟੀ ਹੋਣ ਤੋਂ ਬਾਅਦ ਦੇ ਸਮੇਂ ਸਾਰੇ ਕੰਮ ਖਤਮ ਕਰਕੇ ਘਰ ਪਹੁੰਚੋ। ਉਹ ਹਮੇਸ਼ਾਂ ਇਹੀ ਕਹਿੰਦੇ ਰਹਿੰਦੇ ਸਨ ਕਿ ਆਪਣੇ ਵਿਦਿਆਰਥੀਆਂ ਨੂੰ ਆਪਣੇ ਅਸਲੀ ਪੁੱਤਰ-ਧੀਆਂ ਨਾਲੋਂ ਵੀ ਇੱਕ ਦਰਜਾ ਵੱਧ ਸਮਝੋ ਇਸ ਤਰ੍ਹਾਂ ਕਰਨ ਨਾਲ ਅਤੇ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਨਿਭਾਉਂਦਿਆਂ ਮਹਿਕਮੇ ਸਮੇਤ ਸਰਕਾਰ ਦਾ ਵੱਡੇ ਤੋਂ ਵੱਡਾ ਅਫਸਰ ਤੇ ਅਧਿਕਾਰੀ ਤੁਹਾਨੂੰ ਕਦੇ ਵੀ ਉੱਚਾ-ਨੀਵਾਂ ਜਾਂ ਵੱਧ-ਘੱਟ ਬੋਲਣਾ ਤਾਂ ਬਹੁਤ ਦੂਰ ਦੀ ਗੱਲ ਸਗੋਂ ਉਲਟਾ ਤੁਹਾਡੀ ਲਿਆਕਤ ਬਦਲੇ ਸਤਿਕਾਰ ਕਰੇਗਾ। ਪਿਤਾ ਜੀ ਵਲੋਂ ਦਸੇ ਮਾਰਗ ਵਾਲੇ ਇਨ੍ਹਾਂ ਅਸੂਲਾਂ 'ਤੇ ਚਲਦਿਆਂ 33 ਸਾਲ ਦੀ ਸੇਵਾ ਅਸਾਂ ਦੋਵਾਂ ਭਰਾਵਾਂ ਨੇ ਬਹੁਤ ਸਾਰੇ ਸਮਾਜਕ ਅਤੇ ਸਰਕਾਰੀ ਮਾਣ-ਸਨਮਾਨਾਂ ਸਮੇਤ ਪੂਰੀ ਇੱਜਤ ਨਾਲ ਅਤੇ ਠਾਠ ਨਾਲ ਬੇਦਾਗ ਰਹਿ ਕੇ ਨਿਭਾਈ। ਛੋਟੇ ਭਰਾ ਨੇ ਤਾਂ ਪੰਜਾਬ ਸਰਕਾਰ ਤੋਂ 94 'ਚ ਸਟੇਟ ਅਵਾਰਡ ਲੈਣ ਦੇ ਨਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਮੇਤ ਬਹੁਤ ਸਾਰੀਆਂ ਧਾਰਮਿਕ ਅਤੇ ਸਮਾਜਕ ਸੰਸਥਾਵਾਂ ਤੋਂ ਸਨਮਾਨ ਪ੍ਰਾਪਤ ਕਰਨ ਬਾਅਦ 1996 'ਚ ਭਾਰਤ ਸਰਕਾਰ ਦੇ ਰਾਸ਼ਟਰਪਤੀ ਤੋਂ ਨੈਸ਼ਨਲ ਅਵਾਰਡ ਵੀ ਪ੍ਰਾਪਤ ਕੀਤਾ।




ਇਮਾਨਦਾਰੀ ਅਤੇ ਅਨੁਸ਼ਾਸ਼ਨ ਦਾ ਢਡੋਰਾ ਪਿੱਟਣ ਵਾਲੇ ਉਸ ਹੈੱਡਮਾਸਟਰ ਨੇ ਪਿਤਾ ਜੀ ਦੇ ਅਸੂਲ ਵੇਖ ਕੇ ਉਨ੍ਹਾਂ ਨਾਲ ਬਹੁਤ ਨੇੜਤਾ ਕਰ ਲਈ ਸੀ। ਉਸ ਸਕੂਲ ਦੇ ਕੁੱਝ ਕੁ ਡਿਊਟੀ ਪ੍ਰਤੀ ਲਾਪ੍ਰਵਾਹੀ ਵਰਤਣ ਵਾਲੇ ਕੰਮ ਚੋਰ ਅਤੇ ਅਨੁਸ਼ਾਸ਼ਨ ਦੀ ਨਾ ਪ੍ਰਵਾਹ ਕਰਨ ਵਾਲੇ ਸਟਾਫ ਮੈਂਬਰ ਪਿਤਾ ਜੀ ਨਾਲ ਇਸ ਕਰਕੇ ਈਰਖਾ ਭਾਵਨਾ ਰੱਖਦੇ ਸਨ ਕਿਉਂਕਿ ਪਿਤਾ ਜੀ ਤੋਂ ਪਹਿਲਾਂ ਸਾਰੇ ਸਕੂਲ ਦੀ ਵਾਗਡੋਰ ਉਨ੍ਹਾਂ ਦੇ ਹੱਥ ਹੁੰਦੀ ਸੀ। ਉਹ ਆਪਣੀ ਮਰਜੀ ਨਾਲ ਸਕੂਲ ਦੇ ਫੰਡਾਂ ਨੂੰ ਖਾ ਜਾਂਦੇ ਸਨ ਸਕੂਲ ਦਾ ਸਰਕਾਰੀ ਸਮਾਨ ਵੀ ਘਰਾਂ ਨੂੰ ਚੁੱਕ ਲੈ ਕੇ ਜਾਂਦੇ ਸਨ। ਬੱਚਿਆਂ ਤੋਂ ਇਮਤਿਹਾਨਾਂ ਵੇਲੇ ਕਿਸੇ ਨਾ ਕਿਸੇ ਰੂਪ 'ਚ ਪੈਸੇ ਲੈਣੇ ਅਤੇ ਬੱਚਿਆਂ ਤੋਂ ਹੀ ਸ਼ਰਾਬਾਂ ਮੰਗਵਾ ਕੇ ਸਕੂਲ 'ਚ ਹੀ ਪੀ ਜਾਣੀਆ ਉਨ੍ਹਾਂ ਦੇ ਸ਼ੌਕ ਸਨ। ਉਨ੍ਹਾਂ ਨੇ ਸਕੂਲ ਨੂੰ ਸਕੂਲ ਨਾ ਸਮਝ ਕੇ ਆਪਣੀ ਨਿੱਜੀ ਜਗੀਰ ਬਣਾਈ ਹੋਈ ਸੀ। ਪਿਤਾ ਜੀ ਦੇ ਉਸ ਸਕੂਲ 'ਚ ਆਉਂਣ ਨਾਲ ਉਨ੍ਹਾਂ ਦਾ ਇਹ ਠੱਕਠਕਾ ਬੰਦ ਹੋ ਗਿਆ। ਇੱਕ ਵੇਰ ਆਪਣੇ ਆਪ ਨੂੰ ਇਮਾਨਦਾਰ ਅਤੇ ਅਨੁਸ਼ਾਸ਼ਨ ਵਾਲਾ ਹੋਣ ਦਾ ਬਹੁਤ ਢਡੋਰਾ ਪਿੱਟਣ ਵਾਲੇ ਉਸ ਹੈੱਡਮਾਸਟਰ ਨੂੰ ਮਿਡਲ ਵਿਭਾਗ ਦੀਆਂ ਸਲਾਨਾ ਪ੍ਰੀਖਿਆਵਾਂ ਲੈਣ ਵਾਰੇ ਸਿਖਿਆ ਬੋਰਡ ਪੰਜਾਬ ਵਲੋਂ ਜਿਲ੍ਹਾਂ ਹੁਸ਼ਿਆਰਪੁਰ ਦੇ ਸੜੋਏ ਬਲਾਕ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਸ ਨੇ ਮੇਰੀ ਵੀ ਨਿਯੁਕਤੀ ਆਪਣਾ ਸਹਾਇਕ ਬਣਾ ਕੇ ਕਰ ਲਈ। ਜਦੋਂ ਇਸੇ ਸਬੰਧ 'ਚ ਇੱਕ ਵੇਰ ਉਸ ਦੇ ਘਰ ਜਾਣ ਦਾ ਮੌਕਾ ਮਿਲਿਆ ਤਾਂ ਉਸ ਦੇ ਘਰ ਦੇ ਕਮਰੇ 'ਚ ਸਕੂਲ ਤੋਂ ਲਿਜਾਏ ਗਏ ਬੱਚਿਆਂ ਹੇਠਾਂ ਵਿਛਾਉਣ ਵਾਲੇ ਤਪੜਾਂ (ਟਾਟਾਂ) ਤੋਂ ਬਣਾ ਕੇ ਵਿਛਾਈ ਗਈ ਦਰੀ ਵੇਖ ਕੇ ਦਿਲ ਨੂੰ ਬਹੁਤ ਦੁੱਖ ਲੱਗਾ ਅਤੇ ਦਿਲ 'ਚ ਉਸ ਪ੍ਰਤੀ ਵੱਧੀਆ ਆਦਰਸ਼ਤਾ ਅਤੇ ਵੱਧੀਆ ਅਨੁਸ਼ਾਸ਼ਨ ਸਬੰਧੀ ਬਣੇ ਪ੍ਰਤੀਬਿੰਬ ਦੀਆਂ ਲੀਰਾਂ-ਲੀਰਾਂ ਹੋ ਗਈਆਂ। ਇਸੇ ਤਰ੍ਹਾਂ ਹੀ ਜਿਲ੍ਹੇ ਦੇ ਪ੍ਰਧਾਨ ਰਹਿ ਚੁੱਕੇ ਮੇਰੇ ਉਸਤਾਦ ਉਸਾਰੂ ਵਿਚਾਰਧਾਰਾ ਵਾਲੇ ਆਦਰਸ਼ਵਾਦੀ ਅਧਿਆਪਕ ਜਿਨ੍ਹਾਂ ਨੂੰ ਮੈਂ ਆਪਣੇ ਪਿਓ ਦੇ ਸਮਾਨ ਸਮਝਦਾ ਸਾਂ। ਜਦੋਂ ਆਪਣੀ ਮੱਝ ਦੀ ਖੁਰਲੀ ਬਨਾਉਂਣ ਲਈ ਸਕੂਲ ਤੋਂ ਲਕੜ ਦੀਆਂ ਫੱਟੀਆਂ 'ਤੇ ਲੋਹੇ ਦੀ ਚਾਦਰ (ਟੀਨ) ਨੂੰ ਸੇਵਾਦਾਰ ਰਾਹੀਂ ਘਰ ਲਿਜਾਉਂਦੇ ਵੇਖਿਆ।ਆਪਣੇ ਆਪ ਨੂੰ ਬਹੁਤ ਸ਼ਰਮਸ਼ਾਰ ਹੁੰਦਿਆਂ ਇੱਕੋ-ਇੱਕ ਇਮਾਨਦਾਰੀ ਵਾਲੇ ਕਿੱਤੇ ਨੂੰ ਵੀ ਭ੍ਰਿਸ਼ਟਚਾਰ ਦੇ ਚਿੱਕੜ 'ਚ ਡੁੱਬਦੇ ਵੇਖ ਕੇ ਸੋਚਿਆ ਕਿ ਹੁਣ ਤਾਂ ਭਾਰਤ ਦਾ ਰੱਬ ਹੀ ਬੇਲੀ ਹੋਏਗਾ। ਭਾਰਤ ਦੇ ਸਰਕਾਰੀ ਮਹਿਕਮਿਆਂ 'ਚ ਜੇ ਕੋਈ ਮਹਿਕਮਾ ਇਮਾਨਦਾਰ ਮੰਨਿਆ ਜਾਂਦਾ ਸੀ ਤਾਂ ਉਹ ਸਿਰਫ ਸਿਖਿਆ ਵਿਭਾਗ ਸੀ ਜਾਂ ਫਿਰ ਫੌਜ।

ਜਦੋਂ ਮੈਂ ਵੀ ਡੂੰਘਾਈ ਨਾਲ ਆਪਣੇ ਆਪ ਨੂੰ ਚੰਗੀ ਤਰ੍ਹਾਂ ਪੜਚੋਲਿਆ ਤਾਂ ਮੇਰੀ ਆਤਮਾ 'ਚੋਂ ਨਿਕਲੀ ਅਵਾਜ ਤੋਂ ਪਤਾ ਲੱਗਾ ਕਿ ਮੈਂ ਖੁੱਦ ਵੀ ਭ੍ਰਿਸ਼ਟਾਚਾਰ ਤੋਂ ਬਚ ਨਹੀਂ ਸਕਿਆ। ਕਿਉਂ ਕਿ ਕਈ ਵਾਰ ਸਕੂਲੋਂ ਆਪਣੇ ਘਰ ਦੇ ਕੰਮਾਂ ਖਾਤਰ ਕਿਧਰੇ ਜਾਣ ਵੇਲੇ ਮੇਰੇ ਵਲੋਂ ਮੂਵਮੈਂਟ ਸਮੇਤ ਆਰਡਰ ਬੁੱਕ ਰਜਿਸਟਰ 'ਤੇ ਕਿਸੇ ਹੋਰ ਸਕੂਲ ਜਾਂ ਸਿਖਿਆ ਦਫਤਰ ਜਰੂਰੀ ਡਾਕ ਦੇਣ ਜਾਣ ਦਾ ਬਹਾਨਾ ਲਿਖਿਆ ਗਿਆ ਸੀ। ਜਦ ਕਿ ਅਸਲ ਵਿਚ ਇਸ ਬਹਾਨੇ ਮੈਂ ਆਪਣੇ ਨਿੱਜੀ ਕੰਮ ਲਈ ਸਰਕਾਰੀ ਡਿਊਟੀ ਸਮੇਂ 'ਚ ਜਾ ਕੇ ਡਿਊਟੀ ਪ੍ਰਤੀ ਲਾਪ੍ਰਵਾਹੀ ਕਰਕੇ ਭ੍ਰਿਸ਼ਟ ਬਣਿਆਂ ਹਾਂ। ਬਾਕੀ ਦੇ ਮਹਿਕਮਿਆਂ ਦੀ ਰੀਸੇ ਅੱਜ ਫੌਜ ਅਤੇ ਸਿਖਿਆ ਦੇ ਮਹਿਕਮਿਆਂ ਨੂੰ ਵੀ ਬਾਕੀਆਂ ਦੀ ਲਾਗ ਲੱਗ ਗਈ ਹੈ, ਇਨ੍ਹਾਂ 'ਚ ਵੀ ਕਾਫੀ ਨਿਘਾਰ ਆਇਆ ਹੈ। ਜਿਸ ਕਰਕੇ ਮੇਰੇ ਸਮੇਤ ਬਹੁਤ ਸਾਰੇ ਵੇਖੋ-ਵੇਖੀ ਦੂਜਿਆਂ ਦੀ ਰੀਸੇ ਕਿਸੇ ਨਾ ਕਿਸੇ ਬਹਾਨੇ ਇਸ ਕੋਹੜ ਰੂਪੀ ਬਿਮਾਰੀ ਦੀ ਗ੍ਰਿਫਤ 'ਚ ਨਾ ਚਾਹੁੰਦਿਆਂ ਹੋਇਆਂ ਵੀ ਆ ਹੀ ਜਾਂਦੇ ਹਨ। ਹੁਣ ਜਦੋਂ ਦੀ ਪਿਛਲੀ ਸਰਕਾਰ ਵੇਲੇ ਪੰਜਾਬ ਰਾਜ ਦੇ ਸਿਖਿਆ ਵਿਭਾਗ ਦੀ ਵਾਗਡੋਰ ਨਵਾਂ ਸ਼ਹਿਰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਰਹਿ ਚੁੱਕੇ ਕ੍ਰਿਸ਼ਨ ਕੁਮਾਰ ਨੂੰ ਮੁੱਖੀ ਬਣਾ ਕੇ ਸੌਂਪੀ ਗਈ ਸੀ, ਵਿਭਾਗ 'ਚ ਬਹੁਤ ਸੁਧਾਰ ਹੋਇਆ ਸੀ। ਇਸ ਪਾਸੋਂ ਵੀ ਕੁੱਝ ਕੁ ਇੱਕਾ ਦੁੱਕਾ ਭਦਰ ਪੁਰਸ਼ਾਂ ਵਲੋਂ ਲੁਕਵੇਂ ਢੰਗਾਂ ਨਾਲ ਕੀਤੀ ਗਈ ਚਾਪਲੂਸੀ ਦੁਆਰਾ ਅੱਖਾਂ ਵਿੱਚ ਘੱਟਾ ਪਾ ਕੇ ਲਏ ਗਏ ਕੁੱਝ ਕੁ ਲਾਭਾਂ ਨੂੰ ਨਜ਼ਰਅੰਦਾਜ ਕਰਦਿਆਂ ਕ੍ਰਿਸ਼ਨ ਕੁਮਾਰ ਇੱਕਲੇ ਨੇ ਹੀ ਆਪਣੀਆਂ ਸੁਲਝੀਆਂ ਅਤੇ ਦੂਰਅੰਦੇਸ਼ੀ ਵਾਲੀਆਂ ਵਿਧੀਆਂ ਦੁਆਰਾ 60-62 ਸਾਲਾਂ ਤੋਂ ਨਿਘਾਰ ਵੱਲ਼ ਨੂੰ ਜਾ ਰਹੇ ਵਿਭਾਗ 'ਚ ਸੁਧਾਰ ਕਰ ਕੇ ਮੋਰਚਾ ਫਤਿਹ ਕਰਕੇ ਇੱਕ ਯਾਦਗਾਰੀ ਮੀਲ ਪੱਥਰ ਗੱਡ ਵਿਖਾਇਆ ਸੀ।ਜਦ ਕਿ ਉਨ੍ਹਾਂ ਤੋਂ ਪਹਿਲਾਂ 60-62 ਸਾਲ ਹਰ ਸੰਸਥਾਂ ਦਾ ਮੁੱਖੀ ਉਸ ਤੋਂ ਉੱਤੇ ਸੈਂਟਰ, ਬਲਾਕ, ਜਿਲ੍ਹੇ ਦੇ ਮੁੱਖੀ, ਡਿਵੀਜਨ ਦੇ ਮੁੱਖੀ ਤੋਂ ਇਲਾਵਾ ਰਾਜ ਦੇ ਡਾਇਰੈਕਟੋਰੇਟ ਦੇ ਕਈ ਮੁੱਖੀ, ਸਿਖਿਆ ਸੈਕ੍ਰੇਟਰੀ ਤੋਂ ਇਲਾਵਾ ਸਿਖਿਆ ਮੰਤਰੀ, ਮੁੱਖ-ਮੰਤਰੀ ਤੱਕ ਦੇ ਅਫਸਰਾਂ 'ਤੇ ਵਜੀਰਾਂ ਦੀ ਕਾਫੀ ਵੱਡੀ ਫੌਜ ਹੋਣ ਦੇ ਬਾਵਯੂਦ ਵੀ ਕੋਈ ਕੁੱਝ ਵੀ ਨਾ ਕਰ ਸਕਿਆ। ਸਗੋਂ ਹਰ ਸਾਲ ਵਿਭਾਗ 'ਚ ਸੁਧਾਰਾਂ ਲਈ ਕਾਗਜੀ ਨੀਤੀਆਂ ਤਾਂ ਜਰੂਰ ਬਣਦੀਆਂ ਰਹੀਆਂ ਪਰ ਸੁਧਾਰ ਦੀ ਵਜਾਏ ਹਰ ਵੇਰ ਵਿਭਾਗ 'ਚ ਨਿਘਾਰ ਹੀ ਆਉਂਦਾ ਰਿਹਾ। ਕ੍ਰਿਸ਼ਨ ਕੁਮਾਰ ਨੇ ਸਿਸਟਮ ਨੂੰ ਇਵੇਂ ਦਾ ਬਣਾ ਦਿੱਤਾ ਸੀ। ਜਿਸ ਨਾਲ ਕੋਈ ਮੁਲਾਜਮ ਜਾਂ ਅਫਸਰ ਕਿਸੇ ਵੀ ਹਾਲਤ 'ਚ ਕੁਤਾਹੀ ਨਹੀਂ ਸੀ ਕਰ ਸਕਦਾ। ਕਿੰਨਾ ਚੰਗਾ ਹੋਵੇ ਸਾਰੇ ਭਾਰਤ-ਪੰਜਾਬ ਦੇ ਸਰਕਾਰੀ ਅਫਸਰ ਅਥਵਾ ਅਧਿਕਾਰੀ ਕ੍ਰਿਸ਼ਨ ਕੁਮਾਰ ਦੀ ਵਿਚਾਰਧਾਰਾ ਦੇ ਬਣ ਜਾਣ ਜਿਨ੍ਹਾਂ ਸਦਕਾ ਸਾਡਾ ਭਾਰਤ-ਪੰਜਾਬ ਰਾਮਰਾਜ ਦੀ ਤਰ੍ਹਾਂ ਦਾ ਸਵਰਗ ਬਣ ਸਕਦਾ ਹੈ। ਇਸ ਦੇ ਨਾਲ ਹੀ ਜੇ ਸਾਰੀਆਂ ਸਿਆਸੀ ਪਾਰਟੀਆਂ ਆਪਣੀ ਸੌੜੀ ਸੋਚ ਨੂੰ ਛੱਡ ਕੇ ਇਸ ਅਸੂਲਾਂ ਵਾਲੇ ਇਮਾਨਦਾਰ ਇਨਸਾਨ ਕ੍ਰਿਸ਼ਨ ਕੁਮਾਰ ਨੂੰ ਪੰਜਾਬ ਦਾ ਮੁੱਖ-ਮੰਤਰੀ ਬਣਾਉਂਣ ਲਈ ਸਹਿਮਤ ਹੋ ਜਾਣ ਤਾਂ ਸ਼ਰਤੀਆ ਤੌਰ 'ਤੇ ਵਾਕਿਆ ਹੀ ਪੰਜਾਬ 'ਚ ਰਾਮਰਾਜ ਅਥਵਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੁਬਾਰਾ ਤੋਂ ਦੁਹਰਾਇਆ ਜਾ ਸਕਦਾ ਹੈ। ਨਹੀਂ ਤਾਂ ਇਹ ਭ੍ਰਿਸ਼ਟ ਕਿਸਮ ਦੇ ਲੋਕ ਕਿਤੇ ਨਾ ਕਿਤੇ ਕਨੂੰਨੀ ਅਤੇ ਸਮਾਜਕ ਨਿਯਮਾਂ ਤੋਂ ਉਲਟ ਜਾ ਕੇ ਭ੍ਰਿਸ਼ਟ ਤਰੀਕਿਆਂ ਰਾਹੀਂ ਬਿਨਾ ਮਹਿਨਤ ਕੀਤਿਆਂ ਆਮ ਲੋਕਾਂ ਨੂੰ ਲੁੱਟ ਕੇ ਆਪਣੀਆਂ ਜੇਬਾਂ ਭਰਦੇ ਰਹਿਣਗੇ। ਸਾਡੇ ਦੇਸ਼ ਦਾ ਹਾਲ ਹੁਣ ਇਹ ਹੋ ਚੁੱਕਾ ਹੈ ਕਿ ਛੋਟੇ ਤੋਂ ਛੋਟੇ ਸਰਕਾਰੀ ਦਫਤਰ 'ਚ ਬਿਨਾ ਰਿਸ਼ਵਤ ਦਿੱਤਿਆਂ ਕੋਈ ਕੰਮ ਨਹੀਂ ਹੁੰਦਾ ਜੇ ਕੋਈ ਕਿਸੇ ਤਰ੍ਹਾਂ ਕਰਵਾ ਲਵੇ ਤਾਂ ਉਸ ਨੂੰ ਬਹੁਤ ਵੱਡੀ ਪ੍ਰਾਪਤੀ ਮਨਿਆ ਜਾਂਦਾ ਹੈ। ਹੁਣ ਤਾਂ ਇੰਜ ਜਾਪ ਰਿਹਾ ਕਿ ਭ੍ਰਿਸ਼ਟਾਚਾਰ ਭਾਰਤ ਦੀ ਰਗ-ਰਗ 'ਚ ਰਚ ਗਿਆ ਹੈ। ਕਾਗਰਸ ਘਾਹ 'ਤੇ ਅਮਰਵੇਲ ਦੀ ਤਰ੍ਹਾਂ ਦਿਨ ਪ੍ਰਤੀ ਦਿਨ ਖਤਮ ਹੋਣ ਦੀ ਵਜਾਏ ਵੱਧ ਰਿਹੈ।

ਪਿੱਛੇ ਜਹੇ ਬੀਤੇ ਸਮੇਂ 'ਚ ਰਾਜਸਥਾਨ ਪ੍ਰਾਂਤ ਦੇ ਸਾਬਕਾ ਮੰਤਰੀ ਅਤੇ ਬਹੁਜਨ ਸਮਾਜ ਦੇ ਸਾਬਕਾ ਪ੍ਰਧਾਨ ਜਗਤ ਸਿੰਘ ਦਾਇਮਾ ਦੀ ਪਤਨੀ ਉਰਵਸੀ ਨੇ ਅਨੇਕਾਂ ਦਲਿਤ ਅਪਾਹਜਾਂ ਅਤੇ ਬੇਰੁਜਗਾਰ ਨੌਜਵਾਨਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਝਟਕ ਲਏ ਸਨ। ਬੇਰੁਜਗਾਰ ਨੌਜਵਾਨਾਂ ਨਾਲ ਇਸ ਤੋਂ ਕੋਝਾ ਮਜਾਕ ਹੋਰ ਕੀ ਹੋ ਸਕਦਾ ਹੈ। ਪਰ ਮਜਾਲ ਹੈ ਸਰਕਾਰ ਵਲੋਂ ਇਨ੍ਹਾਂ ਸਿਆਸੀ ਪਹੁੰਚ ਵਾਲਿਆਂ ਖਿਲਾਫ ਕੋਈ ਕਨੂੰਨੀ ਕਾਰਵਾਈ ਕੀਤੀ ਹੋਵੇ। ਇਸ ਵਾਰੇ ਇਹ ਵੀ ਪਤਾ ਲੱਗਿਆ ਸੀ ਉਰਵਸੀ ਆਪਣੀ ਠੱਗੀ ਦਾ ਧੰਦਾ ਸੈਰ ਸਪਾਟਾ ਰਾਜ-ਮੰਤਰੀ ਨਰਿੰਦਰ ਕਵੰਰ ਦੇ ਲੈਟਰ ਪੈਡ 'ਤੇ ਨਰਿੰਦਰ ਦੇ ਕੀਤੇ ਦਸਖਤਾਂ ਨਾਲ ਕਰਦੀ ਸੀ। ਇਸ ਤੋਂ ਜਾਹਰ ਸੀ ਕਿ ਉਰਵਸੀ ਅਤੇ ਨਰਿੰਦਰ ਵਿਚਕਾਰ ਬਹੁਤ ਨੇੜਲੇ ਸਬੰਧ ਹੋਣ ਕਰਕੇ ਇਹ ਧੰਦਾ ਦੋਵੇਂ ਮਿਲ ਕੇ ਕਰਦੇ ਸਨ। ਇਸ ਤਰ੍ਹਾਂ ਸਿਆਸੀ ਅਤੇ ਰਾਜ ਨੇਤਾਵਾਂ ਦੁਆਰਾ ਭ੍ਰਿਸ਼ਟ ਹਰਕਤਾਂ ਕਰਨਾ ਸਾਡੇ ਭਾਰਤ ਮਹਾਨ ਦੀ ਪ੍ਰੰਮਪਰਾ ਹੀ ਬਣਦੀ ਜਾ ਰਹੀ ਹੈ ਅਤੇ ਉਹ ਇਸ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਰਾਜੀਵ ਗਾਂਧੀ ਦੁਆਰਾ ਬੋਫਰਜ ਤੋਪ ਘੁਟਾਲਾ, ਲਾਲੂ ਯਾਦਵ ਦਾ ਚਾਰਾ ਘੁਟਾਲਾ, ਸਾਬਕਾ ਪ੍ਰਧਾਨ-ਮੰਤਰੀ ਨਰਸਿਮਹਾ ਰਾਓ ਅਤੇ ਉਸ ਦੇ ਪੁੱਤਰ ਪ੍ਰਭਾਕਰ ਰਾਓ ਦੀ ਮਹਿਮਾ ਸੱਭ ਜੱਗ ਜਾਹਰ ਹੈ।


ਅਸਟ੍ਰੇਲੀਆ ਤੋਂ
ਮਨਮੋਹਨ ਸਿੰਘ ਖੇਲਾ

ਤਾਮਿਲਨਾਡੂ ਦੀ ਸਾਬਕਾ ਮੁੱਖ-ਮੰਤਰੀ ਜੈ ਲਲਿਤਾ ਅਤੇ ਉਸ ਦੀ ਸਹੇਲੀ ਸ਼ਸ਼ੀਕਲਾ ਵੀ ਭ੍ਰਿਸ਼ਟਾਚਾਰ ਦੇ ਸੰਗੀਨ ਜੁਰਮਾ 'ਚ ਕਾਫੀ ਨਾਮਣਾ ਖੱਟ ਚੁੱਕੀਆਂ ਹਨ। ਸਾਬਕਾ ਕੇਂਦਰੀ ਮੰਤਰੀ ਰਾਮ ਲਖਨ ਯਾਦਵ ਦੇ ਸਪੁਤਰ ਪ੍ਰਕਾਸ਼ ਯਾਦਵ ਵੀ ਕਿਸੇ ਤੋਂ ਘਟ ਨਹੀਂ ਰਹੇ। ਟੈਲੀਫੋਨ ਘੁਟਾਲੇ ਦੇ ਹੀਰੋ ਸੁੱਖ ਰਾਮ ਦੀ ਜੈ ਜੈ ਰਾਮ ਨੂੰ ਕੌਣ ਨਹੀਂ ਜਾਣਦਾ? ਬੂਟਾ ਸਿੰਘ, ਮੁੱਥਈਆ, ਰਾਮ ਕ੍ਰਿਸ਼ਨ ਹੈਗੜੇ, ਰਾਮ ਜੇਠ ਮਲਾਨੀ ਆਦਿ ਦੇ ਨਾਮ ਵੀ ਬਹੁਤ ਚਰਚਾ 'ਚ ਰਹੇ ਹਨ। ਕਾਰਗਿਲ ਦੇ ਫੌਜੀ ਸ਼ਹੀਦਾਂ ਦੇ ਕਫਨ ਘੁਟਾਲੇ ਨੂੰ ਕੌਣ ਨਹੀਂ ਜਣਦਾ। ਦੁਨੀਆਂ ਦੇ ਕਾਮਵੈਲਥ ਦੇਸ਼ਾਂ ਦੀਆਂ ਇਸ ਸਾਲ 2010 'ਚ ਭਾਰਤ ਹਿੱਸੇ ਆਈਆਂ ਖੇਡਾਂ ਦਾ ਪ੍ਰਬੰਧ ਕਰਨ ਸਬੰਧੀ ਹੋਏ ਭ੍ਰਿਸ਼ਟਾਚਾਰ ਨੇ ਤਾਂ ਵਿਦੇਸ਼ਾਂ 'ਚ ਵਸਦੇ ਭਾਰਤੀਆਂ ਦੀ ਸ਼ਾਖ ਨੂੰ ਵੀ ਧੱਕਾ ਲਗਾ ਕੇ ਦੂਜੀਆਂ ਕੌਮਾਂ ਸਾਹਮਣੇ ਬੇਇਜਤ ਕਰ ਵਿਖਾਇਆ ਹੈ। ਗੱਲ ਕੀ ਭਾਰਤ ਦੇ ਭ੍ਰਿਸ਼ਟਾਚਾਰ ਸਬੰਧੀ ਲਿਖਦਿਆਂ ਬਹੁਤ ਵੱਡੀ ਸੂਚੀ ਤਿਆਰ ਹੋ ਕੇ ਇੱਕ ਪੂਰੀ ਕਿਤਾਬ ਭਰ ਸਕਦੀ ਹੈ। ਮੇਰੇ ਭਾਰਤ ਮਹਾਨ 'ਚ ਭ੍ਰਿਸ਼ਟਾਚਾਰ ਉਪਰਲੇ ਨੇਤਾਵਾਂ ਤੋਂ ਲੈ ਕੇ ਹੇਠਾਂ ਤੱਕ ਕੈਂਸਰ ਰੂਪੀ ਬਿਮਾਰੀ ਦੀ ਤਰ੍ਹਾਂ ਆਪਣੀਆਂ ਜੜ੍ਹਾਂ ਫੈਲਾਅ ਚੁੱਕਾ ਹੈ। ਕ੍ਰਿਸ਼ਨ ਕੁਮਾਰ ਵਰਗੇ ਕੁੱਝ ਗਿਣਤੀ ਮਿਣਤੀ ਦੇ ਵੱਧੀਆ ਸੋਚ ਦੇ ਧਾਰਨੀ ਵੱਧੀਆ ਇਨਸਾਨ ਅਫਸਰਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਜਣੇ ਅਸੀਂ ਭ੍ਰਿਸ਼ਟ ਹਾਂ। ਇਸ ਨੂੰ ਰੋਕਣ ਦੀ ਜਿਮੇਂਵਾਰੀ ਰਾਜਨੀਤਿਕ ਨੇਤਾਵਾਂ ਅਤੇ ਰਾਜਨੀਤਿਕ ਪਾਰਟੀਆਂ ਦੀ ਬਣਦੀ ਹੈ,ਕਿਉਂ ਕਿ ਇਹ ਲੱਖਾਂ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਪਰ ਇਨ੍ਹਾਂ 10 ਰਾਜਨੀਤਿਕ ਨੇਤਾਵਾਂ 'ਚੋਂ ਮੋਟੇ ਜਹੇ ਅੰਦਾਜੇ ਅਨੁਸਾਰ 8 ਭ੍ਰਿਸ਼ਟ ਹਨ। ਜਿਨ੍ਹਾਂ ਵਾਰੇ ਕੋਰਟਾਂ 'ਚ ਚੱਲ ਰਹੇ ਕੇਸਾਂ ਨੂੰ ਸੱਭ ਜਾਣਦੇ ਹਨ। ਪਿੱਛੇ ਜਹੇ ਸਾਬਕਾ ਕਨੂੰਨ ਮੰਤਰੀ ਹੀ ਇਹ ਕਹਿ ਰਿਹਾ ਸੀ ਕਿ ਲੋਕਾਂ ਨੂੰ ਇਨਸਾਫ ਦੇਣ ਵਾਲੇ 16 ਮੁੱਖ ਜੱਜਾਂ 'ਚੋਂ ਵੀ 8 ਭ੍ਰਿਸ਼ਟ ਹਨ। ਭਾਰਤ ਦੀ ਫੌਜੀ ਮਹਿਕਮੇ ਨੂੰ ਇਮਾਨਦਾਰ ਸਮਝਿਆ ਜਾਂਦਾ ਸੀ ਹੁਣ ਉਥੋਂ ਵੀ ਗੋਲੀ ਸਿੱਕਾ ਕਾਫੀ ਹੋਰ ਸਮਾਨ ਸਮੇਤ ਤੇਲ ਰਾਸ਼ਨ ਵਗੈਰਾ ਚੋਰੀ ਹੋਣ ਦੀਆਂ ਖਬਰਾਂ ਆਉਂਣ ਕਰਕੇ ਭ੍ਰਿਸ਼ਟਾਚਾਰ ਦੀ ਬਦਬੋ ਆਉਂਣ ਲੱਗ ਪਈ ਹੈ। ਜਦ ਤੱਕ ਭਾਰਤ ਦੇ ਸਮੂਹ ਸਿਆਸੀ ਪਾਰਟੀਆਂ ਦੇ ਮੁੱਖੀ ਅਤੇ ਉਪਰੋਂ ਹੇਠਾਂ ਤੱਕ ਦੀ ਸਮੂਹ ਅਫਸਰਸ਼ਾਹੀ ਕ੍ਰਿਸ਼ਨ ਕੁਮਾਰ ਦੀ ਤਰ੍ਹਾਂ ਇਮਾਨਦਾਰ, ਨਿਰਪੱਖ ਅਤੇ ਸਖਤ ਨਹੀਂ ਬਣਦੀ ਉਦੋਂ ਤੱਕ ਭ੍ਰਿਸ਼ਟਾਚਾਰ ਦੇ ਕੋਹੜ ਰੂਪੀ ਦੇਸ਼ ਨੂੰ ਜੱਫਾ ਪਾਈ ਬਿਮਾਰੀ ਖਤਮ ਨਾ ਹੋਕੇ ਸਾਰੇ ਹੀ ਦੇਸ਼ ਨੂੰ ਕੋਹੜੀ ਬਣਾ ਦੇਵੇਗੀ। ਭਾਰਤ ਵਲੋਂ ਹੁਣੇ ਹੀ ਕਾਮਨਵੈਲਥ ਖੇਡਾਂ ਦੇ ਕੀਤੇ ਗਏ ਪ੍ਰਬੰਧ ਵਾਰੇ ਚਲ ਰਹੇ ਵਿਵਾਦ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀਆਂ ਦੀ ਵਿਦੇਸ਼ਾਂ 'ਚ ਹੋ ਰਹੀ ਬਦਨਾਮੀ ਇਸ ਦਾ ਜੀਊਂਦਾ ਜਾਗਦਾ ਸਬੂਤ ਸਾਹਮਣੇ ਹੈ। ਜੇ ਇਵੇਂ ਹੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਹੋਰ ਦੂਸਰੇ ਦੇਸ਼ਾਂ ਦੀਆਂ ਦੂਜੀਆਂ ਕੌਮਾਂ ਭਾਰਤੀਆਂ 'ਤੇ ਕਿਸੇ ਵੀ ਹਾਲਤ 'ਚ ਯਕੀਨ ਨਹੀਂ ਕਰਨਗੀਆਂ ਸਗੋਂ ਵਿਦੇਸ਼ਾਂ 'ਚ ਇਨ੍ਹਾਂ ਦਾ ਮਖੌਲ ਉਡਾਉਂਣਗੀਆਂ। ਭ੍ਰਿਸ਼ਟਾਚਾਰ ਦੀ ਇਸ ਗਗੋਤਰੀ ਦੇ ਪ੍ਰਵਾਹ ਨੂੰ ਰੋਕਣਾ ਦੇਸ਼ ਹਿੱਤਾਂ ਲਈ ਬਹੁਤ ਜਰੂਰੀ ਹੈ। ਜੇ ਇਸ ਭ੍ਰਿਸ਼ਟਾਚਾਰ ਦੇ ਵਹਾਓ ਨੂੰ ਨਾ ਰੋਕਿਆ ਗਿਆ ਤਾਂ ਲੋਕਤੰਤਰ ਲਈ ਬਹੁਤ ਭਿਆਨਕ ਸਾਬਤ ਹੋਏਗਾ। ਦੁਨੀਆਂ ਦੇ ਲੋਕਤੰਤਰ ਦੀ ਵਿਆਖਿਆ ਅਨੁਸਾਰ ਕਿਸੇ ਦੇਸ਼ ਦੀ ਰਾਜਨੀਤਿਕ ਨੀਤੀ 'ਚ ਲੋਕਤੰਤਰ ਅਤੇ ਭ੍ਰਿਸ਼ਟਾਚਾਰ ਦੋਵੇਂ ਨਾਲ-ਨਾਲ ਇੱਕਠਿਆਂ ਨਹੀਂ ਚੱਲ ਸਕਦੇ। ਜੇਕਰ ਇਹ ਦੋਵੇਂ ਇੱਕਠੇ ਚਲਦੇ ਰਹੇ ਤਾਂ ਇਹ ਲੋਕਤੰਤਰ ਲਈ ਬਹੁਤ ਘਾਤਕ ਅਤੇ ਖਤਰਨਾਕ ਸਿੱਧ ਹੋਏਗਾ ਹੋ ਸਕਦੈ ਲਗਾਤਾਰ ਚਲਦਿਆਂ ਇਸ ਨੂੰ ਨਸ਼ਟ ਹੀ ਕਰ ਦੇਵੇ। ਪਰ ਹੁਣ ਇਹ ਭਾਰਤ ਵਾਸੀਆਂ 'ਤੇ ਨਿਰਭਰ ਕਰਦਾ ਹੈ ਕਿ ਉਹ ਸ਼ਹੀਦਾਂ ਦੇ ਸੁਪਨਿਆਂ ਵਾਲਾ ਭਾਰਤਵਰਸ਼ ਬਣਾ ਕੇ ਲੋਕਤੰਤਰ ਦੀਆਂ ਜੜ੍ਹਾਂ ਲਗਾਉਂਣੀਆਂ ਚਾਹੁੰਦੇ ਹਨ ਜਾਂ ਉਨ੍ਹਾਂ ਦੀਆਂ ਸ਼ਹੀਦੀਆਂ ਨੂੰ ਅੰਜਾਈ ਗੁਆ ਕੇ ਭ੍ਰਿਸ਼ਟਾਚਾਰ ਦਾ ਹੀ ਬੋਲਬਾਲਾ ਚਾਹੁੰਦੇ ਹਨ।

ਜਰਾ ਸੋਚੋ ਸ਼ੈਤਾਨ ਬਣਨਾ ਤਾਂ ਬੜਾ ਅਸਾਨ ਹੈ ਪਰ ਕੀ ਇਨਸਾਨ ਬਣੇ ਰਹਿਣਾ ਬਹੁਤ ਮੁਸ਼ਕਿਲ ਹੈ? ਇਸ ਕਰਕੇ ਆਓ ਆਪਾਂ ਸਾਰੇ ਰਲ਼ਮਿਲ ਕੇ ਇੱਕ ਜੁੱਟ ਹੋਕੇ ਇਸ ਨਾਮੁਰਾਦ ਬਿਮਾਰੀ ਨੂੰ ਖਤਮ ਕਰਨ ਦਾ ਹੱਲ਼ ਕੱਢਦੇ ਹੋਏ ਕ੍ਰਿਸ਼ਨ ਕੁਮਾਰ ਵਰਗੇ ਨਿਰਪੱਖ ਇਮਾਨਦਾਰ ਅਤੇ ਸੱਖਤ ਅਫਸਰਾਂ ਨੂੰ ਅੱਗੇ ਲਿਆ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਪੂਰਾ-ਪੂਰਾ ਸਹਿਯੋਗ ਵੀ ਦੇਈਏ।

# "ਬੇਨਾਮ ਧਰਤੀ 'ਤੇ ਪਹਿਲਾ ਪੈਰ ਰੱਖਣ ਵਾਲੇ ਦੱਖਣੀ ਭਾਰਤੀ ਸਨ ਨਾ ਕਿ ਯੂਰਪੀਨ"

**ਨੋਟ:-ਇਹ ਉਪਰੋਕਤ ਸਾਰੀਆਂ ਤਸਵੀਰਾਂ ਜਾਣਕਾਰੀ ਦੇਣ ਲਈ ਬੜੇ ਸਤਿਕਾਰ ਨਾਲ ਇੰਨਟਰਨੈੱਟ ਤੋਂ ਕਾਪੀ ਕੀਤੀਆਂ ਹਨ।**




ਸਿਡਨੀ ਤੋਂ
ਮਨਮੋਹਨ ਸਿੰਘ ਖੇਲਾ

ਵਿਗਿਆਨੀਆਂ, ਖੋਜੀਆਂ ਅਤੇ ਇਤਿਹਾਸਕਾਰਾਂ ਵਲੋਂ ਸਾਂਝੇ ਤੌਰ ਸਾਲਾਂ ਬੱਧੀ ਕੀਤੀਆਂ ਗਈਆਂ ਖੋਜਾਂ ਤੋਂ ਸਿੱਧ ਹੋਇਆ ਹੈ ਕਿ ਸੂਰਜ ਮੰਡਲ ਵਿੱਚ ਸੂਰਜ ਤੋਂ ਵੱਖ ਹੋਈ ਧਰਤੀ ਦਾ ਉਤਲਾ ਤੱਲ ਠੰਡਾ ਹੋਣ ਦੇ ਕਰੋੜਾਂ ਸਾਲਾਂ ਬਾਅਦ ਪਾਣੀ ਦੀ ਹੋਂਦ ਹੋਣ ਉਪਰੰਤ ਇਸ ਦੁਨੀਆਂ ਰੂਪੀ ਧਰਤੀ ਦੇ ਦੱਖਣੀ ਅਫਰੀਕਾ ਵਾਲੇ ਪਾਸੇ ਹੀ ਪਹਿਲਾਂ ਪਹਿਲ ਬਨਸਪਤੀ ਸਮੇਤ ਜੀਵ ਜੰਤੂ ਪੈਦਾ ਹੋਏ ਸਨ।ਇਨ੍ਹਾਂ ਜੀਵ ਜੰਤੂਆਂ ਤੋਂ ਹੀ ਵਾਤਾਵਰਨ ਅਤੇ ਉਸ ਇਲਾਕੇ ਦੇ ਆਲੇ ਦੁਆਲੇ ਦੀਆਂ ਪ੍ਰਸਿਥਤੀਆਂ ਸਮੇਤ ਮੌਸਮ ਅਨੁਕੂਲ ਹੋਣ ਮੁਤਾਬਕ ਜਾਨਵਰਾਂ ਦਾ ਰੂਪ ਧਾਰਨ ਹੋਇਆ। ਇਨ੍ਹਾਂ ਜਨਵਰਾਂ ਦੀਆਂ ਕਈ ਨਸਲਾਂ ਵਿਚੋਂ ਹੀ ਸਮੇਂ ਦੇ ਪ੍ਰੀਵਰਤਨ ਹੋਣ ਕਰਕੇ ਵਾਤਾਵਰਨ ਅਤੇ ਆਲੇ ਦੁਆਲੇ ਦੀ ਲੋੜ ਮੁਤਾਬਕ ਹੋਰ ਜਾਨਵਰਾਂ ਦੇ ਰੂਪ ਬਦਲਦੇ ਰਹੇ ਅਤੇ ਇਨ੍ਹਾਂ ਦੇ ਸਰੀਰਕ ਅੰਗਾ ਵਿੱਚ ਪ੍ਰੀਵਰਤਨ ਹੁੰਦਾ ਰਿਹਾ।ਜਿਨ੍ਹਾਂ ਜਾਨਵਰਾਂ ਨੂੰ ਜਿਨ੍ਹਾਂ ਅੰਗਾ ਦੀ ਲੋੜ ਨਹੀ ਸੀ ਬਹੁਤ ਸਮੇਂ ਬਾਅਦ ਉਹ ਅਲੋਪ ਹੁੰਦੇ ਰਹੇ।ਇਨ੍ਹਾਂ ਦੇ ਹੀ ਸੁਧਰੇ ਰੂਪ ਵਿਚੋਂ ਹੀ "ਹੀਮੋ" ਅਥਵਾ ਮਾਨਸ ਜਾਤ ਨੇ ਅੰਦਾਜਨ ਅੱਜ ਤੋਂ ਕੋਈ ਦੋ ਲੱਖ ਸਾਲ ਪਹਿਲਾਂ ਦੱਖਣੀ ਅਫਰੀਕਾ 'ਚ ਜਨਮ ਲਿਆ।ਪਹਿਲੇ ਇੱਕ ਲੱਖ ਸਾਲ ਇਹ ਮਾਨਸ ਜਾਤ ਅਫਰੀਕਾ ਦੀ ਧਰਤੀ ਦੇ ਹਿੱਸੇ ਵਿੱਚ ਹੀ ਦੱਖਣ ਤੋਂ ਉੱਤਰ ਅਤੇ ਪੂਰਬ ਤੋਂ ਪੱਛਮ ਵੱਲ ਨੂੰ ਜਨਣ ਕ੍ਰਿਆ ਰਾਹੀਂ ਵਿਕਸਤ ਹੁੰਦੀ ਰਹੀ। ਵਿਗਿਆਨੀਆਂ ਖੋਜੀਆਂ ਅਤੇ ਇਤਿਹਾਸਕਾਰਾਂ ਦੇ ਅੰਦਾਜੇ ਮੁਤਾਬਕ ਇਹ ਕਿਆਸ ਕੀਤਾ ਗਿਆ ਹੈ ਕਿ "ਹੀਮੋ" ਹਿਊਮਨ ਜਨਣ ਕ੍ਰਿਆ 'ਚ ਹੋ ਰਹੇ ਵਾਧੇ ਅਤੇ ਆਪਣੇ ਖੁਰਾਕ ਦੇ ਸਾਧਨ ਅਤੇ ਵਾਤਾਵਰਨ ਨੂੰ ਵੀ ਆਪਣੇ ਅਨੁਕੂਲ ਲੱਭਦਾ ਹੋਇਆ ਬੜੀ ਕਾਮਯਾਬੀ ਨਾਲ ਇੱਕ ਲੱਖ ਅੱਸੀ ਹਜਾਰ ਸਾਲ ਪਹਿਲਾਂ ਅਫਰੀਕਾ ਦੀ ਧਰਤੀ ਤੋਂ ਬਾਹਰ ਨਿਕਲ ਕੇ ਦੁਨੀਆਂ ਦੇ ਹੋਰ ਦੇਸਾਂ ਦੀਆਂ ਧਰਤੀਆਂ ਉੱਤੇ ਪਹੁੰਚ ਗਿਆ ਸੀ। ਇਹ ਹੀਮੋ ਆਪਣੇ ਜਨਮ ਅਸਥਾਨ ਦੀ ਧਰਤੀ ਤੋਂ ਦੋ (ਵੇਵਜ਼) ਅਥਵਾ ਲਹਿਰਾਂ ਵਿੱਚ ਨਿਕਲ ਕੇ ਬਾਕੀ ਹੋਰ ਦੁਨੀਆਂ ਦੀਆਂ ਧਰਤੀਆਂ 'ਤੇ ਪਹੁੰਚਿਆ। ਪਹਿਲੀ ਵੇਵ ਇੱਕ ਲੱਖ ਸਾਲ ਆਪਣੀ ਧਰਤੀ ਦੇ ਸਾਰੇ ਭਾਗਾਂ 'ਚ ਫੈਲਦੀ ਰਹੀ। ਦੂਜੀ ਵੇਵ ਵਿੱਚ ਇਹ ਹੀਮੋ ਦੀ ਮਾਨਸ ਜਾਤ ਆਪਣੇ ਨਾਲ ਲਗਦੀਆਂ ਅਰਬ ਦੇਸਾਂ ਦੀਆਂ ਧਰਤੀਆਂ ਵਿੱਚ ਪਸਾਰਾ ਕਰਦੀ ਹੋਈ ਸੱਤਰ ਹਜਾਰ ਸਾਲ ਪਹਿਲਾਂ ਭਾਰਤ ਵਿੱਚ ਵੜ ਕੇ ਕਾਮਯਾਬੀ ਨਾਲ ਸਥਾਪਤ ਹੋ ਚੁੱਕੀ ਸੀ। ਇਨ੍ਹਾਂ ਦੀਆਂ ਸ਼ਖਾਵਾਂ ਭਾਰਤ ਵਿੱਚ ਸਥਾਪਨਾ ਕਰਨ ਬਾਅਦ ਇਨ੍ਹਾਂ ਵਿਚੋਂ ਕੁੱਝ ਕੁ ਹੀਮੋ ਅਰਬ ਦੇਸਾਂ ਅਤੇ ਮੱਧ ਅਤੇ ਪੂਰਬੀ ਉੱਤਰੀ ਏਸ਼ੀਆ ਰਸਤੇ ਯੋਰਪੀਨਾਂ ਦੇਸਾਂ ਦੀਆਂ ਧਰਤੀਆਂ ਵੱਲ ਵੱਧਦੀਆਂ ਹੋਈਆਂ ਚਾਲੀ ਹਜਾਰ ਸਾਲ ਪਹਿਲਾਂ ਸਾਇਬੇਰੀਆ ਪਹੁੰਚ ਕੇ ਸਾਰੇ ਯੋਰਪ ਵਿੱਚ ਫੈਲ ਗਈਆਂ ਸਨ।ਉਨ੍ਹਾਂ ਹੀ ਸ਼ਾਖਾਵਾਂ ਵਿਚੋਂ ਇਹ ਹੀਮੋ ਨਸਲ ਭਾਰਤ ਨਾਲ ਲਗਦੇ ਦੱਖਣੀ ਏਸ਼ੀਆ ਦੀਆਂ ਧਰਤੀਆਂ ਵਿਚੋਂ ਫੈਲਦੀਆਂ ਹੋਈਆਂ ਸਮੁੰਦਰ ਵਿੱਚ ਪਾਣੀ ਦਾ ਤੱਲ ਨੀਵਾਂ ਹੋਣ ਕਰਕੇ ਬਹੁਤ ਸਾਰੇ ਏਸ਼ੀਆ ਦੇ ਦੇਸਾਂ ਦੀਆਂ ਧਰਤੀਆਂ ਉਸ ਵੇਲੇ ਇੱਕ ਦੂਜੇ ਨਾਲ ਹੀ ਜੁੜੀਆਂ ਹੋਣ ਕਰਕੇ ਉਨ੍ਹਾਂ ਵਿੱਚ ਪਹੁੰਚ ਗਈਆਂ ਸਨ।ਇਹ ਹੀਮੋ ਦੀ ਮਾਨਸ ਜਾਤ ਕਈ ਥਾਵਾਂ ਤੋਂ ਥੱਲ ਰਸਤੇ 'ਤੇ ਕਈ ਥਾਵਾਂ ਤੋਂ ਜੱਲ ਰਸਤੇ ਫਿਲਪੀਨ, ਜਾਵਾ, ਸਮਾਟਰਾ, ਮਲੇਸ਼ੀਆ, ਇੰਡੋਨੇਸ਼ੀਆ, ਬਟਾਵੀਆ ਹੁੰਦੇ ਹੋਏ ਪਾਪੂਆ ਨਿਊ ਗਿਨੀ ਰਸਤੇ ਅੱਜ ਤੋਂ ਪੰਜਾਹ ਹਜਾਰ ਸਾਲ ਪਹਿਲਾਂ ਦੁਨੀਆਂ ਦੇ ਦੱਖਣ ਵਿੱਚ ਪੈਂਦੀ ਬਿਨਾ ਨਾਮ ਤੋਂ ਉਸਾਹੁਲ" ਨਾਮ ਵਾਲੀ ਉਦੱਖਣੀ ਅਣਜਾਣ ਧਰਤੀ" ਜਿਸ ਨੂੰ ਅੱਜ ਦੇ ਮਾਨਵ ਨੇ ਅਸਟ੍ਰੇਲੀਆ ਦਾ ਨਾਮ ਦਿੱਤਾ ਹੋਇਆ ਹੈ ਵਿਖੇ ਪਹੁੰਚ ਗਈ ਸੀ। ਯੋਰਪ ਵਿਚੋਂ ਹੁੰਦੀ ਹੋਈ, ਇਹ ਹੀਮੋ ਦੀ ਮਾਨਸ ਜਾਤ ਪੰਦਰਾਂ ਹਜਾਰ ਤੋਂ ਵੀਹ ਹਜਾਰ ਸਾਲ ਪਹਿਲਾਂ ਅਮਰੀਕਾ ਸਮੇਤ ਉਸ ਦੇ ਨਾਲ ਲਗਦੇ ਦੇਸਾਂ ਵਿੱਚ ਵੀ ਪਹੁੰਚ ਗਈ ਸੀ।


ਪੰਜਾਹ ਹਜਾਰ ਸਾਲ ਪਹਿਲਾਂ ਸਮੁੰਦਰੀ ਰਸਤੇ ਆਖਰੀ ਬਰਫੀਲੇ ਕਾਲ ਸਮੇਂ ਇਹ ਲਹਿਰ ਦੱਖਣੀ ਦਿਸ਼ਾਵਾਂ ਵੱਲ ਨੂੰ ਤੁਰੀ ਪਰ ਇਸ ਹਿਊਮਨ ਹੀਮੋ ਦੀ ਮਾਨਵ ਜਾਤ ਨੂੰ ਜਾਣਾ ਕਾਫੀ ਮੁਸ਼ਕਲ ਸੀ। ਜਿਹੜੀ ਕਿ ਦੱਖਣੀ ਏਸ਼ੀਆ ਦੇ ਹਿੱਸੇ ਤੋਂ ਵੱਖ ਹੋ ਕੇ ਅਸਟ੍ਰੇਲੀਆ ਮਹਾਂਦੀਪ ਦੀ ਧਰਤੀ ਵੱਲ ਵੱਧਦੀ ਸੀ। ਸਮੁੰਦਰੀ ਪਾਣੀ ਜੰਮਿਆ ਹੋਇਆ ਸੀ ਜਾਂ ਪਾਣੀ ਵਿੱਚ ਬੇਅੰਤ ਗਲੈਸ਼ੀਅਰ ਅਰਥਾਤ ਬਰਫ ਦੇ ਬਹੁਤ ਵੱਡੇ ਵੱਡੇ ਤੋਂਦੇ ਤੈਰਦੇ ਸਨ। ਇਨ੍ਹਾਂ ਸੱਭ ਕਠਿਨਾਈਆਂ ਵਿਚੋਂ ਦੱਖਣੀ ਏਸ਼ੀਆਂ ਦੀਆਂ ਧਰਤੀਆਂ ਰਾਂਹੀ ਪਹੁੰਚਦੀਆਂ ਹੋਈਆਂ ਪਾਪੂਆ ਨਿਊ ਗਿਨੀ ਰਾਹੀਂ ਵਿਚਰਦਿਆਂ ਤਕਰੀਬਨ ਸੱਠ ਕੁ ਮੀਲ ਲੱਗਭੱਗ ਸੌ ਕਿਲੋਮੀਟਰ ਦੇ ਬਹੁਤ ਔਖੇ ਰਸਤੇ ਦੱਖਣੀ ਬੇਨਾਮ ਧਰਤੀ ਉੱਤੇ ਇਹ ਮਾਨਵ ਪੰਜਾਹ ਹਜਾਰ ਸਾਲ ਪਹਿਲੋਂ ਪਹੁੰਚ ਗਿਆ ਸੀ। ਜਿਹੜਾ ਕਿ ਯੋਰਪੀਨ ਲੋਕਾਂ ਦੇ ਆਉਣ ਤੱਕ ਜੰਗਲਾਂ ਪਹਾੜਾਂ ਦੀਆਂ ਕੁੰਦਰਾਂ ਵਿੱਚ ਜਾਂ ਘਾਹ ਫੂਸ ਦੀਆਂ ਝੌਂਪੜੀਆਂ ਜਾਂ ਕੁਲੀਆਂ ਬਣਾ ਕੇ ਜਾਨਵਰਾਂ ਵਾਂਗ ਹੀ ਰਹਿੰਦਾ ਰਿਹਾ ਹੈ। ਆਪਣੀ ਭੁੱਖ ਮਿਟਾਉਣ ਲਈ ਪੰਛੀ ਜਾਂ ਜਾਨਵਰ ਮਾਰ ਕੇ ਖਾਂਦਾ ਸੀ ਜਾਂ ਫਿਰ ਦਰਖਤਾਂ ਦੇ ਪੱਤੇ ਫ਼ਲ ਫੁੱਲ ਵਗੈਰਾ ਖਾ ਕੇ ਆਪਣਾ ਪੇਟ ਭਰਦਾ ਰਿਹਾ ਹੈ।ਵਰਤਮਾਨ ਵਿਗਿਆਨੀਆਂ ਵਲੋਂ ਇਸ ਧਰਤੀ ਦੇ ਇਨ੍ਹਾਂ ਮੂਲਵਾਸੀ ਲੋਕਾਂ ਨੂੰ ਓਬਰਿਜਨਲ ਨਸਲ ਦਾ ਨਾਮ ਦਿੱਤਾ ਗਿਆ ਹੈ।

ਇਸ ਸਭ ਕੁੱਝ ਬਾਰੇ ਪਤਾ ਉਦੋਂ ਲੱਗਾ ਜਦੋਂ ਵਰਤਮਾਨ ਵਿਗਿਆਨੀਆਂ ਦੀ ਇੱਕ ਟੀਮ ਵਲੋਂ ਜਿਸ 'ਚ ਕਈ ਹੋਰ ਵਿਗਿਆਨੀਆਂ ਸਮੇਤ ਪ੍ਰੋਫੈਸਰ ਡਾਕਟਰ ਮਾਰਕ ਸਟੋਨਕਿੰਗ ਅਤੇ ਡਾਕਟਰ ਆਰੀਨਾ ਪੁਗਚ ਹੋਰੀਂ ਵੀ ਸ਼ਾਮਲ ਸਨ ਇਨ੍ਹਾਂ ਸਾਰਿਆਂ ਨੇ The Max Planck Institute Evolutionary Anthropology in Lepzig, GERMANY ਵਿਖੇ ਅਸਟ੍ਰੇਲੀਅਨ ਓਵਰਿਜਨਲ ਨਸਲ ਦੇ ਲੋਕਾਂ ਸਮੇਤ ਪਾਪੂਆ ਨਿਊ ਗਿਨੀਅਨ, ਫਿਲਪੀਨੀਅਨ, ਮਾਮਾਨਾਵੀਅਨ, ਇੰਡੋਨੇਸ਼ੀਅਨ, ਸਾਊਥ ਈਸਟ ਏਸ਼ੀਅਨ ਦੇਸਾਂ ਦੇ ਲੋਕਾਂ ਸਮੇਤ ਦੱਖਣੀ ਭਾਰਤੀਆਂ ਸਮੇਤ ਇਨ੍ਹਾਂ ਨਾਲ ਲਗਦੇ ਸਾਰੇ ਦੇਸਾਂ ਦੀ ਵੱਖੋ-ਵੱਖਰੀ ਪਾਪੂਲੇਸ਼ਨ ਵਿਚੋਂ 344 ਲੋਕਾਂ ਦੇ (ਡੀ ਐਨ ਏ) ਟੈਸਟ ਲਈ ਲਏ ਗਏ ਨਮੂਨਿਆਂ ਦਾ ਪ੍ਰਯੋਗਸ਼ਾਲਾ ਵਿੱਚ (ਡੀ ਐਨ ਏ) ਟੈਸਟ ਕੀਤਾ ਗਿਆ। ਜਿਸ ਦੀ ਪੂਰੀ ਰਿਪੋਰਟ ਵਿੱਚ ਸਿੱਧ ਹੋਇਆ ਹੈ ਕਿ ਓਬਰਿਜਨਲਾਂ ਦੀ ਪਿੱਛੋਂ 141ਵੀਂ ਨਸਲ 4230 ਸਾਲ ਪਹਿਲਾਂ ਆਏ ਭਾਰਤੀਆਂ ਦੀ ਨਸਲ ਇਨ੍ਹਾਂ ਵਿੱਚ ਜਜਬ ਹੋ ਗਈ ਹੋਈ ਹੈ। ਇਸ ਰਿਪੋਰਟ ਅਨੁਸਾਰ ਅੱਜ ਦੇ ਓਬਰਿਜਨਲ ਲੋਕਾਂ ਵਿੱਚ 11% ਜੀਨ ਜੀਵਾਣੂ ਵਿਸ਼ਾਣੂ ਅੰਸ਼ ਭਾਰਤੀ ਨਸਲ ਦਾ ਪਾਇਆ ਗਿਆ।ਇਸ ਤਰ੍ਹਾਂ ਰਿਪੋਰਟ ਮੁਤਾਬਕ ਭਾਰਤੀ ਨਸਲ ਦੇ ਕੁੱਤਿਆਂ ਵਰਗੇ ਡੀਗੋ ਕੁੱਤੇ ਵੀ ਭਾਰਤ ਸਮੇਤ ਏਸ਼ੀਆ ਵਲੋਂ ਹੀ ਆਏ ਸਾਬਤ ਹੋਏ ਹਨ।ਇਸ ਟੀਮ ਵਲੋਂ ਕੀਤੀ ਗਈ ਸੱਟਡੀ ਦੀ ਰਿਪੋਰਟ ਨੂੰ ਜਨਰਲ ਪ੍ਰੋਸੀਡਿੰਗ ਆਫ ਨੈਸ਼ਨਲ ਐਕਾਡਮੀ ਆਫ ਸਾਇੰਸ ਵਲੋਂ 14 ਜਨਵਰੀ 2013 ਨੂੰ ਮੀਡੀਏ 'ਚ ਪ੍ਰਕਾਸ਼ਿਤ ਕਰਨ ਲਈ ਭੇਜਿਆ ਗਿਆ।ਇਹ ਸਾਰੀ ਰਿਪੋਰਟ ਅਸਟ੍ਰੇਲੀਆ ਸਮੇਤ ਦੁਨੀਆਂ ਦੀਆਂ ਕਈ ਵੱਖ ਵੱਖ ਅਖਬਾਰਾਂ ਜਿਵੇਂ 'ਇੰਟਰਨੈਸ਼ਨਲ ਬਿਜਨੈੱਸ ਟਾਈਮਜ਼', 'ਡੇਲੀ ਮੇਲ', 'ਏ ਬੀ ਸੀ ਨਿਊਜ' 'ਐਸ ਬੀ ਐਸ' , 'ਦਾ ਟੈਲੀਗਰਾਫ', 'ਦਾ ਸਿਡਨੀ ਮੋਰਨਿੰਗ ਹੈਲਰਡ', 'ਟਾਈਮਜ਼ ਆਫ ਇੰਡੀਆ', 'ਦਾ ਕਨਵਰਸੇਸਨ', 'ਅਸਟ੍ਰੇਲੀਆ ਜੋਗਰਾਫਿਕ', 'ਦਾ ਸੀਕਰ', 'ਬੀ ਬੀ ਸੀ' ਆਦਿ ਸਮੇਤ ਮੀਡੀਏ ਵਿੱਚ ਵੱਖੋ-ਵੱਖਰੇ ਸਮਿਆਂ 'ਚ ਜਿਵੇਂ ਕਿ 14,15,16,17 ਜਨਵਰੀ 2013 ਨੂੰ ਛੱਪ ਗਈ ਸੀ। ਇਹ ਰਿਪੋਰਟ Max Planck Institute Evolutionary Anthropology in Lepzig, GERMANY ਵਲੋਂ common origin for Sahul (Joint Australia with Papuea New Guinea Land mass) ਦੇ ਅਧਾਰ 'ਤੇ ਵੱਖੋ-ਵੱਖਰੇ ਖੇਤਰਾਂ ਦੀ ਪਾਪੂਲੇਸ਼ਨ ਵਾਲੇ ਲੋਕਾਂ ਦੇ ਨਮੂਨਿਆਂ ਦਾ ਪ੍ਰਯੋਗਸ਼ਾਲਾ ਵਿੱਚ ਡੀ ਐਨ ਏ ਟੈਸਟ ਕਰਕੇ ਪੇਸ਼ ਕੀਤੀ ਗਈ ਸੀ। ਜਿਹੜੀ ਕਿ ਮੀਡੀਏ ਨੇ 14,15,16,17 ਜਨਵਰੀ 2013 ਨੂੰ ਆਪੋ ਆਪਣੇ ਵਸੀਲਿਆਂ ਰਾਂਹੀ ਲੋਕਾਂ ਤੱਕ ਪਹੁੰਚਾ ਦਿੱਤੀ।ਇਸ ਰਿਪੋਰਟ ਅਨੁਸਾਰ ਭਾਰਤੀ ਵੰਸ਼ ਦੇ ਲੋਕਾਂ ਦੇ ਜੀਨ (ਜੀਵਾਣੂ), ਜੀਵਨ ਕ੍ਰਿਆ ਸੈੱਲ 4230 ਸਾਲ ਪਹਿਲਾਂ ਅਸਟ੍ਰੇਲੀਅਨ ਮੂਲਵਾਸੀ (ਓਬਰਿਜਨਲ) ਨਸਲ ਦੇ ਲੋਕਾਂ ਵਿੱਚ ਮਿਕਸ ਹੋ ਗਏ ਸਨ। ਇਸ ਤੋਂ ਸਿੱਧ ਹੋਇਆ ਹੈ ਕਿ ਦੱਖਣੀ ਭਾਰਤੀ ਨਸਲ ਦੇ ਲੋਕ ਅਸਟ੍ਰੇਲੀਅਨ ਓਬਰਿਜਨਲ ਨਸਲ ਦੇ ਲੋਕਾਂ ਦੀ ਪਿੱਛੇ ਤੋਂ 141ਵੀਂ ਨਸਲ ਵਿੱਚ ਮਿਕਸ ਹੋ ਚੁੱਕੇ ਸਨ। ਜਿਹੜੇ ਕਿ ਆਪਣੇ ਨਾਲ ਹੀ ਪੱਥਰ ਕਾਲ ਵੇਲੇ ਦੇ ਪੱਥਰਾਂ ਤੋਂ ਬਣੇ ਹੋਏ ਹਥਿਆਰਾਂ ਦੀ ਅਤੇ ਪੌਦਿਆਂ ਵਾਰੇ ਉਨ੍ਹਾਂ ਦੀ ਪ੍ਰੋਸੈਸਿੰਗ ਦੀ ਤਕਨੀਕ ਨੂੰ ਵੀ ਨਾਲ ਲਿਆਏ ਸਨ। ਵਿਗਿਆਨੀਆਂ ਅਨੁਸਾਰ ਭਾਰਤੀ ਨਸਲ ਦੇ ਕੁੱਤਿਆਂ ਵਰਗੇ ਡੀਗੋ ਕੁੱਤੇ ਵੀ ਉਸੇ ਵੇਲੇ ਆਏ ਸਾਬਤ ਹੋਏ ਹਨ ਕਿਉਂ ਕਿ ਇਹ ਭਾਰਤੀ ਕੁੱਤਿਆਂ ਨਾਲ ਰਲਦੇ ਮਿਲਦੇ ਹਨ। ਹੁਣ ਵਿਗਿਆਨੀਆਂ ਦੀ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਰੀ ਦੁਨੀਆਂ ਸਮੇਤ ਅਸਟ੍ਰੇਲੀਆ ਵਿੱਚ ਵੀ ਅਫਰੀਕਨ ਹੀਮੋ ਪਹੁੰਚਣ ਬਾਅਦ ਇਸ ਧਰਤੀ 'ਤੇ ਪਹਿਲਾ ਪੈਰ ਧਰਨ ਵਾਲੇ ਭਾਰਤੀ ਹਨ।ਜਦੋਂ ਕਿ ਉਸ ਵੇਲੇ ਅਸਟ੍ਰੇਲੀਆ, ਭਾਰਤ ਸਮੇਤ ਬਹੁਤ ਸਾਰੀ ਦੁਨੀਆਂ ਦੇ ਹਿੱਸਿਆਂ ਵਿੱਚ ਸੱਭਿਅਤਾ ਪ੍ਰਫੁੱਲਤ ਨਹੀਂ ਸੀ ਹੋਈ ਉਦੋਂ ਉਸ ਵੇਲੇ ਇਹ ਦੱਖਣੀ ਭਾਰਤੀ ਵੀ ਇੱਥੋਂ ਦੇ ਮੂਲਵਾਸੀਆਂ ਨਾਲ ਮੇਲ ਮਿਲਾਪ ਵਧਾ ਕੇ ਇਨ੍ਹਾਂ ਵਿੱਚ ਹੀ ਜਜਬ ਹੋ ਗਏ। ਇਹ ਵਰਤਾਰਾ ਉਦੋਂ ਤੱਕ ਚਲਦਾ ਰਿਹਾ ਜਦੋਂ ਤੱਕ ਸੋਲਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਦੇ ਯੋਰਪ ਦੇ ਸੱਭਿਅਤਾ ਪ੍ਰਾਪਤ ਲੋਕਾਂ ਨੇ ਦੁਨੀਆਂ ਦੀਆਂ ਨਵੀਆਂ ਧਰਤੀਆਂ ਲੱਭਦਿਆਂ ਹੋਇਆਂ ਨੇ ਇਸ ਅਣਜਾਣ ਦੇਸ ਨੂੰ ਨਹੀ ਸੀ ਲੱਭਿਆ। ਪਹਿਲਾਂ ਪਹਿਲ ਇਸ ਖਿੱਤੇ ਦੀ ਧਰਤੀ ਨੂੰ ਬੇਨਾਮੀ ਅਤੇ ਅਣਜਾਣੀ ਦੱਖਣੀ ਧਰਤੀ ਵਜੋਂ ਜਾਣਿਆ ਜਾਂਦਾ ਸੀ (ਅਨਨਾਊਨ ਸਾਊਥ ਲੈਂਡ)। ਜਿਸ ਨੂੰ ਬਾਅਦ 'ਚ ਕਈ ਹੋਰ ਨਾਵਾਂ ਨਾਲ ਵੀ ਪੁਕਾਰਿਆ ਗਿਆ।ਜਿਵੇਂ ਕਿ ਪਾਪੂਆ ਨਿਊ ਗਿਨੀ ਨਾਲ ਜੁੜਿਆ ਹੋਣ ਵੇਲੇ 'ਸਾਹੁਲ' ਦਾ ਨਾਮ ਦਿੱਤਾ ਗਿਆ ਸੀ। ਬਾਅਦ 'ਚ 'ਨਿਊ ਲੈਂਡ', ਨਿਊ ਹਾਲੈਂਡ, ਤੇਰਾ ਅਸਟ੍ਰੇਲੀਜ਼ ਇਨੋਗਨੀਟਾ, ਅਨ ਨਾਊਨ ਸਾਊਥ ਲੈਂਡ, ਦੱਖਣੀ ਧਰਤੀ, ਭਾਰਤੀ ਪੰਜਾਬੀਆਂ ਵਲੋਂ ਤੇਲੀਆ ਅਤੇ ਹੁਣ ਵਰਤਮਾਨ ਦੁਨੀਆਂ ਵਾਲਿਆਂ ਨੇ ਇਸ ਧਰਤੀ ਨੂੰ ਅਸਟ੍ਰੇਲੀਆ ਦਾ ਨਾਮ ਦਿੱਤਾ ਹੋਇਆ ਹੈ।





A genetic study of more than 300 Aborigines, Indians and people from Papua New Guinea and south-east Asia found a "significant gene flow" from India to Australia about 4230 years ago.





A genetic study of more than 300 Aborigines, Indians and people from Papua New Guinea and south-east Asia found a "significant gene flow" from India to Australia about 4230 years ago

ਅਜੋਕੇ ਵਰਤਮਾਨ ਵਿਗਿਆਨੀਆਂ ਵਲੋਂ ਬਹੁਤ ਸੱਖਤ ਮਹਿਨਤ ਨਾਲ ਕੀਤੀਆਂ ਗਈਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਪੂਰੇ ਬ੍ਰਹਿਮੰਡ ਵਿੱਚ ਦੱਖਣੀ ਅਫਰੀਕਾ ਦੀ ਧਰਤੀ ਦਾ ਉਹ ਹਿੱਸਾ ਹੈ। ਜਿੱਥੇ ਸੰਸਾਰ ਵਿਚ ਪਹਿਲੀ ਵਾਰ ਜੀਵ ਪੈਦਾ ਹੋਣ ਬਾਅਦ ਹੀਮੋ ਅਥਵਾ ਮਾਨਸ ਜਾਤ ਦਾ ਜਨਮ ਹੋਇਆ। ਉਹ ਆਪਣਾ ਵਿਕਾਸ ਕਰ ਕੇ ਵੱਡੀ ਜੱਦੋ-ਜਹਿਦ ਬਾਅਦ ਕੋਈ ਅੱਜ ਤੋਂ ਤਕਰੀਬਨ ਪੰਜਾਹ ਹਜਾਰ ਸਾਲ ਪਹਿਲਾਂ ਪਹਿਲੀ ਵਾਰ ਅੱਜ ਦੇ ਨਾਮ ਵਾਲੀ 'ਅਸਟ੍ਰੇਲੀਆ' ਦੀ ਧਰਤੀ 'ਤੇ ਪਹੁੰਚਿਆ ਸੀ। ਉਦੋਂ ਅਫਰੀਕਾ ਦੀ ਧਰਤੀ ਤੋਂ ਮਾਨਵ ਦੀ ਮਾਨਸ ਜਾਤ ਤੁਰ ਕੇ ਸਾਰੇ ਸੰਸਾਰ ਦੀਆਂ ਧਰਤੀਆਂ 'ਤੇ ਪਹੁੰਚ ਕੇ ਵਿਕਸਤ ਹੋ ਗਈ ਸੀ। ਇਸ ਵਾਰੇ ਸੰਸਾਰ ਪ੍ਰਸਿੱਧ ਵਿਗਿਆਨੀਆਂ ਵਲੋਂ ਕੀਤੀਆਂ ਗਈਆਂ ਖੋਜਾਂ ਦੇ ਅਧਾਰ 'ਤੇ ਮੀਡੀਏ ਵਿੱਚ ਭੇਜੀ ਗਈ ਰਿਪੋਰਟ ਛੱਪ ਚੁੱਕੀ ਹੈ। ਜਿਸ ਅਨੁਸਾਰ ਅੰਦਾਜਨ ਅੱਜ ਤੋਂ 4230 ਸਾਲ ਪਹਿਲਾਂ ਅਸਟ੍ਰੇਲੀਆ ਦੀ ਇਸ ਧਰਤੀ 'ਤੇ ਪਹਿਲਾ ਪੈਰ ਰੱਖਣ ਵਾਲੇ ਦੱਖਣੀ ਭਾਰਤ ਦੇ ਹਿੱਸਿਆਂ ਤੋਂ ਇੱਥੇ ਪਹੁੰਚੇ ਤਾਮਿਲ ਅਤੇ ਦਰਾਵੜੀਅਨ ਸਮੇਤ ਦੱਖਣੀ ਭਾਰਤ ਦੀਆਂ ਕਈ ਹੋਰ ਨਸਲਾਂ ਦੇ ਮਾਨਵ ਸਨ। ਜਿਹੜੇ ਕਿ ਇੱਥੇ ਪਹੁੰਚ ਕੇ ਅਫਰੀਕਾ ਤੋਂ ਅਰਬ ਦੇਸਾਂ ਰਸਤੇ ਭਾਰਤ ਸਮੇਤ ਏਸ਼ੀਆ ਰਾਹੀਂ ਪਹਿਲੇ ਆਏ ਹੋਏ ਮੂਲਵਾਸੀਆਂ ਜਿਨ੍ਹਾਂ ਨੂੰ ਓਬਰਿਜਨਲਾਂ ਦੀ ਨਸਲ ਵਜੋਂ ਜਾਣਿਆ ਜਾਂਦਾ ਹੈ ਦੇ ਵਿੱਚੋ-ਵਿੱਚ ਨਰ ਅਤੇ ਮਾਦੇ ਦੀ ਪਰਸਪਰ ਵਿਰੋਧੀ ਖਿੱਚ ਕਾਰਨ ਜਨਣ ਕ੍ਰਿਆ ਦੇ ਪੂਰੇ ਸਿਸਟਮ ਵਿਚੋਂ ਗੁਜਰਨ ਬਾਅਦ ਜੀਵਾਣੂ ਅਥਵਾ ਵਿਸ਼ਾਅਣੂਆਂ ਦੀ ਕਰਾਸ ਬਰੀਡਿੰਗ ਹੋਣ ਕਰਕੇ ਇਨ੍ਹਾਂ ਪਹਿਲੇ ਆਏ ਭਾਰਤੀਆਂ ਦੇ ਜੀਨ ਅਸਟ੍ਰੇਲੀਅਨ ਓਬਰਿਜਨਲਾਂ ਵਿੱਚ ਜਜਬ ਹੋ ਗਏ।

ਇਨ੍ਹਾਂ ਓਬਰਿਜਨਲ ਲੋਕਾਂ ਦੇ ਰੰਗ ਰੂਪ ਸਮੇਤ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਦੀਆਂ ਸ਼ਕਲਾਂ ਵੀ ਦੱਖਣੀ ਭਾਰਤ ਵੱਲ ਵਸਦੇ ਲੋਕਾਂ ਨਾਲ ਮਿਲਦੀਆਂ ਜੁਲਦੀਆਂ ਹਨ। ਹੁਣ ਦੀਆਂ ਵਰਤਮਾਨ ਰਿਪੋਰਟਾਂ ਅਨੁਸਾਰ ਦੱਖਣੀ ਭਾਰਤ ਦੇ ਤਾਮਲਾਂ ਦੀ ਤਾਮਲ ਭਾਸ਼ਾ ਅਤੇ ਦਰੜਾਬੜੀਆਂ ਦੀ ਦਰੜਾਬੜੀਅਨ ਭਾਸ਼ਾ ਅਤੇ ਦੱਖਣੀ ਭਾਰਤ ਦੀਆਂ ਕਈ ਹੋਰ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਇਨ੍ਹਾਂ ਓਬਰਿਜਨਲਾਂ ਲੋਕਾਂ ਦੀ ਭਾਸ਼ਾ ਨਾਲ ਰਲਦੇ ਮਿਲਦੇ ਹਨ। ਹਾਲੇ ਤਾਂ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਓਬਰਿਜਨਲ ਲੋਕਾਂ ਦੀ ਇਹ ਨਸਲ ਚੁਰਾਈ ਹੋਈ ਨਸਲ ਹੈ। ਅਸਲੀ ਨਸਲ ਨਾਲੋਂ ਅਸਲੀ ਬੋਲੀ ਰੀਤੀ ਰਿਵਾਜ ਅਤੇ ਧਾਰਮਿਕ ਪੂਜਾ ਦੇ ਢੰਗ ਤਰੀਕੇ ਵਗੇਰਾ ਤਾਂ ਸੱਭ ਕੁੱਝ ਹੀ ਗੋਰਿਆਂ ਨੇ ਗੁਆ ਦਿੱਤੇ ਸਨ। ਜਦੋਂ ਬ੍ਰਿਟਿਸ਼ ਤੋਂ ਆਏ ਗੋਰਿਆਂ ਨੇ ਇਨ੍ਹਾਂ ਦੇ ਚੌਦਾਂ ਸਾਲ ਦੇ ਬੱਚਿਆਂ ਸਮੇਤ ਹੇਠਲੀ ਉਮਰ ਦੇ ਸਾਰੇ ਬੱਚਿਆਂ ਨੂੰ ਜਬਰਦਸਤੀ ਚੁੱਕ ਲਿਆ ਸੀ। ਚੌਦਾਂ ਸਾਲ ਤੋਂ ਉੱਤਲੀ ਉਮਰ ਦੇ ਸਾਰੇ ਨੌਜਵਾਨਾਂ ਸਮੇਤ ਬੁੱਢਿਆਂ ਨੂੰ ਮਾਰ ਮੁਕਾ ਦਿੱਤਾ ਸੀ। ਇਸ ਕਰਕੇ ਇਨ੍ਹਾਂ ਲੋਕਾਂ ਦਾ ਜਿਹੜਾ ਅਸਲੀ ਕਲਚਰ, ਵਿਰਸਾ 'ਤੇ ਬੋਲੀ ਸੀ। ਉਹ ਤਾਂ ਸੱਭ ਗੁਆਚ ਗਿਆ ਹੋਇਆ ਹੈ ਹੁਣ ਤਾਂ ਉਨ੍ਹਾਂ ਵਿਚੋਂ ਬਚੇ ਹੋਏ ਕੁੱਝ ਅੰਸ਼ ਹੀ ਹਨ। ਜਿਹੜੇ ਉਸ ਵੇਲੇ ਦੇ ਚੌਦਾਂ ਸਾਲ ਦੇ ਬੱਚਿਆਂ ਨੂੰ ਕੁੱਝ-ਕੁੱਝ ਯਾਦ ਸਨ ਉਹ ਹੀ ਅੱਜ ਬੱਚਿਆ ਖੁਚਿਆ ਇਨ੍ਹਾਂ ਦੀ ਵਿਰਾਸਤ ਵਿੱਚ ਕਾਇਮ ਹਨ।ਬਾਕੀ ਦਾ ਸੱਭ ਕੁੱਝ ਤਾਂ ਡਾਢਿਆਂ ਜੋਰ ਵਾਲਿਆਂ ਅਤੇ ਸਰਮਾਏਦਾਰੀ ਦੀ ਲਪੇਟ ਦੀ ਭੇਂਟ ਚੱੜ ਗਿਆ। ਇਨ੍ਹਾਂ ਵਰਤਮਾਨ ਖੋਜਾਂ ਦੇ ਅਧਾਰ 'ਤੇ ਅਤੇ ਮੀਡੀਏ ਵਿੱਚ ਛੱਪ ਚੁੱਕੀਆਂ ਰਿਪੋਰਟਾਂ ਦੇ ਅਧਾਰ 'ਤੇ ਇਹ ਸਾਬਤ ਹੋਇਆ ਹੈ ਕਿ ਸੰਸਾਰ ਵਿੱਚ ਹੀਮੋ ਦੀ ਮਾਨਸ ਜਾਤ ਦੇ ਹੋ ਚੁੱਕੇ ਪਸਾਰੇ ਬਾਅਦ ਅਸਟ੍ਰੇਲੀਆ ਦੀ ਧਰਤੀ 'ਤੇ ਪੱਥਰ ਕਾਲ ਵੇਲੇ ਦੀ ਕਿਸੇ ਸੱਭਿਅਕ ਤਕਨੀਕ ਨੂੰ ਜਾਨਣ ਵਾਲੇ ਪਹਿਲੇ ਪਹੁੰਚੇ ਭਾਰਤੀ ਹਨ।ਸੋ ਅਸਟ੍ਰੇਲੀਆ ਦੀ ਧਰਤੀ 'ਤੇ 4230 ਸਾਲ ਪਹਿਲਾਂ ਪਹਿਲਾ ਪੈਰ ਰੱਖਣ ਵਾਲੇ ਭਾਰਤੀ ਹਨ ਨਾ ਕਿ ਯੋਰਪ ਤੋਂ ਸੋਲਵੀਂ ਸਤਾਰਵੀਂ ਸਦੀ 'ਚ ਪਹੁੰਚੇ ਪਹਿਲੇ ਡੱਚ ਜਾਂ ਬ੍ਰਿਟਿਸ਼ ਤੋਂ 1770 ਪਹੁੰਚਿਆ ਕੈਪਟਨ ਜੇਮਜ਼ ਕੁੱਕ ਜਿਸ ਨੇ ਇਸ ਧਰਤੀ 'ਤੇ ਪਹਿਲਾ ਪੈਰ ਧਰਨ ਦਾ ਦਾਅਵਾ ਕੀਤਾ ਹੋਇਆ ਹੈ। ਇਸ ਨੇ ਵਾਪਿਸ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਇਸ ਧਰਤੀ ਵਾਰੇ ਦਸਿਆ। ਬ੍ਰਿਟਿਸ਼ ਸਰਕਾਰ ਪਹਿਲਾਂ ਹੀ ਸਾਰੀ ਦੁਨੀਆਂ ਨੂੰ ਆਪਣੇ ਕਬਜੇ ਹੇਠ ਕਰਨ ਦੀ ਲਾਲਸਾ ਰੱਖਦਿਆਂ ਇਹੋ ਜਹੀਆਂ ਧਰਤੀਆਂ 'ਤੇ ਕਬਜਾ ਕਰਨ ਦੀ ਤਾਕ ਵਿੱਚ ਰਹਿੰਦੀ ਸੀ। ਬ੍ਰਿਟਿਸ਼ ਸਰਕਾਰ ਨੇ ਅਸਟ੍ਰੇਲੀਆ ਦੀ ਧਰਤੀ 'ਤੇ ਆਪਣਾ ਪੱਕੇ ਤੌਰ ਕਬਜਾ ਕਰਨ ਲਈ ਅਤੇ ਇੱਥੇ ਆਪਣੀ ਵਸੋਂ ਵਸਾਉਂਣ ਲਈ ਅਤੇ ਆਪਣੇ ਰਾਜ ਹੇਠਲੇ ਅਪਰਾਧੀ ਕਿਸਮ ਦੇ ਅਪਰਾਧੀ ਲੋਕਾਂ ਨੂੰ ਕਾਲੇ ਪਾਣੀ ਦੀ ਸਜਾ ਦੇਣ ਲਈ ਕੈਪਟਨ ਓਰਥਰ ਫਿਲਿਪਸ ਦੀ ਰਹਿਨੁਮਾਈ ਹੇਠ ਗਿਆਰਾਂ ਬੇੜੇ 1788 ਵਿੱਚ ਭੇਜੇ। ਇਨ੍ਹਾਂ ਬੇੜਿਆਂ ਵਿੱਚ ਕਲੋਨੀਆਂ ਬਣਾਉਣ ਵਾਲਾ ਕੁੱਝ ਸਮਾਨ ਅਤੇ 1500 ਦੇ ਕਰੀਬ ਇਨਸਾਨ ਸਨ। ਜਿਨ੍ਹਾਂ ਵਿੱਚ ਪੰਦਰਾਂ ਅਫਸਰ ਸਨ ਤੇ 778 ਅਪਰਾਧੀ ਕਿਸਮ ਦੇ ਲੋਕ ਸਨ ਜਿਨ੍ਹਾਂ ਵਿੱਚ 14 ਅਪਰਾਧੀ ਕਿਸਮ ਦੇ ਬੱਚੇ ਵੀ ਸਨ ਅਤੇ 192 ਅਪਰਾਧੀ ਕਿਸਮ ਦੀਆਂ ਜਨਾਨੀਆਂ ਅਤੇ 586 ਅਪਰਾਧੀ ਕਿਸਮ ਦੇ ਆਦਮੀ ਸਨ ਅਤੇ ਹੋਰ ਕਾਮੇ ਸਨ।ਜਿਨ੍ਹਾਂ ਨੇ ਅਸਟ੍ਰੇਲੀਆ ਦੀ ਸਟੇਟ ਨਿਊ ਸਊਥ ਵੇਲਜ਼ ਦੀ ਧਰਤੀ ਵਿਖੇ ਪਹੁੰਚ ਕੇ 26 ਜਨਵਰੀ 1788 ਨੂੰ ਆਪਣੀ ਬ੍ਰਿਟਿਸ਼ ਸਰਕਾਰ ਦਾ ਝੰਡਾ ਗੱਡ ਕੇ ਸਾਰੀ ਦੁਨੀਆਂ ਨੂੰ ਸੁਨੇਹਾ ਦਿੱਤਾ ਕਿ ਇਹ ਬਿਨਾ ਨਾਮ ਵਾਲੀ ਦੱਖਣੀ ਪਾਸੇ ਵਾਲੀ ਵਿਹਲੀ ਪਈ ਧਰਤੀ ਅਸੀਂ ਲੱਭੀ ਹੈ। ਅੱਜ ਤੋਂ ਬਾਅਦ ਇਸ ਧਰਤੀ ਦੇ ਅਸਲੀ ਮਾਲਕ ਅਸੀਂ ਹਾਂ ਅਤੇ ਇਹ ਧਰਤੀ ਬ੍ਰਿਟਿਸ਼ ਸਰਕਾਰ ਦਾ ਹਿੱਸਾ ਹੈ।ਜਿਸ 'ਤੇ ਉਹੀ ਲੋਕ ਅੱਜ ਤੱਕ ਕਬਜਾ ਕਰੀ ਬੇਠੇ ਹਨ ਇਸ ਧਰਤੀ ਦੇ ਅਸਲੀ ਮਾਲਕਾਂ ਨਾਲ ਤਾਂ ਇਨ੍ਹਾਂ ਲੋਕਾਂ ਨੇ ਜਾਨਵਰਾਂ ਵਰਗਾ ਸਲੂਕ ਕੀਤਾ ਸੀ। ਜਿਨ੍ਹਾਂ ਨੂੰ ਵੋਟ ਪਾਉਂਣ ਦਾ ਅਧਿਕਾਰ ਵੀ ਮਸਾਂ ਬਾਕੀ ਦੁਨੀਆਂ ਦੇ ਦਬਾਓ ਕਾਰਨ ਸਾਰੇ ਅਸਟ੍ਰੇਲੀਆ ਵਿੱਚ 1967 ਵਿੱਚ ਹੀ ਦਿੱਤਾ ਗਿਆ ਹੈ। ਹਜਾਰਾਂ ਸਾਲਾਂ ਤੋਂ ਇਸ ਧਰਤੀ 'ਤੇ ਰਹਿ ਰਹੇ ਇਨ੍ਹਾਂ ਲੋਕਾਂ ਨੂੰ ਆਪਣੇ ਮੌਲਿਕ ਅਧਿਕਾਰਾਂ ਸਮੇਤ ਹੋਰ ਹੱਕ ਵੀ ਦੁਨੀਆਂ ਦੇ ਵਿਕਸਤ ਦੇਸਾਂ ਦੇ ਦਬਾਓ ਪਾਉਂਣ 'ਤੇ ਮਸਾਂ ਹੀ 179 ਸਾਲਾਂ ਦੀ ਬੜੀ ਜਦੋ ਜਹਿਦ ਕਰਨ ਬਾਅਦ ਮਿਲੇ ਹਨ। ਦੂਜੇ ਪਾਸੇ ਵਿਗਿਆਨੀਆਂ ਦੀ ਕੀਤੀ ਗਈ ਖੋਜ ਇਹ ਦਰਸਾਉਂਦੀ ਹੈ ਕਿ ਇਹ ਦੇਸ 4230 ਸਾਲ ਪਹਿਲਾਂ ਸੱਭ ਤੋਂ ਪਹਿਲਾਂ ਭਾਰਤੀਆਂ ਨੇ ਲੱਭਿਆ ਸੀ। ਜਿਹੜੇ ਕਿ ਓਬਰਿਜਨਲ ਲੋਕਾਂ ਵਿੱਚ ਹੀ ਜਜਬ ਹੋ ਗਏ ਜਿਨਾਂ ਵਿੱਚ 11% ਜੀਨ ਭਾਰਤੀ ਨਸਲ ਦਾ ਹਿੱਸਾ ਹਨ। ਜਿਨ੍ਹਾਂ ਦੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਵੀ ਰਲਦੇ ਮਿਲਦੇ ਹਨ ਜੇ ਕਿਧਰੇ ਚੋਰੀ ਕੀਤੀ ਨਸਲ ਤੋਂ ਪਹਿਲੀਆਂ ਨਸਲਾਂ ਨੂੰ ਮਾਰਿਆ ਨਾ ਜਾਂਦਾ ਤਾਂ ਅੱਜ ਹੋਰ ਵੀ ਬਹੁਤ ਸਾਰੀਆਂ ਸਚਾਈਆਂ ਸਾਹਮਣੇ ਆ ਸਕਦੀਆਂ ਸਨ।

# 01 ਮਈ ਲਈ ਅੰਤਰਰਾਸ਼ਟਰੀ ਮਜਦੂਰ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

01 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵੀ ਕਿਹਾ ਜਾਂਦਾ ਹੈ ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਵਿਕਾਸ ਵਿੱਚ ਮਜ਼ਦੂਰਾਂ ਦੇ ਯੋਗਦਾਨ ਅਤੇ ਕੁਰਬਾਨੀ ਦਾ ਜਸ਼ਨ ਮਨਾਇਆ ਜਾਂਦਾ ਹੈ। ਇਹ ਕਾਮਿਆਂ ਦੀ ਸਮੂਹਿਕ ਸ਼ਕਤੀ, ਨਿਆਂ ਲਈ ਚੱਲ ਰਹੀ ਲੜਾਈ, ਅਤੇ ਇੱਕ ਅਜਿਹੀ ਦੁਨੀਆ ਬਣਾਉਣ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ ਜਿੱਥੇ ਹਰੇਕ ਦੇ ਯੋਗਦਾਨ ਦੀ ਕਦਰ ਕੀਤੀ ਜਾਂਦੀ ਹੈ। ਇਸਦੇ ਇਤਿਹਾਸ ਨੂੰ ਸਮਝਕੇ ਅਤੇ ਇਸ ਦੀ ਭਾਵਨਾ ਨਾਲ ਸਾਰੇ ਮਿਹਨਤਕਸ਼ ਲੋਕਾਂ ਦੇ ਉੱਜਵਲ ਭਵਿੱਖ ਲਈ ਯੋਗਦਾਨ ਪਾ ਸਕਦੇ ਹਾਂ। ਇਹ ਦਿਨ ਅਰਥਵਿਵਸਥਾਵਾਂ ਦੇ ਨਿਰਮਾਣ, ਰੱਖ-ਰਖਾਅ ਅਤੇ ਵਿਕਾਸ ਵਿੱਚ ਮਜ਼ਦੂਰਾਂ ਦੀ ਮਹੱਤਵਪੂਰਨ ਭੂਮਿਕਾ ਦੀ ਵਿਸ਼ਵ-ਵਿਆਪੀ ਮਾਨਤਾ ਪ੍ਰਦਾਨ ਕਰਦਾ ਹੈ। ਇਹ ਦਿਨ ਮਜ਼ਦੂਰਾਂ ਦੇ ਹੱਕਾਂ ਅਤੇ ਨਿਰਪੱਖ ਕੰਮ ਦੀਆਂ ਸਥਿਤੀਆਂ ਲਈ ਚੱਲ ਰਹੇ ਸੰਘਰਸ਼ ਨੂੰ ਉਜਾਗਰ ਕਰਦਾ ਹੈ ਅਤੇ ਉਚਿਤ ਉਜਰਤਾਂ, ਸੁਰੱਖਿਅਤ ਕੰਮ ਕਰਨ ਵਾਲੇ ਵਾਤਾਵਰਣ, ਸਮਾਜਿਕ ਸੁਰੱਖਿਆ, ਅਤੇ ਸ਼ੋਸ਼ਣ ਵਿਰੁੱਧ ਸੁਰੱਖਿਆ ਵਰਗੇ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ। ਮਈ ਦਿਵਸ ਵਿਭਿੰਨ ਪਿਛੋਕੜਾਂ, ਉਦਯੋਗਾਂ ਅਤੇ ਦੇਸ਼ਾਂ ਦੇ ਕਾਮਿਆਂ ਨੂੰ ਇੱਕ ਦੂਜੇ ਨਾਲ ਏਕਤਾ ਵਿੱਚ ਖੜੇ ਹੋਣ ਲਈ ਇਕੱਠੇ ਕਰਦਾ ਹੈ। ਹਰ ਸਾਲ ਅੰਤਰਰਾਸਟਰੀ ਮਜਦੂਰ ਸੰਗਠਨ ਮਜ਼ਦੂਰ ਦਿਵਸ ਲਈ ਇੱਕ ਖਾਸ ਥੀਮ ਚੁਣਦਾ ਹੈ ਜੋ ਵਿਸ਼ਵ ਪੱਧਰ ਤੇ ਕਾਮਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਇੱਕ ਢੁਕਵੇਂ ਮੁੱਦੇ ਨੂੰ ਉਜਾਗਰ ਕਰਦਾ ਹੈ। ਇਹ ਵਰਕਰਾਂ ਦੇ ਅਧਿਕਾਰਾਂ ਬਾਰੇ ਗੱਲਬਾਤ ਨੂੰ ਮੌਜੂਦਾ ਅਤੇ ਪ੍ਰਸੰਗਿਕ ਰੱਖਣ ਵਿੱਚ ਮੱਦਦ ਕਰਦਾ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਜ਼ਦੂਰਾਂ ਦੇ ਯੋਗਦਾਨ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਚੱਲ ਰਹੇ ਸੰਘਰਸ਼ ਦੀ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ। ਦੁਨੀਆ ਦੇ 76% ਕਾਮਿਆਂ ਕੋਲ ਸਮਾਜਿਕ ਸੁਰੱਖਿਆ ਦੀ ਘਾਟ ਹੋਣ ਕਰਕੇ ਵਕਾਲਤ ਦੀ ਜ਼ਰੂਰਤ ਬਹੁਤ ਜ਼ਰੂਰੀ ਹੈ। ਅੰਤਰਰਾਸ਼ਟਰੀ ਮਜਦੂਰ ਦਿਵਸ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਇਹਨਾਂ ਸੁਧਾਰਾਂ ਨੂੰ ਲਾਗੂ ਕਰਨ ਵਿੱਚ ਪ੍ਰਗਤੀ ਅਤੇ ਪਾੜੇ ਤੇ ਵਿਚਾਰ ਕਰਨ ਦਾ ਇੱਕ ਢੁਕਵਾਂ ਸਮਾਂ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੀ ਮਹੱਤਤਾ ਨੂੰ ਮਜ਼ਦੂਰਾਂ ਦੇ ਅਧਿਕਾਰਾਂ ਦੀ ਮਾਨਤਾ, ਚੰਗੀ ਉਜਰਤ, ਨੌਕਰੀ ਸੁਰੱਖਿਆ, ਕੰਮ ਕਰਨ ਦੀਆਂ ਸਥਿਤੀਆਂ, ਸੁਰੱਖਿਅਤ ਕਾਰਜ ਸਥਾਨ, ਘੱਟ ਕੰਮ ਦੇ ਘੰਟੇ, ਸਮਾਜਿਕ ਸੁਰੱਖਿਆ ਆਦਿ ਨੁਕਤਿਆਂ ਦੁਆਰਾ ਸਮਝਿਆ ਜਾ ਸਕਦਾ ਹੈ। ਇਹ ਨਿਆਂ ਅਤੇ ਸਮਾਨਤਾ ਲਈ ਲੜਾਈ, ਸਮਾਵੇਸ਼ੀ ਆਰਥਿਕ ਵਿਕਾਸ, ਵਧੀਆ ਕੰਮ ਦੇ ਮੌਕੇ ਅਤੇ ਨਿਰਪੱਖ ਕਿਰਤ ਅਭਿਆਸਾਂ ਵਿੱਚ ਦੁਨੀਆ ਭਰ ਦੇ ਮਜ਼ਦੂਰਾਂ ਵਿੱਚ ਏਕਤਾ ਨੂੰ ਉਤਸ਼ਾਹਿਤ ਕਰਦਾ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਿਰਫ਼ ਚੁਣੌਤੀਆਂ ਨੂੰ ਸਵੀਕਾਰ ਕਰਨ ਬਾਰੇ ਨਹੀਂ ਹੈ, ਇਹ ਕੰਮ ਕਰਨ ਵਾਲੇ ਲੋਕਾਂ ਲਈ ਇੱਕ ਬਿਹਤਰ ਭਵਿੱਖ ਦੀ ਕਲਪਨਾ ਕਰਨ ਬਾਰੇ ਵੀ ਹੈ। ਇਹ ਹਰ ਇੱਕ ਨੂੰ ਇੱਕ ਅਜਿਹੀ ਦੁਨੀਆ ਬਣਾਉਣ ਲਈ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ ਜਿੱਥੇ ਹਰ ਕਾਮੇ ਦੀ ਕਦਰ ਕੀਤੀ ਜਾਂਦੀ ਹੈ, ਸੁਰੱਖਿਅਤ ਹੁੰਦਾ ਹੈ ਅਤੇ ਉਸ ਨੂੰ ਵਧਣ-ਫੁੱਲਣ ਦਾ ਮੌਕਾ ਦਿੱਤਾ ਜਾਂਦਾ ਹੈ। ਮਈ ਦਿਵਸ 19ਵੀਂ ਸਦੀ ਦੇ ਅੰਤ ਵਿੱਚ ਮਜ਼ਦੂਰਾਂ ਦੇ ਸੰਘਰਸ਼ ਅਤੇ ਉਸ ਤੋਂ ਬਾਅਦ ਦੇ ਸਸ਼ਕਤੀਕਰਨ ਦਾ ਗਵਾਹ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ ਕਿਉਂਕਿ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਵੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਤਾਂ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵਲੋਂ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿੱਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਹੋਣਾ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਤੇ ਸ਼ਾਅਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼, ਸਪਾਈਜ਼, ਜਾਰਜ ਐਨਗਿਲ ਤੇ ਅਡੋਲਫ ਫਿਸ਼ਰ ਨੂੰ 11 ਨਵੰਬਰ, 1887 ਨੂੰ ਫਾਂਸੀ ਦਿਤੀ ਗਈ। ਫਾਂਸੀ ਵੇਲੇ ਆਗਸਟ ਸਪਾਈਜ਼ ਨੇ ਕਿਹਾ ਕਿ ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ ਪਰ ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿੱਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਵਿਰੁੱਧ ਲੱਗੇ ਦੋਸ਼ ਸਾਬਤ ਹੀ ਨਹੀਂ ਹੋ ਸਕੇ ਸਨ। ਪੂਰੀ ਦੁਨੀਆਂ ਵਿੱਚ ਉਪਰੋਕਤ ਸ਼ਹੀਦਾਂ ਨੂੰ ਯਾਦ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। ਸਾਲ 1919 ਵਿੱਚ ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਇਸ ਸੰਗਠਨ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ ਅਤੇ ਇਸਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ।




ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਕਾਮਿਆਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੌਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਟ੍ਰੇਡ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਵਿਸ਼ਵ ਪੱਧਰ ਤੇ ਫੈਲੇ ਕੋਵਿਡ-19 ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਲੱਗਭੱਗ 40 ਕਰੋੜ ਗਰੀਬੀ ਵਿੱਚ ਫਸ ਸਕਦੇ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਰਿਹਾ ਹੈ। ਸਰਕਾਰ ਵਲੋਂ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜ੍ਹਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਸੀ। ਭਾਰਤ ਵਿੱਚ ਕਿਰਤ ਕਾਨੂੰਨ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਸੁਰੱਖਿਅਤ, ਨਿਰਪੱਖ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਦੀ ਨੀਂਹ ਬਣਾਉਂਦੇ ਹਨ, ਕਿਰਤ ਕਾਨੂੰਨਾਂ ਦੇ ਵਿਕਾਸ ਅਤੇ ਮੌਜੂਦਾ ਢਾਂਚੇ ਨੂੰ ਕਵਰ ਕਰਦਾ ਹੈ। ਭਾਰਤ ਵਿੱਚ ਕਿਰਤ ਕਾਨੂੰਨ ਆਰਥਿਕ ਤਬਦੀਲੀਆਂ ਅਤੇ ਕਾਰਜਬਲ ਵਿਭਿੰਨਤਾ ਦੇ ਅਨੁਕੂਲ ਹੋਣ ਲਈ ਕਾਫ਼ੀ ਵਿਕਸਤ ਹੋਏ ਹਨ। ਭਾਰਤੀ ਸੰਵਿਧਾਨ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਰਾਹੀਂ ਕਿਰਤ ਅਧਿਕਾਰਾਂ ਦਾ ਸਮਰਥਨ ਕਰਦਾ ਹੈ। ਵੱਡੇ ਕਿਰਤ ਸੁਧਾਰਾਂ ਨੇ ਮੌਜੂਦਾ 29 ਕਾਨੂੰਨਾਂ ਨੂੰ ਚਾਰ ਨਵੇਂ ਕੋਡਾਂ ਵਿੱਚ ਜੋੜਿਆ ਜਿਨ੍ਹਾਂ ਵਿੱਚ ਮਜ਼ਦੂਰੀ ਕੋਡ 2019, ਸਮਾਜਿਕ ਸੁਰੱਖਿਆ ਕੋਡ 2020, ਉਦਯੋਗਿਕ ਸੰਬੰਧ ਕੋਡ 2020, ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮ ਕਰਨ ਦੀ ਸਥਿਤੀ ਕੋਡ 2020 ਸ਼ਾਮਲ ਹਨ। ਇਹ ਕੋਡ ਮਜ਼ਦੂਰਾਂ, ਕੰਮ ਦੇ ਘੰਟੇ, ਸੁਰੱਖਿਆ ਨਿਯਮਾਂ, ਉਦਯੋਗਿਕ ਸੰਬੰਧਾਂ ਅਤੇ ਭਵਿੱਖ ਨਿਧੀ ਅਤੇ ਕਰਮਚਾਰੀ ਰਾਜ ਬੀਮਾ ਵਰਗੇ ਲਾਭਾਂ ਨੂੰ ਨਿਯੰਤ੍ਰਿਤ ਕਰਦੇ ਹਨ। ਭਾਰਤ ਵਿੱਚ ਕਿਰਤ ਅਧਿਕਾਰਾਂ ਦਾ ਉਦੇਸ਼ ਹਰੇਕ ਕਰਮਚਾਰੀ ਲਈ ਮਾਣ, ਸਮਾਨਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਭਾਰਤ ਵਿੱਚ ਕਿਰਤ ਅਧਿਕਾਰਾਂ ਦੀ ਗਾਰੰਟੀ ਸੰਵਿਧਾਨਕ ਧਾਰਾਵਾਂ ਅਤੇ ਕਿਰਤ ਕਾਨੂੰਨਾਂ ਰਾਹੀਂ ਦਿੱਤੀ ਜਾਂਦੀ ਹੈ। ਇਸ ਸਬੰਧੀ ਮੁੱਖ ਸੰਵਿਧਾਨਕ ਵਿਵਸਥਾਵਾਂ ਵਿੱਚ ਧਾਰਾ 23 ਅਤੇ 24 ਜੋ ਜ਼ਬਰਦਸਤੀ ਮਜ਼ਦੂਰੀ ਅਤੇ ਬਾਲ ਮਜ਼ਦੂਰੀ ਤੇ ਪਾਬੰਦੀ ਸਬੰਧੀ ਹੈ, ਧਾਰਾ 39 ਜੋ ਬਰਾਬਰ ਕੰਮ ਲਈ ਬਰਾਬਰ ਤਨਖਾਹ, ਧਾਰਾ 41 ਅਤੇ 43 ਕੰਮ ਕਰਨ ਦੇ ਅਧਿਕਾਰ ਅਤੇ ਜੀਵਨ ਭਰ ਦੀ ਉਜਰਤ ਜੋ ਕਿ ਮਾਣ-ਸਨਮਾਨ ਨੂੰ ਯਕੀਨੀ ਬਣਾਉਂਦੀ ਹੈ। ਭਾਰਤ ਮਹੱਤਵਪੂਰਨ ਅੰਤਰਰਾਸ਼ਟਰੀ ਮਜਦੂਰ ਸੰਗਠਨ ਦੀਆਂ ਕਨਵੈਨਸ਼ਨਾਂ ਦਾ ਵੀ ਹਸਤਾਖਰਕਰਤਾ ਹੈ ਜਿਵੇਂ ਕਿ ਸੰਧੀ ਨੰਬਰ 138 ਘੱਟੋ-ਘੱਟ ਉਮਰ ਸਬੰਧੀ ਕਨਵੈਨਸ਼ਨ, ਸੰਧੀ ਨੰਬਰ 182 ਬਾਲ ਮਜ਼ਦੂਰੀ ਦੇ ਸਭ ਤੋਂ ਮਾੜੇ ਰੂਪ ਬਾਰੇ ਹਨ। ਭਾਰਤ ਵਿੱਚ ਮੁੱਖ ਕਿਰਤ ਅਧਿਕਾਰਾਂ ਵਿੱਚ ਨਿਰਪੱਖ ਅਤੇ ਸਮੇਂ ਸਿਰ ਉਜਰਤ ਦਾ ਅਧਿਕਾਰ, ਸੁਰੱਖਿਅਤ ਅਤੇ ਸਿਹਤਮੰਦ ਕਾਰਜ ਸਥਾਨਾਂ ਦਾ ਅਧਿਕਾਰ, ਟਰੇਡ ਯੂਨੀਅਨਾਂ ਬਣਾਉਣ ਅਤੇ ਸ਼ਾਮਲ ਹੋਣ ਦਾ ਅਧਿਕਾਰ, ਸਮਾਜਿਕ ਸੁਰੱਖਿਆ ਲਾਭਾਂ ਦਾ ਅਧਿਕਾਰ, ਕੰਮ ਵਾਲੀ ਥਾਂ ਤੇ ਵਿਤਕਰਾ ਨਾ ਕਰਨ ਦਾ ਅਧਿਕਾਰ ਆਦਿ ਸ਼ਾਮਿਲ ਹਨ। ਭਾਰਤ ਦੇ ਲੱਗਭੱਗ 90ਗ਼ ਕਾਮੇ ਗੈਰ-ਰਸਮੀ ਖੇਤਰ ਵਿੱਚ ਹਨ ਜਿੱਥੇ ਇਹਨਾਂ ਅਧਿਕਾਰਾਂ ਤੱਕ ਪਹੁੰਚ ਸੀਮਤ ਰਹਿੰਦੀ ਹੈ। ਈ-ਸ਼੍ਰਮ ਪੋਰਟਲ, ਪ੍ਰਧਾਨ ਮੰਤਰੀ ਸ਼੍ਰਮਯੋਗੀ ਮਾਨਧਨ ਅਤੇ ਮਨਰੇਗਾ ਵਰਗੀਆਂ ਸਰਕਾਰੀ ਪਹਿਲਕਦਮੀਆਂ ਅਸੰਗਠਿਤ ਕਾਮਿਆਂ ਲਈ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਮਹੱਤਵਪੂਰਨ ਕਦਮ ਹਨ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਿਰਫ਼ ਇੱਕ ਇਤਿਹਾਸਕ ਯਾਦ ਨਹੀਂ ਹੈ ਸਗੋਂ ਇੱਕ ਸਮਕਾਲੀ ਕਾਰਵਾਈ ਦਾ ਸੱਦਾ ਹੈ। ਇਹ ਸਮਾਜਾਂ ਨੂੰ ਕਿਰਤ ਦੇ ਮਾਣ ਦੀ ਕਦਰ ਕਰਨ, ਕਾਮਿਆਂ ਦੇ ਅਧਿਕਾਰਾਂ ਅਤੇ ਯੋਗਦਾਨਾਂ ਨੂੰ ਮਾਨਤਾ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ ਕਿ ਵਿਕਾਸ ਸਾਰਿਆਂ ਨੂੰ ਬਰਾਬਰ ਲਾਭ ਪਹੁੰਚਾਏ। ਜਿਵੇਂ-ਜਿਵੇਂ ਅਸੀਂ ਡਿਜੀਟਲ ਪਰਿਵਰਤਨ ਅਤੇ ਤੇਜ਼ ਆਰਥਿਕ ਤਬਦੀਲੀ ਦੇ ਯੁੱਗ ਵੱਲ ਵੱਧ ਰਹੇ ਹਾਂ ਭਾਰਤ ਅਤੇ ਦੁਨੀਆ ਵਿੱਚ ਕਿਰਤ ਅਧਿਕਾਰਾਂ ਦੀ ਰਾਖੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦਾ ਅੰਦਾਜ਼ਾ ਹੈ ਕਿ ਵਿਸ਼ਵ ਪੱਧਰ ਤੇ 191 ਮਿਲੀਅਨ ਬੇਰੁਜ਼ਗਾਰ ਲੋਕ ਹੋਣਗੇ। ਨੌਜਵਾਨ ਕਾਮਿਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਕੈਰੀਅਰ ਦੇ ਮੌਕਿਆਂ ਨੂੰ ਸੀਮਿਤ ਕਰਦਾ ਹੈ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ਼ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੂਦ ਦੇਸ਼ ਵਿੱਚ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਪਰੰਤੂ ਇਸਦਾ ਲਾਭ ਕਿਸਨੂੰ ਮਿਲਦਾ ਹੈ ਇਹ ਇੱਕ ਵੱਡਾ ਸਵਾਲ ਬਣਿਆਂ ਹੋਇਆ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਰਾਸ਼ਟਰੀ ਪੇਂਡੂ ਰੁਜਗਾਰ ਗਰਾਂਟੀ ਯੋਜਨਾ ਵੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਵੱਧ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਵੀ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਸ਼ਰੀਰਕ ਅਤੇ ਆਰਥਿਕ ਸ਼ੋਸਣ ਹੁੰਦਾ ਹੈ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਦੇ ਮਾੜ੍ਹੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜੀਆਂ ਹਨ। ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਊਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੁਣੀ ਤਨਖਾਹ ਆਦਿ ਦੁਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੇ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਕਾਰਨ ਮਜਦੂਰਾਂ ਦੀਆਂ ਹੋਈਆਂ ਮੌਤਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਮਜਦੂਰਾਂ ਦੀ ਸੁੱਰਖਿਆ ਲਈ ਪੂਰੀ ਤਰਾਂ ਗੰਭੀਰ ਨਹੀਂ ਹਨ। ਭਾਰਤ ਵਿੱਚ ਲੇਬਰ ਮਾਰਕੀਟ ਵਾਧੂ ਕਿਰਤ ਸ਼ਕਤੀ ਤੋਂ ਪ੍ਰੇਸ਼ਾਨ ਹੈ। ਪ੍ਰਾਇਮਰੀ, ਸੈਕੰਡਰੀ ਅਤੇ ਤੀਜੇ ਦਰਜੇ ਦੇ ਖੇਤਰਾਂ ਵਿੱਚੋਂ ਪੈਦਾ ਹੋਣ ਵਾਲੀ ਮਜਦੂਰਾਂ ਦੀ ਮੰਗ ਦੀ ਘਾਟ ਕਾਰਨ ਵੱਡੀ ਗਿਣਤੀ ਵਿੱਚ ਮਜ਼ਦੂਰ ਸਰਪਲੱਸ ਹਨ। ਅਕੁਸ਼ਲ ਮਜ਼ਦੂਰਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਕਿਰਤ ਸ਼ਕਤੀ ਵਿੱਚ ਹੁਨਰ ਨਿਰਮਾਣ ਦੀ ਰਫਤਾਰ ਬਹੁਤ ਹੌਲੀ ਹੈ। ਤਕਨੀਕੀ ਤੌਰ ਤੇ ਪੜ੍ਹੇ-ਲਿਖੇ ਨੌਜਵਾਨਾਂ ਦੀ ਵੱਡੀ ਗਿਣਤੀ ਆਪਣੀ ਤਕਨੀਕੀ ਸਿੱਖਿਆ ਜਿਵੇਂ ਕਿ ਇੰਜੀਨੀਅਰਿੰਗ, ਕਿੱਤਾਮੁਖੀ ਕੋਰਸਾਂ ਆਦਿ ਨੂੰ ਪੂਰਾ ਕਰਨ ਤੋਂ ਬਾਅਦ ਆਪਣੇ ਆਪ ਨੂੰ ਸੈਕੰਡਰੀ ਖੇਤਰ ਵਿੱਚ ਸ਼ਾਮਲ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੀ ਹੈ ਅਤੇ ਭਾਰਤ ਵਿੱਚ ਪੜ੍ਹੇ-ਲਿਖੇ ਬੇਰੁਜ਼ਗਾਰ ਵੀ ਇੱਕ ਵੱਡੀ ਸਮੱਸਿਆ ਹੈ। ਭਾਰਤੀ ਕਿਰਤ ਸ਼ਕਤੀ ਵਿੱਚ ਕੰਮ ਸੱਭਿਆਚਾਰ ਵੀ ਠੀਕ ਨਹੀਂ ਹੈ ਨਤੀਜੇ ਵਜੋਂ ਉਤਪਾਦਨ ਪ੍ਰਣਾਲੀ ਵਿੱਚ ਆਰਥਿਕ ਸਰਪਲੱਸ ਘੱਟ ਰਿਹਾ ਹੈ ਜੋ ਭਵਿੱਖ ਵਿੱਚ ਅਸਿੱਧੇ ਤੌਰ ਤੇ ਇਸਦੀ ਸਮਾਈ ਸਮਰੱਥਾ ਨੂੰ ਸੀਮਤ ਕਰਦਾ ਹੈ। ਭਾਰਤ ਵਿੱਚ ਕੁੱਝ ਉਤਪਾਦਕ ਖੇਤਰਾਂ ਵਿੱਚ ਅਤੇ ਕੁੱਝ ਰਾਜਾਂ ਵਿੱਚ ਟਰੇਡ ਯੂਨੀਅਨਾਂ ਠੀਕ ਕੰਮ ਨਹੀਂ ਕਰ ਰਹੀਆਂ ਹਨ। ਜਨਤਕ ਅਤੇ ਨਿੱਜੀ ਖੇਤਰ ਅਤੇ ਸਰਕਾਰੀ ਪ੍ਰਸ਼ਾਸਨ ਅਤੇ ਸੇਵਾਵਾਂ ਦੇ ਖੇਤਰ ਵਿੱਚ ਵੀ ਕਰਮਚਾਰੀ ਘਟਾਉਣ ਦੀ ਨੀਤੀ ਕਾਰਨ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਸਾਲ 1990 ਦੇ ਦਹਾਕੇ ਦੌਰਾਨ ਦੇਸ਼ ਵਿੱਚ ਸ਼ੁਰੂ ਕੀਤੇ ਗਏ ਆਰਥਿਕ ਸੁਧਾਰਾਂ ਨੇ ਦੇਸ਼ ਦੇ ਆਰਥਿਕ ਦ੍ਰਿਸ਼ ਨੂੰ ਬਦਲ ਦਿੱਤਾ ਹੈ। ਦੇਸ਼ ਲੋੜੀਂਦੇ ਕਿਰਤ ਸੁਧਾਰਾਂ ਨੂੰ ਅਪਣਾਉਣ ਵਿੱਚ ਪੱਛੜ ਰਿਹਾ ਹੈ ਜੋ ਮੌਜੂਦਾ ਸੰਦਰਭ ਵਿੱਚ ਤਰਕਸੰਗਤ ਅਤੇ ਮਹੱਤਵਪੂਰਨ ਹਨ। ਸਰਕਾਰਾਂ ਅਤੇ ਕੰਪਨੀਆਂ ਤਕਨੀਕੀ-ਸੰਚਾਲਿਤ ਭੂਮਿਕਾਵਾਂ ਲਈ ਕਰਮਚਾਰੀਆਂ ਨੂੰ ਤਿਆਰ ਕਰਨ ਲਈ ਸਿਖਲਾਈ ਵਿੱਚ ਨਿਵੇਸ਼ ਕਰ ਸਕਦੀਆਂ ਹਨ। ਅੱਪਡੇਟ ਕੀਤੇ ਕਿਰਤ ਕਾਨੂੰਨ ਆਧੁਨਿਕ ਚੁਣੌਤੀਆਂ ਨੂੰ ਹੱਲ ਕਰ ਸਕਦੇ ਹਨ ਅਤੇ ਸਾਰਿਆਂ ਲਈ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾ ਸਕਦੇ ਹਨ। ਸਰਕਾਰ ਨੂੰ ਦੇਸ਼ ਦੇ ਹਿੱਤਾਂ ਦੇ ਨਾਲ-ਨਾਲ ਆਮ ਤੌਰ ਤੇ ਕਿਰਤ ਸ਼ਕਤੀ ਦੇ ਹਿੱਤਾਂ ਲਈ ਕਿਰਤ ਮੰਡੀ ਵਿੱਚ ਲੋੜੀਂਦੇ ਸੁਧਾਰ ਲਿਆਉਣ ਲਈ ਉਚਿਤ ਨੀਤੀ ਤਿਆਰ ਕਰਨੀ ਚਾਹੀਦੀ ਹੈ। ਅੱਜ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਹਰ ਸਾਲ ਵਾਂਗ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਪਰੰਤੂ ਜਦੋਂ ਤੱਕ ਮਜਦੂਰਾਂ ਦੀਆਂ ਭਲਾਈ ਲਈ ਯੋਗ ਸਕੀਮਾਂ ਬਣਾਈਆਂ ਅਤੇ ਗੰਭੀਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ ਉਦੋਂ ਤੱਕ ਬਹੁਤੇ ਮਜਦੂਰਾਂ ਲਈ 01 ਮਈ ਵੀ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

# 03 ਮਈ ਲਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਇਹ ਜਨਤਕ ਰਾਏ ਨੂੰ ਢਾਲਣ ਦੀ ਅਥਾਹ ਸ਼ਕਤੀ ਰੱਖਦਾ ਹੈ ਅਤੇ ਇਸ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਇਹ ਜਨਤਕ ਹਿੱਤਾਂ ਦਾ ਸਰਪ੍ਰਸਤ ਅਤੇ ਸੂਚਨਾ ਦੇ ਅਧਿਕਾਰ ਦਾ ਰਖਵਾਲਾ ਬਣਕੇ ਰਹੇ। ਪ੍ਰੈਸ ਦੀ ਅਜ਼ਾਦੀ ਹਰ ਲੋਕਤੰਤਰ ਦਾ ਬੁਨਿਆਦੀ ਪਹਿਲੂ ਅਤੇ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਅਜ਼ਾਦੀਆਂ ਦੀ ਗਰੰਟੀ ਦਿੰਦਾ ਹੈ ਪਰੰਤੂ ਕਈ ਵਾਰ ਵੱਖ-ਵੱਖ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੰਸਥਾਵਾਂ ਅਤੇ ਹੋਰ ਦਬਾਅ ਸਮੂਹ ਮੀਡੀਆ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਮੁੱਦਿਆਂ ਤੇ ਸੁਤੰਤਰ ਵਿਚਾਰਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ। ਮੀਡੀਆ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਅਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮੌਜੂਦਾ ਵਿਸ਼ਵ ਵਾਤਾਵਰਣ ਸੰਕਟ ਦੇ ਸੰਦਰਭ ਵਿੱਚ ਪੱਤਰਕਾਰੀ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਮਹੱਤਵ ਨੂੰ ਸਮਰਪਿਤ ਹੈ। ਵਾਤਾਵਰਣ ਸੰਕਟ ਦੇ ਸਾਰੇ ਪਹਿਲੂਆਂ ਅਤੇ ਇਸਦੇ ਨਤੀਜਿਆਂ ਬਾਰੇ ਜਾਗਰੂਕਤਾ ਜਮਹੂਰੀ ਸਮਾਜਾਂ ਦੇ ਨਿਰਮਾਣ ਲਈ ਜ਼ਰੂਰੀ ਹੈ। ਇਸ ਮੰਤਵ ਲਈ ਪੱਤਰਕਾਰਾਂ ਨੂੰ ਸਮਕਾਲੀ ਮੁੱਦਿਆਂ ਜਿਵੇਂ ਕਿ ਜਲਵਾਯੂ, ਉਦਯੋਗ, ਗੈਰ-ਕਾਨੂੰਨੀ ਮਾਈਨਿੰਗ, ਪ੍ਰਦੂਸ਼ਣ, ਜਾਨਵਰਾਂ ਦੀ ਤਸਕਰੀ, ਜੰਗਲਾਂ ਦੀ ਕਟਾਈ ਜਾਂ ਜਲਵਾਯੂ ਪਰਿਵਰਤਨ ਵਰਗੇ ਸਮਕਾਲੀ ਮੁੱਦਿਆਂ ਤੇ ਜਾਣਕਾਰੀ ਪ੍ਰਾਪਤ ਕਰਨ ਅਤੇ ਪ੍ਰਸਾਰਿਤ ਕਰਨ ਵਿੱਚ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਸ਼ਵ ਵਿੱਚ ਸ਼ਾਂਤੀ ਅਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਇਹਨਾਂ ਮੁੱਦਿਆਂ ਦੀ ਦਿੱਖ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ। ਸਾਲ 1948 ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਵਿਚ ਚਾਰ ਬੁਨਿਆਦੀ ਅਜ਼ਾਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਬੋਲਣ ਦੀ ਅਜ਼ਾਦੀ, ਵਿਸ਼ਵਾਸ ਦੀ ਅਜ਼ਾਦੀ, ਡਰ ਤੋਂ ਅਜ਼ਾਦੀ ਆਦਿ ਸ਼ਾਮਿਲ ਹੈ। ਬੋਲਣ ਦੀ ਅਜ਼ਾਦੀ ਪਹਿਲਾਂ ਆਉਂਦੀ ਹੈ ਕਿਉਂਕਿ ਇਹ ਬੁਨਿਆਦੀ ਅਜ਼ਾਦੀ ਹੈ ਜੋ ਬਾਕੀ ਸਾਰਿਆਂ ਨੂੰ ਅਜ਼ਾਦੀ ਦੇ ਸਮਰੱਥ ਬਣਾਉਂਦੀ ਹੈ।

ਵਿਸ਼ਵਵਿਆਪੀ ਘੋਸ਼ਣਾ ਪੱਤਰ ਵਿੱਚ ਵਿਚਾਰਾਂ ਅਤੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਧਾਰਾ 19 ਵਿੱਚ ਕਿਸੇ ਵੀ ਮੀਡੀਆ ਦੁਆਰਾ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦੇ ਅਧਿਕਾਰ ਵਜੋਂ ਹੋਰ ਵਿਸਥਾਰ ਵਿੱਚ ਦੱਸਿਆ ਗਿਆ ਹੈ। ਇਸ ਘੋਸ਼ਣਾ ਪੱਤਰ ਨੂੰ ਅਪਣਾਏ ਜਾਣ ਤੋਂ ਬਾਦ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੇ ਅਧਿਕਾਰ ਦੀ ਪੁਸ਼ਟੀ ਕਈ ਅੰਤਰ-ਰਾਸ਼ਟਰੀ ਸਾਧਨਾਂ ਵਿੱਚ ਕੀਤੀ ਅਤੇ ਦਰਜ ਕੀਤੀ ਗਈ ਹੈ। ਇਸ ਲਈ ਸਿਵਲ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ 1966 ਦਾ ਅੰਤਰਰਾਸ਼ਟਰੀ ਇਕਰਾਰਨਾਮਾ, ਬਾਲ ਅਧਿਕਾਰਾਂ ਬਾਰੇ 1989 ਦੀ ਕਨਵੈਨਸ਼ਨ, 2006 ਵਿੱਚ ਦਿਵਿਆਂਗਜਨ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਕਨਵੈਨਸ਼ਨ ਅਤੇ ਕਈ ਹੋਰ ਵਿਸ਼ਵ ਪੱਧਰੀ ਅਤੇ ਖੇਤਰੀ ਮਿਆਰ ਸ਼ਾਮਿਲ ਹਨ। ਮਨੁੱਖੀ ਅਧਿਕਾਰਾਂ ਲਈ ਇੱਕ ਸਮਰਥਕ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੇ ਕਾਰਜ ਨੂੰ ਸੰਯੁਕਤ ਰਾਸ਼ਟਰ ਸੰਧੀ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਸਾਧਨਾਂ ਦੇ ਇੰਚਾਰਜ ਕਮੇਟੀਆਂ ਦੁਆਰਾ ਹੋਰ ਖੋਜਿਆ ਗਿਆ ਹੈ ਜਿਨ੍ਹਾਂ ਨੇ ਇਸ ਸਬੰਧੀ ਆਪਣੀ ਵਿਆਖਿਆ ਪ੍ਰਕਾਸ਼ਿਤ ਕੀਤੀ ਹੈ। ਘੱਟ ਗਿਣਤੀਆਂ ਅਤੇ ਹਾਸ਼ੀਏ ਤੇ ਰਹਿੰਦੇ ਲੋਕਾਂ ਦੇ ਅਧਿਕਾਰਾਂ ਦੀ ਲੜਾਈ ਹਰ ਕਿਸਮ ਦੇ ਵਿਤਕਰੇ ਦਾ ਮੁਕਾਬਲਾ ਕਰਨ, ਵਿਭਿੰਨ ਨਾਗਰਿਕ ਸਥਾਨਾਂ ਦੇ ਨਿਰਮਾਣ ਲਈ ਅਤੇ ਲਚਕੀਲੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਲਾਜ਼ਮੀ ਹਨ। ਪ੍ਰੈਸ ਅਜ਼ਾਦੀ ਸੂਚਕਾਂਕ ਹਰ ਸਾਲ 'ਰਿ-ਪੋਰਟਰਜ਼ ਵਿਦਾਊਟ ਬਾਰਡਰਜ਼'ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਪੱਤਰਕਾਰਾਂ ਨੂੰ ਉਪਲਬੱਧ ਅਜ਼ਾਦੀ ਦੇ ਆਧਾਰ ਤੇ ਦੇਸ਼ਾਂ ਨੂੰ ਦਰਜਾ ਦਿੰਦਾ ਹੈ। ਪ੍ਰੈਸ ਅਜ਼ਾਦੀ ਸੂਚਕਾਂਕ ਰਿਪੋਰਟ 2024 ਵਿੱਚ ਚਿੰਤਾਜਨਕ ਰੁਝਾਨ ਦਿਖਾਈ ਦਿੱਤੇ ਹਨ। 2024 ਸੂਚਕਾਂਕ ਵਿੱਚ 180 ਦੇਸ਼ਾਂ ਵਿੱਚੋਂ ਭਾਰਤ 159ਵੇਂ ਸਥਾਨ ਤੇ ਹੈ। ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਪ੍ਰੈਸ ਅਜ਼ਾਦੀ ਸੂਚਕਾਂਕ ਵੱਲ ਵਿਸ਼ੇਸ਼ ਧਿਆਨ ਖਿੱਚਦਾ ਹੈ। ਪ੍ਰੈਸ ਅਜ਼ਾਦੀ ਸੂਚਕਾਂਕ ਦੁਆਰਾ ਮੁਲਾਂਕਣ ਕੀਤੇ ਗਏ ਦੇਸ਼ਾਂ ਵਿੱਚੋਂ ਜ਼ਿਆਦਾਤਰ ਉੱਤਰਦਾਤਾਵਾਂ ਨੇ ਰਿਪੋਰਟ ਕੀਤੀ ਕਿ ਉਨ੍ਹਾਂ ਦੇ ਦੇਸ਼ ਵਿੱਚ ਰਾਜਨੀਤਿਕ ਅਦਾਕਾਰ ਅਕਸਰ ਜਾਂ ਯੋਜਨਾਬੱਧ ਢੰਗ ਨਾਲ ਵੱਡੇ ਪੱਧਰ ਤੇ ਗੱਲਤ ਜਾਣਕਾਰੀ ਜਾਂ ਪ੍ਰਚਾਰ ਮੁਹਿੰਮਾਂ ਵਿੱਚ ਸ਼ਾਮਲ ਸਨ, ਸੱਚੇ-ਝੂਠੇ, ਅਸਲੀ ਤੇ ਨਕਲੀ ਵਿਚਲਾ ਫਰਕ ਧੁੰਦਲਾ ਕੀਤਾ ਜਾ ਰਿਹਾ ਹੈ, ਸੂਚਨਾ ਦੇ ਅਧਿਕਾਰ ਨੂੰ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ, ਤੱਥਾਂ ਨਾਲ ਛੇੜਛਾੜ ਕਰਨ ਦੀ ਬੇਮਿਸਾਲ ਯੋਗਤਾ ਦੀ ਵਰਤੋਂ ਲੋਕਾਂ ਨੂੰ ਕਮਜ਼ੋਰ ਕਰਨ ਲਈ ਕੀਤੀ ਜਾ ਰਹੀ ਹੈ।

ਹਰ ਸਾਲ ਯੂਨੈਸਕੋ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਉਣ ਲਈ ਇੱਕ ਗਲੋਬਲ ਕਾਨਫਰੰਸ ਦਾ ਆਯੋਜਨ ਕਰਦਾ ਹੈ। ਇਸ ਸਾਲ ਇਹ ਕਾਨਫਰੰਸ 5 ਤੋਂ 7 ਮਈ ਤੱਕ ਬ੍ਰਸੇਲਜ਼ ਵਿੱਚ ਹੋਵੇਗੀ ਜਿਸ ਵਿੱਚ ਪੱਤਰਕਾਰੀ ਵਿੱਚ 'ਆਰਟੀਫੀਸ਼ੀਅਲ ਇੰਟੈਲੀਜੈਂਸ' ਦੀ ਪ੍ਰਵਰਤਨਸ਼ੀਲ ਭੂਮਿਕਾ ਅਤੇ ਮੀਡੀਆ ਅਜ਼ਾਦੀ ਲਈ ਇਸਦੇ ਪ੍ਰਭਾਵਾਂ ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਸਾਲ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਗਲੋਬਲ ਸਮਾਰੋਹ ਪੱਤਰਕਾਰੀ ਅਤੇ ਮੀਡੀਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਡੂੰਘੇ ਪ੍ਰਭਾਵ ਤੇ ਕੇਂਦ੍ਰਿਤ ਕਰੇਗਾ ''ਬ੍ਰੇਵ ਨਿਊ ਵਰਲਡ ਵਿੱਚ ਰਿਪੋਰਟਿੰਗ-ਪ੍ਰੈਸ ਅਜ਼ਾਦੀ ਅਤੇ ਮੀਡੀਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ।' ਇਹ ਥੀਮ ਆਧੁਨਿਕ ਪੱਤਰਕਾਰੀ ਵਿੱਚ ਏਆਈ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕਰਦਾ ਹੈ। ਇਸ ਥੀਮ ਦੇ ਨਾਲ ਅੰਤਰਰਾਸ਼ਟਰੀ ਪ੍ਰੈਸ ਅਜ਼ਾਦੀ ਦਿਵਸ ਵਧਦੇ ਏਆਈ-ਨਿਯੰਤ੍ਰਿਤ ਡਿਜੀਟਲ ਵਾਤਾਵਰਣਾਂ ਦੇ ਅੰਦਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਦੀ ਤੁਰੰਤ ਲੋੜ ਦੀ ਮੰਗ ਕਰਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਤਿਆਰ ਗੱਲਤ ਜਾਣਕਾਰੀ, ਜਾਅਲੀ ਤਕਨਾਲੋਜੀ, ਪੱਖਪਾਤੀ ਸਮੱਗਰੀ ਸੰਚਾਲਨ ਅਤੇ ਪੱਤਰਕਾਰਾਂ ਲਈ ਨਿਗਰਾਨੀ ਖਤਰੇ ਸ਼ਾਮਲ ਹਨ। ਇਹ ਸਮਾਗਮ ਇਨ੍ਹਾਂ ਗੁੰਝਲਦਾਰ ਮੁੱਦਿਆਂ ਦੀ ਪੜਚੋਲ ਕਰੇਗਾ, ਪੱਤਰਕਾਰਾਂ, ਨੀਤੀ ਨਿਰਮਾਤਾਵਾਂ, ਮੀਡੀਆ ਪੇਸ਼ੇਵਰਾਂ ਅਤੇ ਸਿਵਲ ਸੋਸਾਇਟੀ ਦੇ ਅਦਾਕਾਰਾਂ ਨੂੰ ਇਕੱਠੇ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਏਆਈ ਪ੍ਰੈਸ ਦੀ ਅਜ਼ਾਦੀ ਅਤੇ ਲੋਕਤੰਤਰੀ




ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨ ਦੀ ਬਜਾਏ ਮਜ਼ਬੂਤ ਕਰੇ। ਭਾਰਤੀ ਮੀਡੀਆ ਦਾ ਲੈਂਡਸਕੇਪ ਵਿਸ਼ਾਲ ਹੈ ਅਤੇ ਇਸ ਵਿੱਚ ਲੱਗਭੱਗ 140000 ਅਖਬਾਰਾਂ ਅਤੇ ਲੱਗਭੱਗ 380 ਟੀਵੀ ਨਿਊਜ਼ ਚੈਨਲ ਹਨ ਪਰ ਮੀਡੀਆ ਆਉਟਲੈਟਾਂ ਦੀ ਬਹੁਤਾਤ ਮਲਕੀਅਤ ਦੇ ਕੇਂਦਰੀਕਰਨ ਵੱਲ ਰੁਝਾਨਾਂ ਨੂੰ ਛੁਪਾਉਂਦੀ ਹੈ। ਪ੍ਰਮੁੱਖ ਭਾਸ਼ਾ ਹਿੰਦੀ ਵਿੱਚ ਚਾਰ ਅਖ਼ਬਾਰਾਂ ਦੇ ਤਿੰਨ ਚੌਥਾਈ ਪਾਠਕ ਹਨ। ਮੂਲ ਰੂਪ ਵਿੱਚ ਬਸਤੀਵਾਦ ਵਿਰੋਧੀ ਲਹਿਰ ਦਾ ਇੱਕ ਉਤਪਾਦ ਭਾਰਤੀ ਪ੍ਰੈਸ ਨੂੰ ਪ੍ਰਗਤੀਸ਼ੀਲ ਵਜੋਂ ਦੇਖਿਆ ਜਾਂਦਾ ਸੀ ਪਰ ਹੋਲੀ-ਹੋਲੀ ਚੀਜਾਂ ਮੂਲ ਰੂਪ ਵਿੱਚ ਬਦਲ ਗਈਆਂ ਜਦੋਂ ਸੱਤਾਧਾਰੀ ਪਾਰਟੀਆਂ ਅਤੇ ਮੀਡੀਆ ਤੇ ਹਾਵੀ ਪਰਿਵਾਰਾਂ ਵਿਚਕਾਰ ਸ਼ਾਨਦਾਰ ਤਾਲਮੇਲ ਪੈਦਾ ਹੋ ਗਿਆ ਹੈ। ਵਪਾਰਿਕ ਇਸ਼ਤਿਹਾਰ ਜਾਣਕਾਰੀ ਦਾ ਵੀ ਇੱਕ ਰੂਪ ਹੈ। ਇਸ਼ਤਿਹਾਰਾਂ ਦੇ ਰਵੱਈਏ ਅਤੇ ਤਰੀਕੇ ਅਕਸਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਮੀਡੀਆ ਨੂੰ ਕੋਈ ਵੀ ਗੈਰ-ਕਾਨੂੰਨੀ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਕਰਨਾ ਚਾਹੀਦਾ ਹੈ ਜਿਸਦਾ ਸਮਾਜ ਨੂੰ ਨੁਕਸਾਨ ਹੁੰਦਾ ਹੋਵੇ। ਸਾਬਕਾ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਸੀ ਕਿ ਫਰਜ਼ੀ ਖਬਰਾਂ ਦੇ 1100 ਤੋਂ ਵੱਧ ਮਾਮਲੇ ਸਾਹਮਣੇ ਆਏ ਅਤੇ ਪੀ।ਆਈ।ਬੀ। ਨੇ 37000 ਤੋਂ ਵੱਧ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਸਰਕਾਰ ਦੀ ਆਲੋਚਨਾ ਕਰਨ ਵਾਲੇ ਬਹੁਤੇ ਪੱਤਰਕਾਰਾਂ ਨੂੰ ਪ੍ਰੇਸ਼ਾਨੀ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਪੱਤਰਕਾਰ ਸਰਕਾਰ ਦੀ ਆਲੋਚਨਾ ਕਰਦੇ ਹਨ ਉਨ੍ਹਾਂ ਨੂੰ ਅਕਸਰ ਹੀ ਰਾਸ਼ਟਰ ਵਿਰੋਧੀ ਕਿਹਾ ਜਾਂਦਾ ਹੈ ਅਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਸਰਕਾਰ ਵਲੋਂ ਮੀਡੀਆ ਸੰਸਥਾਵਾਂ ਪ੍ਰੈਸ ਕੌਂਸਲ ਆਫ਼ ਇੰਡੀਆ ਅਤੇ ਇਲੈਕਟਰਾਨਿਕ ਮੀਡੀਆ ਨਿਗਰਾਨੀ ਕੇਂਦਰ ਤੇ ਗੈਰ ਜਰੂਰੀ ਦਖਲਅੰਦਾਜੀ ਕਰਕੇ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਨਿਊਯਾਰਕ ਅਧਾਰਤ 'ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਨੇ 1400 ਤੋਂ ਵੱਧ ਪੱਤਰਕਾਰਾਂ ਨੂੰ ਦਰਜ ਕੀਤਾ ਹੈ ਜੋ ਉਹਨਾਂ ਦੇ ਕੰਮ ਲਈ ਬਦਲਾ ਲੈਣ ਲਈ ਮਾਰੇ ਗਏ ਸਨ ਅਤੇ ਹੋਰ 560 ਪੱਤਰਕਾਰ ਮਾਰੇ ਗਏ ਹਨ। ਸੀਰੀਆ ਵਿੱਚ ਸੰਘਰਸ਼ ਅਤੇ ਸੋਮਾਲੀਆ ਵਿੱਚ ਗੋਲੀਬਾਰੀ ਕਾਰਨ 100 ਤੋਂ ਵੱਧ ਪੱਤਰਕਾਰ ਮਾਰੇ ਗਏ। ਪਿਛਲੇ ਤਿੰਨ ਦਹਾਕਿਆਂ ਦੌਰਾਨ ਮਾਰੇ ਗਏ ਪੱਤਰਕਾਰਾਂ ਵਿੱਚੋਂ ਇੱਕ ਚੌਥਾਈ ਤੋਂ ਵੱਧ ਦੀ ਮੌਤ ਸਿਰਫ਼ ਤਿੰਨ ਦੇਸ਼ਾਂ ਇਰਾਕ, ਸੀਰੀਆ ਅਤੇ ਫਿਲੀਪੀਨਜ਼ ਵਿੱਚ ਹੀ ਹੋਈ ਹੈ।

ਮਹਿਲਾ ਪੱਤਰਕਾਰਾਂ ਨੂੰ ਹੋਰ ਵੀ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਅਤੇ ਯੂਨੈਸਕੋ ਦੇ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ ਲੱਗਭੱਗ ਤਿੰਨ-ਚੌਥਾਈ ਮਹਿਲਾ ਪੱਤਰਕਾਰਾਂ ਨੇ ਆਨਲਾਈਨ ਧਮਕੀਆਂ ਦਾ ਅਨੁਭਵ ਕੀਤਾ ਹੈ, ਲੱਗਭੱਗ 50 ਪ੍ਰਤੀਸ਼ਤ ਮਹਿਲਾ ਪੱਤਰਕਾਰਾਂ ਨਾਲ ਨਫ਼ਰਤ ਭਰੀ ਭਾਸ਼ਾ ਦੁਆਰਾ ਦੁਰਵਿਵਹਾਰ ਕੀਤਾ ਗਿਆ ਅਤੇ ਇੱਕ ਚੌਥਾਈ ਨੂੰ ਸ਼ਰੀਰਕ ਹਿੰਸਾ ਦੀਆਂ ਧਮਕੀਆਂ ਮਿਲੀਆਂ ਹਨ। ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਕਾਇਮ ਰੱਖੀ ਹੋਈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ ਅਤੇ ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਭਾਰਤੀ ਮੀਡੀਆ ਅਕਸਰ ਹੀ ਅਜ਼ਾਦ ਰਿਹਾ ਹੈ, ਜੋਸ਼ੀਲਾ ਅਤੇ ਦੇਸ਼ ਦੀ ਏਕਤਾ ਅਤੇ ਵਿਭਿੰਨਤਾ ਨੂੰ ਦਰਸਾਉਂਦਾ ਰਿਹਾ ਹੈ। ਦੇਸ਼ ਵਿੱਚ ਐਮਰਜੈਂਸੀ ਦੇ ਕਾਲੇ ਦੌਰ ਦੌਰਾਨ ਵੀ ਪ੍ਰਿੰਟ ਮੀਡੀਆ ਰਾਜਨੀਤਿਕ ਦਬਾਅ, ਪਾਬੰਦੀਆਂ ਵਾਲੇ ਕਾਨੂੰਨਾਂ ਅਤੇ ਐਮਰਜੈਂਸੀ ਦੇ ਸਮੇਂ ਦੌਰਾਨ ਐਲਾਨਾਂ ਵਰਗੀਆਂ ਕਈ ਤਰ੍ਹਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਜੀਵਿਤ ਅਤੇ ਸਰਗਰਮ ਰਿਹਾ। ਪਿਛਲੇ ਕੁੱਝ ਸਾਲਾਂ ਵਿੱਚ ਮੀਡੀਆ ਲਈ ਪੇਸ਼ੇਵਰ ਵਜੋਂ ਕੰਮ ਕਰਨਾ ਬਹੁਤ ਚੁਣੌਤੀਪੂਰਨ ਹੋ ਗਿਆ ਹੈ।

ਬਹੁਤ ਜ਼ਿਆਦਾ ਕੰਮ ਦਾ ਦਬਾਅ, ਸਮੇਂ ਦੀਆਂ ਪਾਬੰਦੀਆਂ, ਬਚਣ ਲਈ ਮੁਕਾਬਲਾ, ਪੇਡ ਨਿਊਜ਼ ਦੀ ਸੰਸਕ੍ਰਿਤੀ ਅਤੇ ਮੀਡੀਆ ਹਾਊਸਾਂ ਦੁਆਰਾ ਆਪਣੇ ਬਚਾਅ ਲਈ ਅਪਣਾਏ ਗਏ ਇਸ਼ਤਿਹਾਰਾਂ ਨੇ ਅਖ਼ਬਾਰਾਂ ਦੀ ਅਖੰਡਤਾ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਮੀਡੀਆ ਦਾ ਕਾਰਪੋਰੇਟੀਕਰਨ ਜੋ ਜਨਤਾ ਦੇ ਮਨਾਂ ਅਤੇ ਸੋਚ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਸਲ ਵਿੱਚ ਕਿਸੇ ਵੀ ਲੋਕਤੰਤਰ ਲਈ ਬਹੁਤ ਖ਼ਤਰਨਾਕ ਹੈ ਅਤੇ ਮੀਡੀਆ ਦੀ ਅਜ਼ਾਦੀ ਨਾਲ ਸਮਝੌਤਾ ਕਰ ਸਕਦਾ ਹੈ ਅਤੇ ਅੱਜ ਦੇ ਮੁਕਾਬਲੇ ਵਾਲੀ ਦੁਨੀਆ ਵਿੱਚ ਮੀਡੀਆ ਨੂੰ ਦਰਪੇਸ਼ ਚੁਣੌਤੀਆਂ ਵਿੱਚੋਂ ਇੱਕ ਹੈ। ਖ਼ਬਰਾਂ ਦੀ ਸਮੱਗਰੀ ਵਿੱਚ ਕਾਰਪੋਰੇਟ ਦਖਲਅੰਦਾਜ਼ੀ ਖ਼ਬਰਾਂ ਦੀ ਤੱਥਾਂ ਦੀ ਪੇਸ਼ਕਾਰੀ ਵਿੱਚ ਦਖਲਅੰਦਾਜ਼ੀ ਦਾ ਕਾਰਨ ਬਣ ਸਕਦੀ ਹੈ ਜੋ ਨਾ ਸਿਰਫ ਪੱਤਰਕਾਰੀ ਨੈਤਿਕਤਾ ਅਤੇ ਕਦਰਾਂ-ਕੀਮਤਾਂ ਦੀ ਨਿੰਦਾ ਕਰਦੀ ਹੈ ਸਗੋਂ ਲੋਕਾਂ ਦੇ ਸੂਚਿਤ ਹੋਣ ਦੇ ਅਧਿਕਾਰ ਦੀ ਵੀ ਉਲੰਘਣਾ ਕਰਦੀ ਹੈ। ਮੀਡੀਆ ਦੀ ਅਜ਼ਾਦੀ ਲਈ ਸਭ ਤੋਂ ਨਿਰਾਸ਼ਾਜਨਕ ਅਤੇ ਚਿੰਤਾਜਨਕ ਖ਼ਤਰਾ ਪੱਤਰਕਾਰਾਂ, ਫੋਟੋ- ਪੱਤਰਕਾਰਾਂ ਅਤੇ ਮੀਡੀਆ ਕਰਮਚਾਰੀਆਂ ਦੀ ਜ਼ਿੰਦਗੀ ਅਤੇ ਅਜ਼ਾਦੀ ਲਈ ਖ਼ਤਰਾ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ ਜਨਵਰੀ 1992 ਤੋਂ ਅਪ੍ਰੈਲ 2015 ਤੱਕ ਦੁਨੀਆ ਭਰ ਵਿੱਚ 1124 ਪੱਤਰਕਾਰ ਮਾਰੇ ਗਏ ਸਨ ਅਤੇ ਭਾਰਤ ਵਿੱਚ ਇਸ ਸਮੇਂ ਦੌਰਾਨ 56 ਪੱਤਰਕਾਰ ਅਤੇ ਤਿੰਨ ਮੀਡੀਆ ਕਰਮਚਾਰੀ ਮਾਰੇ ਗਏ ਸਨ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਇੱਕ ਕਾਨੂੰਨੀ ਅਰਧ-ਨਿਆਂਇਕ ਖੁਦਮੁਖਤਿਆਰ ਅਥਾਰਟੀ ਹੈ ਜੋ 1979 ਵਿੱਚ ਪ੍ਰੈਸ ਕੌਂਸਲ ਐਕਟ 1978 ਤਹਿਤ ਦੁਬਾਰਾ ਸਥਾਪਿਤ ਕੀਤੀ ਗਈ ਸੀ ਜਿਸ ਦੇ ਦੋ-ਪੱਖੀ ਉਦੇਸ਼ ਪ੍ਰੈਸ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਣਾ ਅਤੇ ਭਾਰਤ ਵਿੱਚ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਦੇ ਮਿਆਰਾਂ ਨੂੰ ਬਣਾਈ ਰੱਖਣਾ ਅਤੇ ਸੁਧਾਰਨਾ ਹੈ। ਇਸਦੀ ਸਥਾਪਨਾ ਪਹਿਲੀ ਵਾਰ 1966 ਵਿੱਚ ਇੰਡੀਅਨ ਪ੍ਰੈਸ ਕੌਂਸਲ ਐਕਟ 1965 ਦੇ ਤਹਿਤ ਪਹਿਲੇ ਪ੍ਰੈਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਦੋਹਰੇ ਉਦੇਸ਼ਾਂ ਨਾਲ ਕੀਤੀ ਗਈ ਸੀ। ਐਮਰਜੈਂਸੀ ਦੌਰਾਨ ਪ੍ਰੈਸ ਕੌਂਸਲ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਪ੍ਰੈਸ ਕੌਂਸਲ ਐਕਟ 1978 ਦੇ ਤਹਿਤ 1979 ਵਿੱਚ ਪ੍ਰੈਸ ਕੌਂਸਲ ਦੀ ਮੁੜ ਸਥਾਪਨਾ ਕੀਤੀ ਗਈ ਸੀ। ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਉਦੇਸ਼ ਪ੍ਰੈਸ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਣਾ ਅਤੇ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਦੇ ਮਿਆਰਾਂ ਨੂੰ ਬਣਾਈ ਰੱਖਣਾ ਅਤੇ ਸੁਧਾਰਨਾ ਹੈ। ਦੇਸ਼ ਵਿੱਚ ਐਮਰਜੈਂਸੀ ਦੌਰਾਨ ਪਤਰਕਾਰਿਤਾ ਇੱਕ ਵਾਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ ਪਰੰਤੂ ਹੌਲੀ-ਹੌਲੀ ਪਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ ਛੇ ਮੈਂਬਰੀ ਸਬ-ਕਮੇਟੀ ਬਣਾਈ ਗਈ ਅਤੇ ਇਹ ਕਮੇਟੀ ਦੇਸ਼ ਦੇ ਉਹਨਾਂ ਗਿਆਰਾ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ ਹੈ। ਟੀਆਰਪੀ ਲਈ ਮੀਡੀਆ ਦੀ ਦੁਰਵਰਤੋਂ ਕਰਨਾ, ਰਾਜਨੀਤਿਕ ਲਾਭ, ਗੱਲਤ ਪ੍ਰਚਾਰ ਫੈਲਾਉਣਾ ਆਦਿ ਭਾਰਤੀ ਮੀਡੀਆ ਉਦਯੋਗ ਲਈ ਗੰਭੀਰ ਚੁਣੌਤੀਆਂ ਹਨ। ਪ੍ਰੈਸ ਦੀ ਅਜ਼ਾਦੀ ਹਰ ਲੋਕਤੰਤਰੀ ਸਮਾਜ ਦਾ ਇੱਕ ਬੁਨਿਆਦੀ ਪਹਿਲੂ ਹੈ ਅਤੇ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਅਜ਼ਾਦੀਆਂ ਦੀ ਗਰੰਟੀ ਦਿੰਦਾ ਹੈ ਹਾਲਾਂਕਿ ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਅਧਿਕਾਰੀ, ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੰਗਠਨ ਅਤੇ ਹੋਰ ਦਬਾਅ ਸਮੂਹ ਅਕਸਰ ਪ੍ਰੈਸ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਤੇ ਇਸਦੇ ਸੁਤੰਤਰ ਵਿਚਾਰਾਂ ਨੂੰ ਚੁੱਪ ਕਰਵਾਇਆ ਜਾ ਸਕੇ। ਉਹ ਪੱਤਰਕਾਰਾਂ ਨੂੰ ਖ਼ਬਰਾਂ ਕਵਰ ਕਰਨ ਤੋਂ ਰੋਕਣ, ਪ੍ਰੈਸ ਕਰਮਚਾਰੀਆਂ ਨੂੰ ਧਮਕੀਆਂ ਦੇਣ ਜਾਂ ਸਰੀਰਕ ਤੌਰ ਤੇ ਹਮਲਾ ਕਰਨ ਜਾਂ ਪ੍ਰੈਸ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੁਆਰਾ ਇਹ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਪ੍ਰੈਸ ਤੇ ਛਾਪੇਮਾਰੀ ਕਰਨਾ ਜਾਂ ਅਖਬਾਰਾਂ ਦੇ ਪ੍ਰਸਾਰਣ ਵਿੱਚ ਰੁਕਾਵਟ ਪਾਉਣਾ ਹੋਰ ਰਣਨੀਤੀਆਂ ਹਨ ਜੋ ਪ੍ਰੈਸ ਦੇ ਸੁਚਾਰੂ ਕੰਮਕਾਜ ਵਿੱਚ ਰੁਕਾਵਟ ਪਾ ਸਕਦੀਆਂ ਹਨ। ਪ੍ਰੈਸ ਦੀ ਅਜ਼ਾਦੀ ਨੂੰ ਅਜਿਹੇ ਪ੍ਰਭਾਵਾਂ ਤੋਂ ਬਚਾਉਣ ਲਈ ਕੌਂਸਲ ਪ੍ਰੈਸ ਦੁਆਰਾ ਦਾਇਰ ਸ਼ਿਕਾਇਤਾਂ ਪ੍ਰਾਪਤ ਕਰਦੀ ਹੈ ਅਤੇ ਉਨ੍ਹਾਂ ਦਾ ਨਿਰਣਾ ਕਰਦੀ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਤਿਮਾਹੀ ਜਰਨਲ ''ਦਾ ਪੀ।ਸੀ।ਆਈ। ਰਿਵਿਊ' ਦੇ ਜੁਲਾਈ ਅੰਕ ਜੋ ਕਿ 1 ਅਪ੍ਰੈਲ ਤੋਂ 30 ਜੂਨ 2024 ਲਈ ਹੈ ਅਨੁਸਾਰ ਤਿਮਾਹੀ ਦੌਰਾਨ ਕੌਂਸਲ ਕੋਲ ਕੁੱਲ 282 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ 48 ਸ਼ਿਕਾਇਤਾਂ ਪ੍ਰੈਸ ਦੁਆਰਾ ਸਮਾਜ ਵਿਰੋਧੀ ਤੱਤਾਂ ਅਤੇ ਅਧਿਕਾਰੀਆਂ ਵਿਰੁੱਧ ਪ੍ਰੈਸ ਦੀ ਅਜ਼ਾਦੀ ਦੀ ਉਲੰਘਣਾ ਲਈ ਦਰਜ ਕੀਤੀਆਂ ਗਈਆਂ ਸਨ ਅਤੇ ਪੱਤਰਕਾਰੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ 234 ਮਾਮਲੇ ਦਰਜ ਕੀਤੇ ਗਏ ਸਨ।

ਕੌਂਸਲ ਨੇ ਪ੍ਰੈਸ ਦੀ ਅਜ਼ਾਦੀ ਨਾਲ ਸਬੰਧਤ 5 ਘਟਨਾਵਾਂ ਵਿੱਚ ਆਪਣੇ ਆਪ ਕਾਰਵਾਈ ਵੀ ਕੀਤੀ ਸੀ। ਭਾਰਤ ਸਰਕਾਰ ਦੁਨੀਆ ਵਿੱਚ ਸਭ ਤੋਂ ਵੱਧ ਨੈੱਟਵਰਕ ਬੰਦ ਕਰਨ ਦਾ ਆਦੇਸ਼ ਦੇਣ ਲਈ ਜ਼ਿੰਮੇਵਾਰ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਸਰਕਾਰ ਨੇ ਕਈ ਵਾਰ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਨੂੰ ਮੁਅੱਤਲ ਕੀਤਾ ਅਤੇ ਆਈਟੀ ਕਾਨੂੰਨ ਅਧੀਨ ਰਾਸ਼ਟਰੀ ਸੁਰੱਖਿਆ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਕਈ ਯੂਟਿਊਬ ਚੈਨਲਾਂ ਤੇ ਪਾਬੰਦੀ ਲਗਾ ਦਿੱਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਨੇ ਕੁੱਝ ਮੀਡੀਆ ਹਾਊਸਾਂ ਜਾਂ ਅਖਬਾਰਾਂ ਦੇ ਦਫਤਰਾਂ ਅਤੇ ਪੱਤਰਕਾਰਾਂ ਦੇ ਘਰਾਂ ਤੇ ਛਾਪੇ ਮਾਰੇ ਜੋ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਦੀ ਆਲੋਚਨਾ ਕਰਦੇ ਸਨ। ਸਰਕਾਰ ਦੁਆਰਾ ਕੁੱਝ ਵਿਦੇਸ਼ੀ ਪੱਤਰਕਾਰਾਂ ਨੂੰ ਮੰਤਰਾਲਿਆਂ ਦੀ ਆਲੋਚਨਾਤਮਕ ਰਿਪੋਰਟਾਂ ਦੀ ਵਿਆਖਿਆ ਕਰਨ ਲਈ ਤਲਬ ਕੀਤਾ ਗਿਆ ਹੈ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਤਮਕ ਰਵਈਏ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਅਤੇ ਰਾਜਨੇਤਾਵਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ।

ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਸਰਕਾਰੀ ਨੀਤੀਆਂ ਅਤੇ ਫੈਸਲਿਆਂ ਦੀ ਆਲੋਚਨਾ ਕਰਨ, ਲੇਖਾ-ਜੋਖਾ ਕਰਨ ਦੀ ਸ਼ਕਤੀ ਰੱਖਣ ਅਤੇ ਜਨਤਕ ਹਿੱਤਾਂ ਦੀ ਵਕਾਲਤ ਕਰਨ ਲਈ ਮੀਡੀਆ ਦੀਆਂ ਜ਼ਿੰਮੇਵਾਰੀਆਂ ਸਭ ਤੋਂ ਵੱਧ ਹਨ। ਨਿਗਰਾਨ ਵਜੋਂ ਮੀਡੀਆ ਦੀ ਭੂਮਿਕਾ ਚੁਣੌਤੀਆਂ ਤੋਂ ਬਿਨਾਂ ਨਹੀਂ ਹੈ।

ਮੀਡੀਆ-ਸਰਕਾਰ ਸਬੰਧਾਂ ਦੀ ਗੁੰਝਲਦਾਰ ਅਤੇ ਬਹੁਪੱਖੀ ਪ੍ਰਕਿਰਤੀ ਨੂੰ ਰੇਖਾਂਕਿਤ ਕਰਦੇ ਹੋਏ ਰਾਸ਼ਟਰੀ ਹਿੱਤਾਂ ਦੇ ਨਾਲ ਮੀਡੀਆ ਦੀ ਅਜ਼ਾਦੀ ਨੂੰ ਸੰਤੁਲਿਤ ਕਰਨ ਵਾਲੇ ਆਚਾਰ ਸੰਹਿਤਾ ਸਥਾਪਤ ਕਰਨ ਦੇ ਯਤਨ ਅਕਸਰ ਘੱਟ ਗਏ ਹਨ। ਵਿਸ਼ਵ ਪ੍ਰੈਸ ਸੁਤੰਤਰਤਾ ਦਿਵਸ ਇੱਕ ਟਿਕਾਊ ਭਵਿੱਖ ਨੂੰ ਯਕੀਨੀ ਬਣਾਉਣ ਅਤੇ ਸੁਰੱਖਿਅਤ ਕਰਨ ਲਈ ਜਾਣਕਾਰੀ ਦੇ ਪ੍ਰੈਸ, ਪੱਤਰਕਾਰੀ, ਪਹੁੰਚ ਅਤੇ ਪ੍ਰਸਾਰ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰੇਗਾ ਜੋ ਵਿਅਕਤੀਆਂ ਦੇ ਅਧਿਕਾਰਾਂ ਅਤੇ ਉਹਨਾਂ ਦੀਆਂ ਆਵਾਜ਼ਾਂ ਦੀ ਵਿਭਿੰਨਤਾ ਦੇ ਨਾਲ-ਨਾਲ ਲਿੰਗ ਸਮਾਨਤਾ ਦਾ ਸਨਮਾਨ ਕਰਦਾ ਹੈ। ਸਾਨੂੰ ਮਿਲਕੇ ਕੰਮ ਕਰਨ ਦੀ ਲੋੜ ਹੈ ਅਤੇ ਮੀਡੀਆ ਦੇ ਸ਼ਕਤੀਸ਼ਾਲੀ ਹਥਿਆਰਾਂ ਦੀ ਵਰਤੋਂ ਸਮਾਜ ਦੇ ਭਲੇ ਲਈ ਕਰਨ ਲਈ ਜ਼ਿੰਮੇਵਾਰ ਪੱਤਰਕਾਰੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਜੇਕਰ ਮੀਡੀਆ ਵੀ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਹੋਣਗੇ।

# 'ਦੁਨੀਆਂ ਦੇ ਕਿਰਤੀਆਂ ਦਾ ਅੰਤਰਰਾਸ਼ਟਰੀ ਕਿਰਤ ਦਿਵਸ'

'ਮਜ਼ਦੂਰ ਦਿਵਸ' 1 ਮਈ ਵਿਸ਼ਵ ਭਰ ਦੇ ਮਜ਼ਦੂਰ ਮਨਾਉਂਦੇ ਹਨ ਅਤੇ ਇਹ ਦਿਨ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲਈ ਉਤਸ਼ਾਹਿਤ ਕਰਦਾ ਹੈ। ਇਸ ਦਿਨ ਦੀ ਸ਼ੁਰੂਆਤ ਮਜ਼ਦੂਰ ਯੂਨੀਅਨ ਅੰਦੋਲਨ, ਖਾਸ ਤੌਰ 'ਤੇ ਅੱਠ ਘੰਟੇ ਦੇ ਅੰਦੋਲਨ ਵਿਚ ਹੋਈ ਹੈ। ਮਈ ਦਿਵਸ ਵਜੋਂ ਪ੍ਰਸਿੱਧ ਇਹ ਦਿਨ ਭਾਰਤ, ਕਿਊਬਾ ਅਤੇ ਚੀਨ ਵਰਗੇ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਵਿਸ਼ਵ ਭਰ ਦੇ ਲੋਕ ਮਜ਼ਦੂਰਾਂ ਦੇ ਹੱਕਾਂ ਲਈ ਅਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਰੋਸ ਪ੍ਰਦਰਸ਼ਨ ਅਤੇ ਮਾਰਚ ਕਰਕੇ ਇਹ ਦਿਵਸ ਮਨਾਉਂਦੇ ਹਨ। ਅੰਤਰ ਰਾਸ਼ਟਰੀ ਪੱਧਰ 'ਤੇ ਮਜ਼ਦੂਰ ਦਿਵਸ ਦੀ ਕਈ ਦੇਸ਼ਾਂ ਵਿਚ ਜਨਤਕ ਛੁੱਟੀ ਹੁੰਦੀ ਹੈ।

ਮਜ਼ਦੂਰ ਦਿਵਸ ਸੰਯੁਕਤ ਰਾਜ ਅਮਰੀਕਾ ਵਿਚ ਇਕ ਸੰਘੀ ਛੁੱਟੀ ਹੈ ਜੋ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਅਮਰੀਕੀ ਮਜ਼ਦੂਰ ਅੰਦੋਲਨ ਅਤੇ ਸੰਯੁਕਤ ਰਾਜ ਦੇ ਵਿਕਾਸ ਅਤੇ ਪ੍ਰਾਪਤੀਆਂ ਵਿਚ ਮਜ਼ਦੂਰਾਂ ਦੇ ਕੰਮਾਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਮਾਨਤਾ ਦੇਣ ਲਈ ਮਨਾਇਆ ਜਾਂਦਾ ਹੈ। ਜਿਸ ਦਿਨ ਇਹ ਤਿੰਨ ਦਿਨਾਂ ਦਾ ਵੀਕਐਂਡ ਆਉਂਦਾ ਹੈ, ਉਸ ਨੂੰ ਲੇਬਰ ਡੇਅ ਵੀਕਐਂਡ ਕਿਹਾ ਜਾਂਦਾ ਹੈ।

ਮਈ ਦਿਵਸ, ਜਿਸ ਨੂੰ ਮਜ਼ਦੂਰ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਵੀ ਕਿਹਾ ਜਾਂਦਾ ਹੈ। ਇਤਿਹਾਸਕ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਯਾਦ ਦਿਵਾਉਂਦਾ ਹੈ। ਵਰਕਰ ਅਤੇ ਮਜ਼ਦੂਰ ਅੰਦੋਲਨ, 1 ਮਈ ਨੂੰ ਕਈ ਦੇਸ਼ਾਂ ਵਿਚ ਮਨਾਇਆ ਗਿਆ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਇਕ ਸਮਾਨ ਪਾਲਣਾ, ਜਿਸ ਨੂੰ ਕਿਹਾ ਜਾਂਦਾ ਹੈ ਮਜ਼ਦੂਰ ਦਿਵਸ, ਸਤੰਬਰ ਦੇ ਪਹਿਲੇ ਸੋਮਵਾਰ ਨੂੰ ਹੁੰਦਾ ਹੈ।

ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਗਿਆ, ਮਜ਼ਦੂਰ ਦਿਵਸ ਅਮਰੀਕੀ ਕਾਮਿਆਂ ਦੀਆਂ ਸਮਾਜਿਕ ਅਤੇ ਆਰਥਿਕ ਪ੍ਰਾਪਤੀਆਂ ਦਾ ਸਾਲਾਨਾ ਜਸ਼ਨ ਹੈ। ਛੁੱਟੀ ਦੀ ਜੜ੍ਹ ਉਨੀਵੀਂ ਸਦੀ ਦੇ ਅਖੀਰ ਵਿਚ ਹੈ, ਜਦੋਂ ਮਜ਼ਦੂਰ ਕਾਰਕੁਨਾਂ ਨੇ ਅਮਰੀਕਾ ਦੀ ਤਾਕਤ, ਖੁਸ਼ਹਾਲੀ ਅਤੇ ਤੰਦਰੁਸਤੀ ਵਿਚ ਮਜ਼ਦੂਰਾਂ ਦੇ ਬਹੁਤ ਸਾਰੇ ਯੋਗਦਾਨਾਂ ਨੂੰ ਮਾਨਤਾ ਦੇਣ ਲਈ ਇਕ ਸੰਘੀ ਛੁੱਟੀ ਲਈ ਜ਼ੋਰ ਦਿੱਤਾ। ਇਸ ਦੀ ਸ਼ੁਰੂਆਤ ਮਜ਼ਦੂਰ ਯੂਨੀਅਨ ਅੰਦੋਲਨ ਵਿਚ ਹੋਈ, ਖਾਸ ਤੌਰ 'ਤੇ ਅੱਠ ਘੰਟੇ ਦੀ ਅੰਦੋਲਨ, ਜਿਸ ਨੂੰ ਅੱਠ ਘੰਟੇ ਕੰਮ, ਅੱਠ ਘੰਟੇ ਮਨੋਰੰਜਨ ਅਤੇ ਅੱਠ ਘੰਟੇ ਆਰਾਮ ਕਰਨ ਦੀ ਵਕਾਲਤ ਕੀਤੀ ਗਈ ਸੀ।

ਮਈ ਦਿਵਸ ਜਾਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦਾ ਇਕ ਖਾਸ ਇਤਿਹਾਸ ਹੈ। ਇਸ ਦਿਨ ਦਾ ਦੁਨੀਆਂ ਦੇ ਮਿਹਨਤਕਸ਼ ਮਜ਼ਦੂਰਾਂ ਲਈ ਵਿਸ਼ੇਸ਼ ਮਹੱਤਵ ਹੈ। ਇਸ ਦੀ ਸੰਯੁਕਤ ਰਾਜ ਅਮਰੀਕਾ ਵਿਚ ਮਜ਼ਦੂਰਾਂ ਦੇ ਕੰਮ 08 ਘੰਟੇ ਕਰਨ ਨੂੰ ਲੈ ਕੇ ਕੀਤੇ ਗਏ ਸੰਘਰਸ਼ ਨਾਲ ਹੋਈ ਸੀ। ਇਸ ਤੋਂ ਪਹਿਲਾਂ ਮਜ਼ਦੂਰਾਂ ਦੇ ਕੰਮ ਦੇ ਘੰਟੇ ਨਿਸ਼ਚਿਤ ਨਹੀਂ ਸਨ। ਉਨ੍ਹਾਂ ਕੋਲੋਂ 12 ਘੰਟੇ ਤੋਂ ਵੀ ਜ਼ਿਆਦਾ ਸਮਾਂ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਮਜ਼ਦੂਰ ਇਸ ਜ਼ਬਰ-ਜ਼ੁਲਮ ਖ਼ਿਲਾਫ਼ ਆਵਾਜ਼ ਉਠਾਉਂਦਾ ਸੀ ਤਾਂ ਉਸ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਤੇ ਜ਼ਬਰ ਦੇ ਖ਼ਿਲਾਫ਼ ਅਮਰੀਕਾ ਵਿਚ 01 ਮਈ ਨੂੰ ਮਜ਼ਦੂਰ ਜਥੇਬੰਦੀਆਂ ਨੇ ਇਕ ਦਿਨ ਦੀ ਹੜਤਾਲ ਕੀਤੀ, ਜਿਸ ਨੂੰ ਜ਼ਬਰਦਸਤ ਸਮਰਥਨ ਮਿਲਿਆ। 04 ਮਈ 1886 ਈਸਵੀ ਨੂੰ ਸ਼ਿਕਾਗੋ ਵਿਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜ਼ਦੂਰ ਇਕੱਠੇ ਹੋ ਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬਾ ਚਲਾ ਦਿੱਤਾ ਅਤੇ ਬਾਅਦ ਵਿਚ ਪੁਲਿਸ ਫਾਇਰਿੰਗ ਵਿਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵੱਲੋਂ ਮਜ਼ਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜ਼ਦੂਰਾਂ ਅਤੇ ਮਜ਼ਦੂਰ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 08 ਮਜ਼ਦੂਰ ਆਗੂਆਂ 'ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ, ਜਿਨ੍ਹਾਂ ਵਿਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ, ਜਿਨ੍ਹਾਂ ਵਿਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸੁਆਬ, ਲੂਟੀਕਿੰਗ, ਅਡੌਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਮਜ਼ਦੂਰ ਲਹਿਰ ਅਤੇ ਮਜ਼ਦੂਰ ਸੰਗਠਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਵਿਚ ਮਜ਼ਦੂਰ ਵਿਰੋਧੀ ਹਵਾ ਬਣਾਉਣ ਲਈ ਮਿੱਲ ਮਾਲਕਾਂ ਅਤੇ ਸਰਕਾਰ ਵੱਲੋਂ ਪਾਣੀ ਵਾਂਗ ਪੈਸਾ ਵਹਾ ਕੇ ਮਨੋਵਿਗਿਆਨਕ ਜੰਗ ਰਾਹੀਂ ਮੀਡੀਆ ਟਰਾਇਲ ਕੀਤਾ ਗਿਆ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ-ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਅਤੇ ਸੁਆਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼ ਨੇ ਕਿਹਾ ਕਿ ''ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ, ਪਰ ਇਕ ਸਮਾਂ ਆਏਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ।'' ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਹਨਾਂ ਵਿਰੁੱਧ ਲੱਗੇ ਦੋਸ਼ ਸਾਬਤ ਨਹੀਂ ਸੀ ਹੋ ਸਕੇ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਵੱਲੋਂ ਸ਼ਿਕਾਗੋ ਦੇ ਉਪਰੋਕਤ ਸ਼ਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ।

19ਵੀਂ ਸਦੀ ਦੇ ਅਖੀਰ ਵਿਚ ਜਿਵੇਂ ਕਿ ਟਰੇਡ ਯੂਨੀਅਨਾਂ ਅਤੇ ਮਜ਼ਦੂਰ ਲਹਿਰਾਂ ਵਿਚ ਵਾਧਾ ਹੋਇਆ। ਟਰੇਡ ਯੂਨੀਅਨਿਸਟਾਂ ਨੇ ਪ੍ਰਸਤਾਵ ਕੀਤਾ ਕਿ ਮਜ਼ਦੂਰ ਨੂੰ ਮਨਾਉਣ ਲਈ ਇਕ ਦਿਨ ਨਿਰਧਾਰਿਤ ਕੀਤਾ ਜਾਵੇ। 'ਲੇਬਰ ਡੇ' ਨੂੰ ਸੈਂਟਰਲ ਲੇਬਰ ਯੂਨੀਅਨ ਅਤੇ ਨਾਈਟਸ ਆਫ਼ ਲੇਬਰ ਦੁਆਰਾ ਉਤਸ਼ਾਹਿਤ ਕੀਤਾ ਗਿਆ ਸੀ, ਜਿਸ ਨੇ ਨਿਊਯਾਰਕ ਸਿਟੀ ਵਿਚ ਪਹਿਲੀ ਪਰੇਡ ਦਾ ਆਯੋਜਨ ਕੀਤਾ ਸੀ। 1887 ਵਿਚ, ਓਰੇਗਨ ਅਮਰੀਕਾ ਦਾ ਪਹਿਲਾ ਰਾਜ ਸੀ, ਜਿਸ ਨੇ ਇਸ ਨੂੰ ਇਕ ਸਰਕਾਰੀ ਜਨਤਕ ਛੁੱਟੀ ਬਣਾਇਆ ਸੀ। 1894 ਵਿਚ ਜਦੋਂ ਇਹ ਅਧਿਕਾਰਿਤ ਸੰਘੀ ਛੁੱਟੀ ਬਣ ਗਿਆ, ਅਮਰੀਕਾ ਦੇ ਤੀਹ ਰਾਜਾਂ ਨੇ ਅਧਿਕਾਰਿਤ ਤੌਰ 'ਤੇ ਮਜ਼ਦੂਰ ਦਿਵਸ ਮਨਾਇਆ।

ਕੈਨੇਡਾ ਦਾ ਮਜ਼ਦੂਰ ਦਿਵਸ ਵੀ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 80 ਤੋਂ ਵੱਧ ਦੇਸ਼ 1 ਮਈ ਨੂੰ 'ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਜਾਂ 'ਕਿਰਤੀਆਂ ਦੀ ਕਿਰਤ ਦਾ ਅੰਤਰ ਰਾਸ਼ਟਰੀ ਕਿਰਤ ਦਿਵਸ ਮਨਾਉਂਦੇ ਹਨ। ਮਈ ਦਿਵਸ ਦੀ ਪ੍ਰਾਚੀਨ ਯੂਰਪੀ ਛੁੱਟੀ 1 ਮਈ ਦਿਵਸ ਨੂੰ ਸਮਾਜਵਾਦੀ ਅਤੇ ਕਮਿਊਨਿਸਟ ਪਾਰਟੀਆਂ ਦੇ ਦੂਜੇ ਅੰਤਰ ਰਾਸ਼ਟਰੀ ਦੁਆਰਾ ਹੇਮਾਰਕੇਟ ਮਾਮਲੇ ਦੀ ਯਾਦ ਵਿਚ ਚੁਣਿਆ ਗਿਆ ਸੀ, ਜੋ ਕਿ 4 ਮਈ, 1886 ਨੂੰ ਸ਼ਿਕਾਗੋ ਵਿਚ ਹੋਇਆ ਸੀ।

19ਵੀਂ ਸਦੀ ਦੇ ਅਖੀਰ ਵਿਚ, ਜਿਵੇਂ ਕਿ ਟਰੇਡ ਯੂਨੀਅਨਾਂ ਅਤੇ ਮਜ਼ਦੂਰ ਅੰਦੋਲਨ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਵਧਦੇ ਗਏ, ਟ੍ਰੇਡ ਯੂਨੀਅਨਿਸਟਾਂ ਦੇ ਵਿਭਿੰਨ ਸਮੂਹਾਂ ਨੇ ਮਜ਼ਦੂਰਾਂ ਨੂੰ ਮਨਾਉਣ ਲਈ ਕਈ ਦਿਨ ਚੁਣੇ। ਸੰਯੁਕਤ ਰਾਜ ਵਿਚ, 1880 ਦੇ ਦਹਾਕੇ ਦੇ ਸ਼ੁਰੂ ਵਿਚ ਸਤੰਬਰ ਦੀ ਛੁੱਟੀ




ਨੂੰ ਲੇਬਰ ਡੇਅ ਕਿਹਾ ਜਾਂਦਾ ਹੈ।

ਘਟਨਾ ਦੇ ਮੂਲ ਦੇ ਵਿਕਲਪਿਤ ਖਾਤੇ ਮੌਜੂਦ ਹਨ। ਸਮਾਨ ਆਖਰੀ ਨਾਵਾਂ ਵਾਲੇ ਦੋ ਆਦਮੀਆਂ ਦੇ ਵੰਸ਼ਜ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪੜਦਾਦਾ ਛੁੱਟੀਆਂ ਦੇ ਅਸਲ ਪਿਤਾ ਸਨ।

ਮਜ਼ਦੂਰ ਦਿਵਸ ਦੇ ਇਕ ਸ਼ੁਰੂਆਤੀ ਇਤਿਹਾਸ ਦੇ ਅਨੁਸਾਰ, ਇਹ ਘਟਨਾ 1882 ਵਿਚ ਨਿਊਯਾਰਕ ਸਿਟੀ ਵਿਚ ਬੁਲਾਈ ਗਈ ਨਾਈਟਸ ਆਫ਼ ਲੇਬਰ ਦੀ ਇਕ ਜਨਰਲ ਅਸੈਂਬਲੀ ਦੇ ਸਬੰਧ ਵਿਚ ਸ਼ੁਰੂ ਹੋਈ ਸੀ। ਇਸ ਗੁਪਤ ਨਾਈਟਸ ਅਸੈਂਬਲੀ ਦੇ ਸਬੰਧ ਵਿਚ, ਵੱਖ-ਵੱਖ ਮਜ਼ਦੂਰ ਸੰਗਠਨਾਂ ਦੀ ਇਕ ਜਨਤਕ ਪਰੇਡ ਨਿਊਯਾਰਕ ਦੀ ਸੈਂਟਰਲ ਲੇਬਰ ਯੂਨੀਅਨ ਦੀ ਸਰਪ੍ਰਸਤੀ ਹੇਠ 5 ਸਤੰਬਰ ਨੂੰ ਆਯੋਜਿਤ ਕੀਤਾ ਗਿਆ ਸੀ। ਯੂਨੀਅਨ ਦੇ ਸਕੱਤਰ ਮੈਥਿਊ ਮੈਗੁਇਰ ਨੂੰ ਸਭ ਤੋਂ ਪਹਿਲਾਂ ਪ੍ਰਸਤਾਵਿਤ ਕਰਨ ਦਾ ਸਿਹਰਾ ਜਾਂਦਾ ਹੈ ਕਿ ਇਸ ਸਫਲ ਜਨਤਕ ਪ੍ਰਦਰਸ਼ਨ ਦੇ ਨਤੀਜੇ ਵਜੋਂ ਬਾਅਦ ਵਿਚ ਹਰ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਰਾਸ਼ਟਰੀ ਮਜ਼ਦੂਰ ਦਿਵਸ ਦੀ ਛੁੱਟੀ ਰੱਖੀ ਜਾਵੇ।

ਇਕ ਵਿਕਲਪਿਕ ਥੀਸਿਸ ਇਹ ਮੰਨਦਾ ਹੈ ਕਿ ਲੇਬਰ ਡੇਅ ਦਾ ਵਿਚਾਰ ਅਮਰੀਕੀ ਫੈਡਰੇਸ਼ਨ ਆਫ਼ ਲੇਬਰ ਦੇ ਉਪ ਪ੍ਰਧਾਨ ਪੀਟਰ ਜੇ. ਮੈਕਗੁਇਰ ਦੇ ਦਿਮਾਗ ਦੀ ਉਪਜ ਸੀ, ਜਿਸ ਨੇ ਟਰਾਂਟੋ ਦੀ ਫੇਰੀ ਤੋਂ ਬਾਅਦ, ਜਿੱਥੇ ਉਸ ਨੇ ਮਈ ਵਿਚ ਮਜ਼ਦੂਰਾਂ ਦਾ ਜਸ਼ਨ ਮਨਾਉਂਦੇ ਪਰੇਡਾਂ ਨੂੰ ਦੇਖਿਆ ਸੀ, ਨੇ 1882 ਦੀ ਬਸੰਤ ਵਿਚ ਸ਼ੁਰੂਆਤੀ ਪ੍ਰਸਤਾਵ ਨੂੰ ਅੱਗੇ ਰੱਖਿਆ ਸੀ। ਮੈਕਗੁਇਰ ਦੇ ਅਨੁਸਾਰ 8 ਮਈ, 1882 ਨੂੰ ਉਸਨੇ ਨਿਊਯਾਰਕ ਸਿਟੀ ਵਿਚ ਨਵੀਂ ਕੇਂਦਰੀ ਮਜ਼ਦੂਰ ਯੂਨੀਅਨ ਨੂੰ ਇਕ ਪ੍ਰਸਤਾਵ ਦਿੱਤਾ ਕਿ ਇਕ ਦਿਨ ਨਿਰਧਾਰਿਤ ਕੀਤੀ ਜਾਵੇ। ਮਜ਼ਦੂਰ ਜਮਾਤਾਂ ਲਈ ਆਮ ਛੁੱਟੀ। ਮੈਕਗੁਇਰ ਦੇ ਅਨੁਸਾਰ ਉਸ ਨੇ ਅੱਗੇ ਸਿਫਾਰਸ਼ ਕੀਤੀ ਕਿ ਸਮਾਗਮ ਦੀ ਸ਼ੁਰੂਆਤ ਸੰਗਠਿਤ ਮਜ਼ਦੂਰਾਂ ਦੀ ਏਕਤਾ ਅਤੇ ਤਾਕਤ ਦੇ ਜਨਤਕ ਪ੍ਰਦਰਸ਼ਨ ਵਜੋਂ ਇਕ ਸਟ੍ਰੀਟ ਪਰੇਡ ਨਾਲ ਹੋਣੀ ਚਾਹੀਦੀ ਹੈ। ਮਾਰਚ ਦੇ ਬਾਅਦ ਇਕ ਪਿਕਨਿਕ ਦੇ ਨਾਲ, ਜਿਸ ਵਿਚ ਹਿੱਸਾ ਲੈਣ ਵਾਲੀਆਂ ਸਥਾਨਕ ਯੂਨੀਅਨਾਂ ਇਕ ਫੰਡਰੇਜ਼ਰ ਵਜੋਂ ਟਿਕਟਾਂ ਵੇਚ ਸਕਦੀਆਂ ਹਨ। ਮੈਕਗੁਇਰ ਦੇ ਅਨੁਸਾਰ, ਉਸਨੇ ਚੌਥੀ ਜੁਲਾਈ ਅਤੇ ਥੈਂਕਸਗਿਵਿੰਗ ਜਨਤਕ ਛੁੱਟੀਆਂ ਦੇ ਵਿਚਕਾਰ ਬੈਠ ਕੇ, ਅਨੁਕੂਲ ਮੌਸਮ ਅਤੇ ਕੈਲੰਡਰ ਵਿਚ ਮਿਤੀ ਦੀ ਜਗ੍ਹਾ ਦੇ ਕਾਰਨ, ਅਜਿਹੇ ਜਨਤਕ ਜਸ਼ਨ ਲਈ ਇਕ ਆਦਰਸ਼ ਮਿਤੀ ਵਜੋਂ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਸੁਝਾਅ ਦਿੱਤਾ।

ਮਜ਼ਦੂਰ ਦਿਵਸ ਪਿਕਨਿਕਾਂ ਅਤੇ ਹੋਰ ਜਨਤਕ ਇਕੱਠਾਂ ਵਿਚ ਪ੍ਰਮੁੱਖ ਮਜ਼ਦੂਰ ਨੇਤਾਵਾਂ ਦੁਆਰਾ ਅਕਸਰ ਭਾਸ਼ਣ ਦਿੱਤੇ ਜਾਂਦੇ ਹਨ।

1909 ਵਿਚ ਅਮਰੀਕਨ ਫੈਡਰੇਸ਼ਨ ਆਫ਼ ਲੇਬਰ ਕਨਵੈਨਸ਼ਨ ਨੇ ਮਜ਼ਦੂਰ ਦਿਵਸ ਤੋਂ ਪਹਿਲਾਂ ਵਾਲੇ ਐਤਵਾਰ ਨੂੰ 'ਲੇਬਰ ਐਤਵਾਰ' ਵਜੋਂ ਮਨੋਨੀਤ ਕੀਤਾ, ਜੋ ਕਿ ਮਜ਼ਦੂਰ ਅੰਦੋਲਨ ਦੇ ਅਧਿਆਤਮਕ ਅਤੇ ਵਿਦਿਅਕ ਪਹਿਲੂਆਂ ਨੂੰ ਸਮਰਪਿਤ ਹੈ। ਇਹ ਸੈਕੰਡਰੀ ਤਾਰੀਖ਼ ਪ੍ਰਸਿੱਧ ਸੱਭਿਆਚਾਰ ਵਿਚ ਮਹੱਤਵਪੂਰਨ ਖਿੱਚ ਪ੍ਰਾਪਤ ਕਰਨ ਵਿਚ ਅਸਫਲ ਰਹੀ, ਹਾਲਾਂਕਿ ਕੁਝ ਚਰਚ ਇਸ ਨੂੰ ਸਵੀਕਾਰ ਕਰਦੇ ਰਹਿੰਦੇ ਹਨ।

ਸਮਾਗਮ ਦੀ ਪ੍ਰਸਿੱਧੀ ਦੇਸ਼ ਭਰ ਵਿਚ ਫੈਲ ਗਈ। 1887 ਵਿਚ, 'ਓਰੇਗਨ ਲੇਬਰ ਡੇਅ' ਨੂੰ ਅਧਿਕਾਰਿਤ ਜਨਤਕ ਛੁੱਟੀ ਬਣਾਉਣ ਵਾਲਾ ਸੰਯੁਕਤ ਰਾਜ ਦਾ ਪਹਿਲਾ ਰਾਜ ਬਣ ਗਿਆ। 1894 ਤੱਕ, ਅਮਰੀਕਾ ਦੇ ਤੀਹ ਰਾਜ ਪਹਿਲਾਂ ਹੀ ਅਧਿਕਾਰਿਤ ਤੌਰ 'ਤੇ ਮਜ਼ਦੂਰ ਦਿਵਸ ਮਨਾ ਰਹੇ ਸਨ। ਉਸ ਸਾਲ, ਕਾਂਗਰਸ ਨੇ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਜ਼ਦੂਰ ਦਿਵਸ ਵਜੋਂ ਮਾਨਤਾ ਦੇਣ ਅਤੇ ਇਸ ਨੂੰ ਅਧਿਕਾਰਿਤ ਸੰਘੀ ਛੁੱਟੀ ਬਣਾਉਣ ਵਾਲਾ ਬਿਲ ਪਾਸ ਕੀਤਾ। ਰਾਸ਼ਟਰਪਤੀ ਗਰੋਵਰ ਕਲੀਵਲੈਂਡ ਨੇ 28 ਜੂਨ ਨੂੰ ਬਿਲ 'ਤੇ ਦਸਤਖ਼ਤ ਕੀਤੇ। 1930 ਦੇ ਦਹਾਕੇ ਦੇ ਅਖੀਰ ਤੱਕ, ਯੂਨੀਅਨਾਂ ਕਰਮਚਾਰੀਆਂ ਨੂੰ ਹੜਤਾਲ ਕਰਨ ਲਈ ਉਤਸ਼ਾਹਿਤ ਕਰ ਰਹੀਆਂ ਸਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਨੂੰ ਦਿਨ ਦੀ ਛੁੱਟੀ ਮਿਲੇ। ਅਮਰੀਕਾ ਦੇ ਸਾਰੇ ਰਾਜ, ਡਿਸਟ੍ਰਿਕਟ ਆਫ਼ ਕੋਲੰਬੀਆ ਅਤੇ ਸੰਯੁਕਤ ਰਾਜ ਦੇ ਪ੍ਰਦੇਸ਼ਾਂ ਨੇ ਬਾਅਦ ਵਿਚ ਲੇਬਰ ਡੇਅ ਨੂੰ ਇਕ ਕਾਨੂੰਨੀ ਛੁੱਟੀ ਬਣਾ ਦਿੱਤਾ ਹੈ।

ਮਜ਼ਦੂਰ ਦਿਵਸ ਬਨਾਮ ਮਈ ਦਿਵਸ: ਇਕ ਮਈ ਦੀ ਤਾਰੀਖ਼ (ਇਕ ਪ੍ਰਾਚੀਨ ਯੂਰਪੀਅਨ ਲੋਕ ਛੁੱਟੀ ਜਿਸਨੂੰ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ) 1886 ਵਿਚ ਮਜ਼ਦੂਰਾਂ ਦੇ ਜਸ਼ਨ ਲਈ ਇਕ ਵਿਕਲਪਿਕ ਛੁੱਟੀ ਵਜੋਂ ਉਭਰਿਆ, ਬਾਅਦ ਵਿਚ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਜਾਣਿਆ ਜਾਣ ਲੱਗਾ। ਇਸ ਤਾਰੀਖ਼ ਦੀ ਸ਼ੁਰੂਆਤ ਅਮਰੀਕਨ ਫੈਡਰੇਸ਼ਨ ਆਫ਼ ਲੇਬਰ ਦੀ 1885 ਦੀ ਕਨਵੈਨਸ਼ਨ ਤੋਂ ਹੋਈ ਸੀ, ਜਿਸਨੇ 1 ਮਈ, 1886 ਤੋਂ ਅੱਠ ਘੰਟੇ ਦੇ ਦਿਨ ਨੂੰ ਲਾਗੂ ਕਰਨ ਲਈ ਇਕ ਮਤਾ ਪਾਸ ਕੀਤਾ ਸੀ। ਖ਼ੂਨੀ ਹੇਮਾਰਕੇਟ ਮਾਮਲੇ ਦੀ ਤਾਰੀਖ਼ ਦੀ ਨੇੜਤਾ 4 ਮਈ, 1886 ਨੇ ਮਈ ਫਸਟ ਦੀ ਰੈਡੀਕਲ ਸਾਖ ਨੂੰ ਹੋਰ ਵਧਾ ਦਿੱਤਾ।

ਇਸ ਸਮੇਂ ਮਜ਼ਦੂਰ ਯੂਨੀਅਨਾਂ ਵਿਚ ਇਸ ਗੱਲ ਨੂੰ ਲੈ ਕੇ ਅਸਹਿਮਤੀ ਸੀ ਕਿ ਮਜ਼ਦੂਰਾਂ ਨੂੰ ਛੁੱਟੀਆਂ ਕਦੋਂ ਮਨਾਉਣੀਆਂ ਚਾਹੀਦੀਆਂ ਹਨ, ਕੁਝ ਨੇ ਸਤੰਬਰ-ਮਾਰਚ ਅਤੇ ਪਿਕਨਿਕ ਦੀ ਤਾਰੀਖ਼ 'ਤੇ ਲਗਾਤਾਰ ਜੋਰ ਦੇਣ ਦੀ ਵਕਾਲਤ ਕੀਤੀ ਜਦੋਂ ਕਿ 1 ਮਈ ਦੀ ਵਧੇਰੇ ਸਿਆਸੀ ਤੌਰ 'ਤੇ ਚਾਰ ਵਾਲੀ ਮਿਤੀ ਦ ਅਹੁਦੇ ਦੀ ਮੰਗ ਕੀਤੀ। ਕੰਜ਼ਰਵੇਟਿਵ ਡੈਮੋਕਰੇਟਿਕ, ਰਾਸ਼ਟਰਪਤੀ ਗਰੋਵਰ ਕਲੀਵਲੈਂਡ ਉਹਨਾਂ ਲੋਕਾਂ ਵਿਚੋਂ ਇਕ ਸਨ ਜੋ 1 ਮਈ ਨੂੰ ਮਜ਼ਦੂਰਾਂ ਦੀ ਛੁੱਟੀ ਹੇਮਾਰਕੇਟ ਮਾਮਲੇ ਦੀ ਯਾਦਗਾਰ ਬਣਦੇ ਹਨ ਅਤੇ ਸਮਾਜਵਾਦੀ ਅਤੇ ਅਰਾਜਕਤਾਵਾਦੀ ਅੰਦੋਲਨਾਂ ਨੂੰ ਮਜ਼ਦੂਰ ਕਰਨਗੇ ਜੋ ਵਿਸ਼ਵ ਭਰ ਵਿਚ 1 ਮਈ ਦੇ ਸਮਾਰੋਹ ਦਾ ਸਮਰਥਨ ਕਰਦੇ ਹਨ। 1887 ਵਿਚ, ਉਸ ਨੇ ਜਨਤਕ ਤੌਰ 'ਤੇ ਸਤੰਬਰ ਮਜ਼ਦੂਰ ਦਿਵਸ ਦੀ ਛੁੱਟੀ ਨੂੰ ਘੱਟ ਭੜਕਾਊ ਵਿਕਲਪ ਵਜੋਂ ਸਮਰਥਨ ਕੀਤਾ, ਰਸਮੀ ਤੌਰ 'ਤੇ ਉਸਨੇ 1894 ਵਿਚ ਦਸਤਖ਼ਤ ਕੀਤੇ ਕਾਨੂੰਨ ਰਾਹੀਂ ਸੰਯੁਕਤ ਰਾਜ ਸੰਘੀ ਛੁੱਟੀ ਵਜੋਂ ਤਾਰੀਖ਼ ਨੂੰ ਅਪਣਾਇਆ।

1950 ਦੇ ਦਹਾਕੇ ਦੇ ਮੱਧ ਤੋਂ, ਸੰਯੁਕਤ ਰਾਜ ਅਮਰੀਕਾ ਨੇ 1 ਮਈ ਨੂੰ ਵਫ਼ਾਦਾਰੀ ਦਿਵਸ ਅਤੇ ਕਾਨੂੰਨ ਦਿਵਸ ਮਨਾਇਆ ਹੈ। ਮਜ਼ਦੂਰ ਦਿਵਸ ਦੇ ਉਲਟ, ਨਾ ਤਾਂ ਕਾਨੂੰਨੀ ਜਨਤਕ ਛੁੱਟੀਆਂ ਹਨ (ਉਸ ਵਿਚ ਸਰਕਾਰੀ ਏਜੰਸੀਆਂ ਅਤੇ ਜ਼ਿਆਦਾਤਰ ਕਾਰੋਬਾਰ ਉਹਨਾਂ ਨੂੰ ਮਨਾਉਣ ਲਈ ਬੰਦ ਕਰਦੇ ਹਨ) ਅਤੇ ਇਸ ਲਈ ਮੁਕਾਬਲਤਨ ਰਿਹਾ ਹੈ। ਅਸਪਸ਼ਟ ਵਫ਼ਾਦਾਰੀ ਦਿਵਸ ਰਸਮੀ ਤੌਰ 'ਤੇ ਕੁਝ ਸ਼ਹਿਰਾਂ ਵਿਚ ਮਨਾਇਆ ਜਾਂਦਾ ਹੈ, ਜਦੋਂ ਕਿ ਕੁਝ ਬਾਰ ਐਸੋਸੀਏਸ਼ਨਾਂ ਕਾਨੂੰਨ ਦੇ ਰਾਜ ਦਾ ਜਸ਼ਨ ਮਨਾਉਣ ਲਈ ਕਾਨੂੰਨ ਦਿਵਸ ਸਮਾਗਮਾਂ ਦਾ ਆਯੋਜਨ ਕਰਦੀਆਂ ਹਨ।

ਮਜ਼ਦੂਰ ਦਿਵਸ ਨੂੰ 'ਗਰਮੀਆਂ ਦਾ ਅਣਅਧਿਕਾਰਿਤ ਅੰਤ' ਕਿਹਾ ਜਾਂਦਾ ਹੈ ਕਿਉਂਕਿ ਇਹ ਸਭਿਆਚਾਰਕ ਗਰਮੀ ਦੇ ਮੌਸਮ ਦੇ ਅੰਤ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਲੇਬਰ ਡੇਅ ਵੀਕਐਂਡ ਨੂੰ ਖਤਮ ਹੋਣ ਵਾਲੇ ਦੋ ਹਫਤਿਆਂ ਦੌਰਾਨ ਆਪਣੀਆਂ ਦੋ-ਹਫਤਿਆਂ ਦੀਆਂ ਛੁੱਟੀਆਂ ਲੈਂਦੇ ਹਨ। ਬਹੁਤ ਸਾਰੀਆਂ ਪਤਝੜ ਦੀਆਂ ਗਤੀਵਿਧੀਆਂ, ਜਿਵੇਂ ਕਿ ਸਕੂਲ ਅਤੇ ਖੇਡਾਂ, ਇਸ ਸਮੇਂ ਤੋਂ ਸ਼ੁਰੂ ਹੁੰਦੀਆਂ ਹਨ।

ਸੰਯੁਕਤ ਰਾਜ ਵਿਚ, ਬਹੁਤ ਸਾਰੇ ਸਕੂਲੀ ਜ਼ਿਲ੍ਹਿਆਂ ਵਿਚ ਲੇਬਰ ਡੇਅ ਛੁੱਟੀ ਵਾਲੇ ਹਫਤੇ ਦੇ ਦੁਆਲੇ ਕਲਾਸਾਂ ਮੁੜ ਸ਼ੁਰੂ ਹੁੰਦੀਆਂ ਹਨ। ਕੁਝ ਹਫਤੇ ਪਹਿਲਾਂ ਸ਼ੁਰੂ ਹੁੰਦੇ ਹਨ, ਲੇਬਰ ਡੇ ਵੀਕਐਂਡ ਨੂੰ ਸਕੂਲ ਕੈਲੰਡਰ ਦਾ ਪਹਿਲਾ ਤਿੰਨ-ਦਿਨ ਵੀਕਐਂਡ ਬਣਾਉਂਦੇ ਹਨ, ਜਦੋਂ ਕਿ ਦੂਸਰੇ ਲੇਬਰ ਡੇਅ ਤੋਂ ਬਾਅਦ ਮੰਗਲਵਾਰ ਨੂੰ ਵਾਪਸ ਆਉਂਦੇ ਹਨ। ਮਿਡਵੈਸਟ ਦੇ ਬਹੁਤ ਸਾਰੇ ਜ਼ਿਲ੍ਹੇ ਮਜ਼ਦੂਰ ਦਿਵਸ ਤੋਂ ਬਾਅਦ ਸਕੂਲ ਸ਼ੁਰੂ ਕਰਨ ਦੀ ਚੋਣ ਕਰ ਰਹੇ ਹਨ।

ਖਰੀਦਦਾਰੀ ਕਰਨ ਦੇ ਸਮੇਂ ਦੇ ਨਾਲ ਵੱਡੀ ਗਿਣਤੀ ਵਿਚ ਸੰਭਾਵੀ ਗਾਹਕਾਂ ਦਾ ਫਾਇਦਾ ਉਠਾਉਣ ਲਈ, ਲੇਬਰ ਡੇ ਸੰਯੁਕਤ ਰਾਜ ਵਿਚ ਬਹੁਤ ਸਾਰੇ ਰਿਟੇਲਰਾਂ ਦੁਆਰਾ ਛੋਟਾਂ ਅਤੇ ਭੱਤਿਆਂ ਲਈ ਇਕ ਮਹੱਤਵਪੂਰਨ ਸ਼ਨੀਵਾਰ ਬਣ ਗਿਆ ਹੈ, ਖਾਸ ਕਰਕੇ ਬੈਕ-ਟੂ-ਸਕੂਲ ਵਿੱਕਰੀ ਲਈ। ਕੁਝ ਪ੍ਰਚੂਨ ਵਿਕਰੇਤਾ ਦਾਅਵਾ ਕਰਦੇ ਹਨ ਕਿ ਇਹ ਸਾਲ ਦੀ ਸਭ ਤੋਂ ਵੱਡੀ ਵਿਕਰੀ ਮਿਤੀਆਂ ਵਿਚੋਂ ਇਕ ਹੈ, ਕ੍ਰਿਸਮਿਸ ਸੀਜ਼ਨ ਦੇ ਬਲੈਕ ਫ੍ਰਾਈਡੇ ਤੋਂ ਬਾਅਦ ਦੂਜੇ ਨੰਬਰ 'ਤੇ ਹੈ।

ਭਾਰਤ ਵਿਚ, ਮਈ ਦਿਵਸ ਪਹਿਲੀ ਵਾਰ 1 ਮਈ, 1923 ਨੂੰ ਮਨਾਇਆ ਗਿਆ ਸੀ, ਜਦੋਂ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਦੀ ਪਹਿਲਕਦਮੀ ਅਤੇ ਕਾਮਰੇਡ ਸਿੰਗਾਵੇਲਰ (ਪੂਰਾ ਨਾਂ ਸਿੰਗਾਵੇਲਰ ਚੇਤਿਆਰ) ਨੇ ਜਸ਼ਨਾਂ ਦੀ ਅਗਵਾਈ ਕੀਤੀ ਸੀ। ਦੋ ਮੀਟਿੰਗਾਂ ਵਿਚ ਇਕ ਟ੍ਰਿਪਲੀਕੇਨ ਬੀਚ 'ਤੇ ਅਤੇ ਦੂਜੀ ਮਦਰਾਸ ਹਾਈਕੋਰਟ ਦੇ ਸਾਹਮਣੇ ਬੀਚ 'ਤੇ- ਕਾਮਰੇਡ, ਜੋ ਮਦਰਾਸ ਪ੍ਰੈਜ਼ੀਡੈਂਸੀ ਵਿਚ ਸਵੈ-ਮਾਣ ਲਹਿਰ ਦੇ ਨੇਤਾਵਾਂ ਵਿਚੋਂ ਇਕ ਵਜੋਂ ਜਾਣਿਆ ਜਾਂਦਾ ਹੈ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਅਧਿਕਾਰਾਂ ਲਈ ਆਪਣੀ ਲੜਾਈ ਲਈ ਜਾਣਿਆ ਜਾਂਦਾ ਹੈ, ਨੇ ਇਕ ਮਤਾ ਪਾਸ ਕੀਤਾ। ਮਤੇ ਵਿਚ ਕਿਹਾ ਗਿਆ ਹੈ ਕਿ ਸਰਕਾਰ ਹਰ ਕਿਸੇ ਨੂੰ ਮਜ਼ਦੂਰ ਦਿਵਸ 'ਤੇ ਰਾਸ਼ਟਰੀ ਛੁੱਟੀ ਦੀ ਆਗਿਆ ਦੇਵੇ।

ਮਈ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਭਾਰਤ ਸਮੇਤ ਪੂਰੀ ਦੁਨੀਆਂ 'ਚ 1 ਮਈ ਨੂੰ ਮਨਾਇਆ ਜਾਂਦਾ ਹੈ। ਜ਼ਿਆਦਾਤਰ ਦੇਸ਼ਾਂ ਦੀ ਤਰ੍ਹਾਂ, ਮਈ ਦਿਵਸ 'ਤੇ ਜਨਤਕ ਅਤੇ ਸਰਕਾਰੀ ਦਫ਼ਤਰ, ਸਕੂਲ ਅਤੇ ਕਾਲਜ ਬੰਦ ਰਹਿੰਦੇ ਹਨ। ਇਹ ਸੰਯੁਕਤ ਰਾਜ ਵਿਚ 1886 ਵਿਚ ਬਦਨਾਮ ਹੇਮਾਰਕੇਟ ਮਾਮਲੇ ਦੀ ਯਾਦ ਦਿਵਾਉਂਦਾ ਹੈ, ਹਾਲਾਂਕਿ ਭਾਰਤ ਵਿਚ, ਇਹ ਦਿਨ ਸਿਰਫ਼ 1923 ਵਿਚ ਪ੍ਰਮੁੱਖਤਾ ਵਿਚ ਆਇਆ ਸੀ।


ਐਚ. ਐਲ. ਕਪੂਰ

ਭਾਰਤ ਵਿਚ ਮਈ ਦਿਵਸ ਦੀ ਬਹੁਤ ਮਹੱਤਤਾ ਹੈ। ਮਈ ਦਿਵਸ ਸਮਾਜ ਲਈ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਉਲੰਘਣਾ, ਕੰਮ ਦੀਆਂ ਮਾੜੀਆਂ ਸਥਿਤੀਆਂ ਅਤੇ ਕੰਮ ਦੇ ਭਿਆਨਕ ਘੰਟਿਆਂ ਦੇ ਵਿਰੁੱਧ ਵਿਰੋਧ ਕਰਨਾ ਸ਼ੁਰੂ ਕੀਤਾ ਸੀ। ਮਈ ਦਿਵਸ 19ਵੀਂ ਸਦੀ ਦੇ ਅੰਤ ਵਿਚ ਮਜ਼ਦੂਰਾਂ ਦੇ ਸੰਘਰਸ਼ਾਂ ਅਤੇ ਉਸ ਤੋਂ ਬਾਅਦ ਦੇ ਸਸ਼ਕਤੀਕਰਨ ਦਾ ਸਮਾਨਾਰਥੀ ਹੈ।

ਇਹ ਉਹ ਦਿਨ ਸੀ ਜਦੋਂ ਇਕ ਪੁਲਿਸ ਟੁਕੜੀ ਨੇ 16 ਘੰਟੇ ਕੰਮ ਕਰਨ ਵਾਲੇ ਦਿਨ ਦੀ ਬਜਾਏ 8 ਘੰਟੇ ਕੰਮ ਦਿਵਸ ਦੀ ਮੰਗ ਕਰ ਰਹੇ ਘੱਟੋ ਘੱਟ ਦੋ ਹੜਤਾਲੀ ਵਰਕਰਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸ਼ਾਂਤਮਈ ਪ੍ਰਦਰਸ਼ਨਕਾਰੀਆਂ ਦੇ ਬਦਨਾਮ ਕਤਲ ਤੋਂ ਬਾਅਦ, ਹੋਰ ਕਰਮਚਾਰੀ ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਏ ਅਤੇ ਇਹ ਸਿਰਫ਼ 1916 ਵਿਚ ਹੀ ਸੀ ਜਦੋਂ ਅਮਰੀਕਾ ਨੇ ਅੱਠ ਘੰਟੇ ਦੇ ਕੰਮ ਦੇ ਸਮੇਂ ਨੂੰ ਮਾਨਤਾ ਦਿੱਤੀ। ਹਾਲਾਂਕਿ ਭਾਰਤ ਵਿਚ 1 ਮਈ 1923 ਤੋਂ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਦੀ ਪਹਿਲਕਦਮੀ ਅਤੇ ਕਾਮਰੇਡ ਸਿੰਗਵੇਲਰ ਦੁਆਰਾ ਜਸ਼ਨਾਂ ਦੀ ਅਗਵਾਈ ਕਰਨ ਤੋਂ ਬਾਅਦ ਲੋਕਾਂ ਨੇ ਇਹ ਦਿਨ ਮਨਾਉਣਾ ਸ਼ੁਰੂ ਕੀਤਾ। ਇਕ ਮਤਾ ਜਿਸ ਵਿਚ ਕਿਹਾ ਗਿਆ ਹੈ ਕਿ ਸਰਕਾਰ ਹਰ ਇਕ ਨੂੰ ਮਜ਼ਦੂਰ ਦਿਵਸ 'ਤੇ ਰਾਸ਼ਟਰੀ ਛੁੱਟੀ ਦੀ ਆਗਿਆ ਦੇਵੇ। ਉਦੋਂ ਤੋਂ ਹਰ ਸਾਲ ਮਈ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਮਜ਼ਦੂਰ ਯੂਨੀਅਨਾਂ ਦੇ ਆਗੂਆਂ ਵੱਲੋਂ ਦਿੱਤੇ ਭਾਸ਼ਣ ਅਤੇ ਸਭਿਆਚਾਰਕ ਸਮਾਗਮ ਆਮ ਹਨ। ਇਸ ਦਿਨ ਸਕੂਲ, ਕਾਲਜ ਅਤੇ ਦਫ਼ਤਰ ਆਮ ਤੌਰ 'ਤੇ ਬੰਦ ਰਹਿੰਦੇ ਹਨ।

ਭਾਰਤ ਵਿਚ ਪਹਿਲੀ ਵਾਰ ਮਈ ਦਿਵਸ 1923 ਵਿਚ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਚ ਮਨਾਇਆ ਗਿਆ। ਵਰਤਮਾਨ ਵਿਚ, ਦੇਸ਼ ਭਰ ਵਿਚ ਵਪਾਰਕ ਐਸੋਸੀਏਸ਼ਨਾਂ ਦੁਆਰਾ ਪਰੇਡਾਂ ਦਾ ਆਯੋਜਨ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਕੰਮਕਾਜੀ ਭਾਈਚਾਰੇ ਲਈ ਸਮਾਨਤਾ ਦੀ ਸਾਰਥਿਕਤਾ ਨੂੰ ਸਮਝਾਉਣ ਲਈ ਮੁਕਾਬਲੇ ਕਰਵਾਏ ਜਾਣਗੇ। ਆਏ ਦਿਨ ਸਿਆਸਤਦਾਨਾਂ ਵੱਲੋਂ ਭਾਸ਼ਣ ਦਿੱਤੇ ਜਾਣਗੇ। ਮਈ ਦਿਵਸ ਮਜ਼ਦੂਰਾਂ ਦੇ ਹੱਕਾਂ ਲਈ ਮਨਾਇਆ ਜਾਂਦਾ ਹੈ। ਅੰਤਰ ਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ ਇਸ ਦਿਨ ਨੂੰ ਮਨਾਉਣ ਲਈ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ।

ਮਈ ਦਿਵਸ ਅੰਤਰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। 1 ਮਈ ਨੂੰ ਬੈਂਕ ਛੁੱਟੀ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਇਸਦੀ ਬਜਾਏ, ਇਹ ਹਰ ਸਾਲ ਮਈ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 20ਵੀਂ ਸਦੀ ਵਿਚ ਮਈ ਦਿਵਸ ਨੂੰ ਸੋਵੀਅਤ ਯੂਨੀਅਨ ਦੀ ਅਧਿਕਾਰਿਤ ਤਾਰੀਖ਼ ਦਿੱਤੀ ਗਈ ਸੀ। ਇੰਗਲੈਂਡ ਦੇ ਜਸ਼ਨਾਂ ਵਿਚ ਮੌਰਿਸ ਦਾ ਨੱਚਣਾ ਅਤੇ ਮੇਪੋਲ ਦੇ ਦੁਆਲੇ ਨੱਚਣਾ ਸ਼ਾਮਲ ਹੈ। ਜਰਮਨੀ ਵਿਚ, 1933 ਵਿਚ ਮਜ਼ਦੂਰ ਦਿਵਸ ਨੂੰ ਸਰਕਾਰੀ ਛੁੱਟੀ ਵਜੋਂ ਘੋਸ਼ਿਤ ਕੀਤਾ ਗਿਆ ਸੀ। ਇਹ ਭਾਰਤ ਵਿਚ ਇਕ ਛੁੱਟੀ ਹੈ ਅਤੇ ਕਈ ਰਾਜਾਂ ਵਿਚ ਮਨਾਇਆ ਜਾਂਦਾ ਹੈ। ਭਾਰਤ ਵੱਖ-ਵੱਖ ਨਾਵਾਂ ਨਾਲ ਮਜ਼ਦੂਰ ਦਿਵਸ ਮਨਾਉਂਦਾ ਹੈ। ਹਿੰਦੀ ਵਿਚ ਇਸ ਨੂੰ ਕਾਮਗਾਰ ਦਿਨ ਕਿਹਾ ਜਾਂਦਾ ਹੈ। ਮਰਾਠੀ ਵਿਚ ਇਸ ਨੂੰ ਕਾਮਗਾਰ ਦਿਨ ਅਤੇ ਤਾਮਿਲ ਵਿਚ ਉਝਾਈਪਾਲਰ ਧੀਨਾਮ ਕਿਹਾ ਜਾਂਦਾ ਹੈ।

ਮਈ ਦਿਵਸ ਜਾਂ ਮਜ਼ਦੂਰ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਸਵੀਡਨ, ਫਰਾਂਸ, ਪੋਲੈਂਡ, ਫਿਨਲੈਂਡ, ਨਾਰਵੇ, ਸਪੇਨ, ਜਰਮਨੀ, ਇਟਲੀ ਆਦਿ ਸਮੇਤ ਸਾਰੇ ਯੂਰਪੀਅਨ ਦੇਸ਼ਾਂ ਵਿਚ ਦੇਸ਼ ਵਿਆਪੀ ਛੁੱਟੀ ਹੈ। ਪਨਾਮਾ, ਕਿਊਬਾ, ਮੈਕਸੀਕੋ, ਗੁਆਨਾ, ਪੇਰੂ, ਉਰੂਗਵੇ, ਬ੍ਰਾਜ਼ੀਲ, ਅਰਜਨਟੀਨਾ ਅਤੇ ਚਿਲੀ ਵੀ ਇਹ ਦਿਨ ਮਨਾਉਂਦੇ ਹਨ। ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਆਸਟ੍ਰੇਲੀਆ ਵਿਚ ਮਈ ਦਿਵਸ ਸਾਲ ਦੇ ਵੱਖ-ਵੱਖ ਸਮੇਂ ਮਨਾਇਆ ਜਾਂਦਾ ਹੈ।

ਮਈ ਦਿਵਸ ਜਾਂ ਮਜ਼ਦੂਰ ਦਿਵਸ ਮਜ਼ਦੂਰ ਵਰਗ ਨੂੰ ਸਨਮਾਨ ਦੇਣ ਲਈ ਮਨਾਇਆ ਜਾਂਦਾ ਹੈ। ਜਿਸ ਨੂੰ ਕਦੇ ਦਿਨ ਵਿਚ 8 ਘੰਟੇ ਤੋਂ ਵੱਧ ਕੰਮ ਕਰਨ ਲਈ ਕਿਹਾ ਜਾਂਦਾ ਸੀ ਅਤੇ ਘੱਟ ਤਨਖਾਹ ਦਿੱਤੀ ਜਾਂਦੀ ਸੀ। ਇਹ ਦਿਨ ਵਿਸ਼ੇਸ਼ ਤੌਰ 'ਤੇ ਮਜ਼ਦੂਰਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿਚ ਕਰਮਚਾਰੀਆਂ ਨੂੰ ਦਿਨ ਵਿਚ 8 ਘੰਟੇ ਤੋਂ ਵੱਧ ਕੰਮ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਹੈ। ਕੰਮ ਦਾ ਸਮਾਂ ਵਧਾਇਆ ਜਾ ਸਕਦਾ ਹੈ, ਪਰ ਨਿਯਮਿਤ ਮਜ਼ਦੂਰੀ ਤੋਂ ਇਲਾਵਾ ਵਾਧੂ ਮਿਹਨਤਾਨਾ ਦਿੱਤਾ ਜਾਣਾ ਚਾਹੀਦਾ ਹੈ। ਮਈ ਦਿਵਸ ਅਸਲ ਵਿਚ ਵਿਸ਼ਵ ਭਰ ਦੇ ਮਜ਼ਦੂਰਾਂ ਲਈ ਇਕ ਤਿਉਹਾਰ ਹੈ ਅਤੇ ਇਹ ਉਹਨਾਂ ਦਾ ਸਨਮਾਨ ਕਰਦਾ ਹੈ। ਇਹ ਇਕ ਰਵਾਇਤੀ ਉਤਰੀ ਗੋਲਿਸਫਾਇਰ ਬਸੰਤ ਤਿਉਹਾਰ ਵੀ ਹੈ।

# ਮਾਨਸਿਕ ਸਿਹਤ: ਇੱਕ ਚੁੱਪ ਸੰਕਟ ਜੋ ਤੁਰੰਤ ਕਾਰਵਾਈ ਦੀ ਮੰਗ ਕਰਦਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਮਾਨਸਿਕ ਤੰਦਰੁਸਤੀ ਨੂੰ ਹੁਣ ਸਰੀਰਕ ਸਿਹਤ ਤੋਂ ਬਾਅਦ ਦੂਜੇ ਦਰਜੇ 'ਤੇ ਨਹੀਂ ਮੰਨਿਆ ਜਾ ਸਕਦਾ। ਜਿਵੇਂ-ਜਿਵੇਂ ਸਰਕਾਰੀ ਪਹਿਲਕਦਮੀਆਂ ਆਕਾਰ ਲੈਂਦੀਆਂ ਹਨ ਅਤੇ ਜਨਤਕ ਜਾਗਰੂਕਤਾ ਵਧਦੀ ਹੈ, ਸਾਡੇ ਦੇਸ਼ ਦੀ ਮਾਨਸਿਕ ਸਿਹਤ ਅਤੇ ਇਸ ਦੇ ਨਾਲ, ਸਾਡੇ ਭਵਿੱਖ ਦੀ ਰੱਖਿਆ ਲਈ ਇੱਕ ਸਮੂਹਿਕ, ਹਮਦਰਦੀ ਭਰੇ ਜਵਾਬ ਦਾ ਸਮਾਂ ਆ ਗਿਆ ਹੈ।

ਇੱਕ ਪੁਰਾਣੀ ਕਹਾਵਤ ਹੈ ਕਿ ਇੱਕ ਸਿਹਤਮੰਦ ਮਨ ਇੱਕ ਸਿਹਤਮੰਦ ਸਰੀਰ ਵੱਲ ਲੈ ਜਾਂਦਾ ਹੈ - ਮੈਂ ਇਸ ਨਾਲ ਹੋਰ ਸਹਿਮਤ ਨਹੀਂ ਹੋ ਸਕਦਾ! ਮਹਾਂਮਾਰੀ ਤੋਂ ਬਾਅਦ, ਅਸੀਂ ਮਾਨਸਿਕ ਸਿਹਤ ਨਾਲ ਸਬੰਧਤ ਸਥਿਤੀਆਂ ਵਿੱਚ ਭਾਰੀ ਵਾਧਾ ਦੇਖ ਰਹੇ ਹਾਂ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਅੱਜ ਵੱਡੀ ਗਿਣਤੀ ਵਿੱਚ ਲੋਕ ਬੇਕਾਬੂ ਤਣਾਅ, ਉਦਾਸੀ ਅਤੇ ਚਿੰਤਾ ਤੋਂ ਪੀੜਤ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਇਹ ਬਿਮਾਰੀਆਂ ਉਮਰ ਦੇ ਸਪੈਕਟ੍ਰਮ ਵਿੱਚ ਪ੍ਰਭਾਵਿਤ ਹੋ ਰਹੀਆਂ ਹਨ,ਭਾਵੇਂ ਉਹ ਵਿਦਿਆਰਥੀ ਹੋਣ, ਨੌਜਵਾਨ ਹੋਣ ਜਾਂ ਬਜ਼ੁਰਗ। ਜਦੋਂ ਅਸੀਂ ਮਾਨਸਿਕ ਸਿਹਤ ਨਾਲ ਸਬੰਧਤ ਅੰਕੜਿਆਂ 'ਤੇ ਨਜ਼ਰ ਮਾਰਦੇ ਹਾਂ, ਤਾਂ ਇਹ ਇੱਟਾਂ ਨਾਲ ਮਾਰਨ ਵਰਗਾ ਹੈ। ਇਸ ਮੁੱਦੇ ਦੀ ਹੱਦ ਇੰਨੀ ਜ਼ਿਆਦਾ ਹੈ ਕਿ ਭਾਰਤ ਵਿੱਚ ਹਰ ਘੰਟੇ ਇੱਕ ਵਿਦਿਆਰਥੀ ਖੁਦਕੁਸ਼ੀ ਕਰ ਰਿਹਾ ਹੈ।

ਦੇਸ਼ ਭਰ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਧਦੀਆਂ ਖੁਦਕੁਸ਼ੀਆਂ ਦੀਆਂ ਮੌਤਾਂ ਦਾ ਨੋਟਿਸ ਲੈਂਦੇ ਹੋਏ, ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਕੈਂਪਸਾਂ ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਨੂੰ ਰੋਕਣ ਅਤੇ ਉਨ੍ਹਾਂ ਦੇ ਮਾਨਸਿਕ ਸਿਹਤ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਵਿਧੀ ਲਈ ਇੱਕ ਰਾਸ਼ਟਰੀ ਟਾਸਕ ਫੋਰਸ ਦਾ ਗਠਨ ਕੀਤਾ ਹੈ।

ਬੈਂਚ ਨੇ ਕਿਹਾ ਕਿ 2021 ਲਈ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੇ ਅੰਕੜੇ ਇਸ ਗੰਭੀਰ ਹਕੀਕਤ ਨੂੰ ਉਜਾਗਰ ਕਰਦੇ ਹਨ ਕਿ ਦੇਸ਼ ਵਿੱਚ 13,000 ਤੋਂ ਵੱਧ ਵਿਦਿਆਰਥੀਆਂ ਨੇ ਖੁਦਕੁਸ਼ੀ ਕਰਕੇ ਆਪਣੀਆਂ ਜਾਨਾਂ ਗੁਆ ਦਿੱਤੀਆਂ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਡਿਪਰੈਸ਼ਨ ਵਿਸ਼ਵ ਪੱਧਰ 'ਤੇ 300 ਮਿਲੀਅਨ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਅਤੇ ਇਹ 2030 ਤੱਕ ਅਪੰਗਤਾ ਦਾ ਮੁੱਖ ਕਾਰਨ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ।

2024 ਵਿੱਚ, ਭਾਰਤ ਵਿੱਚ ਅਧਿਐਨ ਡਿਪਰੈਸ਼ਨ ਦੇ ਇੱਕ ਮਹੱਤਵਪੂਰਨ ਬੋਝ ਨੂੰ ਪ੍ਰਗਟ ਕਰਨਾ ਜਾਰੀ ਰੱਖਦੇ ਹਨ, ਅੰਦਾਜ਼ੇ ਅਨੁਸਾਰ 56 ਮਿਲੀਅਨ ਤੋਂ ਵੱਧ ਲੋਕ ਪ੍ਰਭਾਵਿਤ ਹਨ ਅਤੇ ਖੋਜ ਇੱਕ ਵਧ ਰਹੇ ਰੁਝਾਨ ਵੱਲ ਇਸ਼ਾਰਾ ਕਰਦੀ ਹੈ, ਖਾਸ ਕਰਕੇ ਪੇਂਡੂ ਖੇਤਰਾਂ ਅਤੇ ਕੁਝ ਖਾਸ ਜਨਸੰਖਿਆ ਵਿੱਚ।

ਤੇਜ਼ੀ ਨਾਲ ਸ਼ਹਿਰੀਕਰਨ, ਆਰਥਿਕ ਦਬਾਅ, ਸਮਾਜਿਕ ਅਲੱਗ-ਥਲੱਗਤਾ ਅਤੇ ਮਹਾਂਮਾਰੀ ਵਰਗੇ ਕਾਰਕਾਂ ਨੇ ਇਸ ਵਾਧੇ ਵਿੱਚ ਯੋਗਦਾਨ ਪਾਇਆ ਹੈ। ਭਾਰਤ ਵਿੱਚ ਬਾਈਪੋਲਰ ਡਿਸਆਰਡਰ ਲੈਂਡਸਕੇਪ ਵੀ ਕਾਫ਼ੀ ਗੰਭੀਰ ਹੈ, ਦੇਸ਼ ਵਿੱਚ ਲਗਭਗ 150 ਵਿੱਚੋਂ 1 ਵਿਅਕਤੀ ਇਸ ਤੋਂ ਪੀੜਤ ਹੈ, ਅਤੇ ਕਾਫ਼ੀ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ 70 ਪ੍ਰਤੀਸ਼ਤ ਦਾ ਇਲਾਜ ਨਹੀਂ ਕੀਤਾ ਜਾਂਦਾ।

ਇਹ ਘੱਟ ਮੂਡ, ਊਰਜਾ ਵਿੱਚ ਕਮੀ, ਦਿਲਚਸਪੀ ਵਿੱਚ ਕਮੀ, ਨੀਂਦ ਦੀਆਂ ਸਮੱਸਿਆਵਾਂ, ਵਿਚਾਰਾਂ ਜਾਂ ਸਵੈ-ਨੁਕਸਾਨ ਦੇ ਕੰਮਾਂ, ਅਤੇ ਨਾਲ ਹੀ ਮਨੀਆ ਦੇ ਐਪੀਸੋਡਾਂ ਦੁਆਰਾ ਦਰਸਾਇਆ ਜਾਂਦਾ ਹੈ। ਖੋਜ ਹੁਣ ਇਸ ਤੱਥ 'ਤੇ ਰੌਸ਼ਨੀ ਪਾ ਰਹੀ ਹੈ ਕਿ ਖੁਦਕੁਸ਼ੀ ਕਰਨ ਵਾਲੇ 60 ਪ੍ਰਤੀਸ਼ਤ ਲੋਕਾਂ ਨੂੰ ਡਿਪਰੈਸ਼ਨ ਜਾਂ ਬਾਈਪੋਲਰ ਡਿਸਆਰਡਰ ਵਰਗੀ ਮੂਡ ਬਿਮਾਰੀ ਸੀ। ਇਹ ਖੋਜ ਮਹੱਤਵਪੂਰਨ ਹੈ ਕਿਉਂਕਿ ਇਹ ਇਸ ਸਭ ਤੋਂ ਦੁਖਦਾਈ ਅੰਤਮ ਪੜਾਅ ਤੋਂ ਪਹਿਲਾਂ ਕਈ ਤਰੱਕੀਆਂ ਵੱਲ ਇਸ਼ਾਰਾ ਕਰਦੀ ਹੈ।




ਜਦੋਂ ਅਸੀਂ ਭਾਰਤ ਵਿੱਚ ਮਾਨਸਿਕ ਸਿਹਤ ਦੇ ਦ੍ਰਿਸ਼ਟੀਕੋਣ ਨੂੰ ਡੂੰਘਾਈ ਨਾਲ ਵੇਖਦੇ ਹਾਂ, ਤਾਂ ਕਈ ਮੁੱਦੇ ਸਾਹ-ਮਣੇ ਆਉਂਦੇ ਹਨ ਜਿਨ੍ਹਾਂ ਦਾ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਜਦੋਂ ਅਸੀਂ ਭਾਰਤ ਵਿੱਚ ਮਾਨਸਿਕ ਸਿਹਤ ਦੇ ਦ੍ਰਿਸ਼ਟੀਕੋਣ ਨੂੰ ਡੂੰਘਾਈ ਨਾਲ ਵੇਖਦੇ ਹਾਂ, ਤਾਂ ਕਈ ਮੁੱਦੇ ਸਾਹ-ਮਣੇ ਆਉਂਦੇ ਹਨ ਜਿਨ੍ਹਾਂ ਦਾ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਮਾਮਲੇ ਵਿੱਚ, ਬਹੁਤ ਸਾਰੇ ਲੋਕ ਭੌਤਿਕ ਚੀਜ਼ਾਂ ਦੀ ਭਾਲ ਵਿੱਚ ਬਹੁਤ ਰੁੱਝੇ ਹੋਏ ਹਨ ਕਿਉਂਕਿ ਉਨ੍ਹਾਂ ਲਈ ਪੂਰੀ ਜਗ੍ਹਾ ਬਹੁਤ ਮੁਕਾਬਲੇ ਵਾਲੀ ਹੋ ਗਈ ਹੈ, ਆਰਾਮ ਅਤੇ ਆਰਾਮ ਕਰਨ 'ਤੇ ਧਿਆਨ ਘੱਟ ਗਿਆ ਹੈ, ਅਤੇ ਨਤੀਜੇ ਵਜੋਂ ਬਰਨਆਉਟ ਅਤੇ ਡਿਪਰੈਸ਼ਨ ਉਨ੍ਹਾਂ ਦੇ ਜੀਵਨ ਨੂੰ ਘੇਰ ਲੈਂਦਾ ਹੈ।

ਇਸ ਸਭ ਦੇ ਵਿੱਚ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਦਬਾਅ ਵਧਾਉਣ ਅਤੇ ਅਪ੍ਰਾਪਤ ਅਤੇ ਅਤਿ-ਮਹਾਂਕਾਸ਼ਾਲੀ ਟੀਚੇ ਨਿਰਧਾਰਤ ਕਰਨ ਵਿੱਚ ਪ੍ਰਭਾਵ - ਸਾਥੀਆਂ ਦੇ ਦਬਾਅ ਦੇ ਸ਼ਿਸ਼ਟਾਚਾਰ ਨਾਲ, ਨੌਜਵਾਨਾਂ ਦੇ ਜੀਵਨ ਵਿੱਚ ਤਬਾਹੀ ਮਚਾ ਰਿਹਾ ਹੈ।

ਬਜ਼ੁਰਗਾਂ ਦੇ ਮਾਮਲੇ ਵਿੱਚ, ਅਸੀਂ ਇਕੱਲਤਾ ਵਿੱਚ ਵਾਧਾ ਦੇਖ ਰਹੇ ਹਾਂ ਕਿਉਂਕਿ ਉਨ੍ਹਾਂ ਦੇ ਬੱਚੇ ਜਾਂ ਤਾਂ ਪੜ੍ਹਾਈ ਜਾਂ ਨੌਕਰੀਆਂ ਕਾਰਨ ਉਨ੍ਹਾਂ ਨਾਲ ਨਹੀਂ ਰਹਿ ਰਹੇ ਹਨ, ਜਾਂ ਰੁਝੇਵਿਆਂ ਅਤੇ ਆਪਣੇ ਰੁਝੇਵਿਆਂ ਤੋਂ ਵੱਖ ਹੋਣ ਦੀ ਅਸਮਰੱਥਾ ਕਾਰਨ ਬਹੁਤ ਘੱਟ ਸਮਾਂ ਬਿਤਾ ਰਹੇ ਹਨ। ਇਸ ਲਈ, ਬੁੱਢੇ ਹੋਣ ਦਾ ਡਰ ਹੈ, ਨਾਲ ਹੀ ਵਧਦੀ ਅਸੁਰੱਖਿਆ ਵੀ ਹੈ - ਕਿ ਜਦੋਂ ਉਹ ਵਧਦੀ ਉਮਰ ਕਾਰਨ ਆਪਣੀਆਂ ਸਰੀਰਕ ਸੀਮਾਵਾਂ 'ਤੇ ਪਹੁੰਚ ਜਾਂਦੇ ਹਨ ਤਾਂ ਉਨ੍ਹਾਂ ਦੀ ਦੇਖਭਾਲ ਕੌਣ ਕਰੇਗਾ।

ਮਹਾਂਮਾਰੀ ਤੋਂ ਬਾਅਦ, ਅਸੀਂ ਮਾਨਸਿਕ ਸਿਹਤ ਮੁੱਦਿਆਂ 'ਤੇ ਇੱਕ ਨਵਾਂ ਧਿਆਨ ਕੇਂਦਰਿਤ ਕਰ ਰਹੇ ਹਾਂ ਅਤੇ ਬਹੁਤ ਜ਼ਿਆਦਾ ਜ਼ੋਰ ਦੇ ਰਹੇ ਹਾਂ। ਹੁਣ ਉਨ੍ਹਾਂ ਨੂੰ ਬਹੁਤ ਸਾਰੇ ਸਰੀਰਕ ਮੁੱਦਿਆਂ ਵਾਂਗ ਹੀ ਤਰਜੀਹ ਦਿੱਤੀ ਜਾ ਰਹੀ ਹੈ।

ਭਾਰਤ ਸਰਕਾਰ ਨੇ ਮਾਨਸਿਕ ਸਿਹਤ ਨੂੰ ਸੰਬੋਧਿਤ ਕਰਨ ਲਈ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਰਾਸ਼ਟਰੀ ਟੈਲੀ ਮਾਨਸਿਕ ਸਿਹਤ ਪ੍ਰੋਗਰਾਮ (ਟੈਲੀ ਮਾਨਸ) ਅਤੇ ਆਯੁਸ਼ਮਾਨ ਭਾਰਤ, ਐੱਚਡਬਲਯੂਸੀ ਸਕੀਮ ਸ਼ਾਮਲ ਹਨ।

ਟੈਲੀ ਮਾਨਸ ਟੋਲ-ਫ੍ਰੀ ਹੈਲਪਲਾਈਨ ਰਾਹੀਂ ਮੁਫ਼ਤ, 24/7 ਮਾਨਸਿਕ ਸਿਹਤ ਸਹਾਇਤਾ ਪ੍ਰਦਾਨ ਕਰਦਾ ਹੈ, ਜਦੋਂ ਕਿ ਆਯੁਸ਼ਮਾਨ ਭਾਰਤ ਯੋਜਨਾ ਮਾਨਸਿਕ ਸਿਹਤ ਸੇਵਾਵਾਂ ਨੂੰ ਮੁੱਢਲੀ ਸਿਹਤ ਸੰਭਾਲ ਵਿੱਚ ਜੋੜਦੀ ਹੈ। ਇਸ ਤੋਂ ਇਲਾਵਾ, ਰਾਸ਼ਟਰੀ ਮਾਨਸਿਕ ਸਿਹਤ ਪ੍ਰੋਗਰਾਮ (NMHP) ਅਤੇ ਜ਼ਿਲ੍ਹਾ ਮਾਨਸਿਕ ਸਿਹਤ ਪ੍ਰੋਗਰਾਮ (DMHP) ਭਾਰਤ ਦੀਆਂ ਮਾਨਸਿਕ ਸਿਹਤ ਸੇਵਾਵਾਂ ਦੇ ਮੁੱਖ ਹਿੱਸੇ ਹਨ। ਬਜ਼ੁਰਗਾਂ ਲਈ, ਸਰਕਾਰ ਨੇ ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਰਾਸ਼ਟਰੀ ਪ੍ਰੋਗਰਾਮ (NPHCE) ਅਤੇ ਅਟਲ ਵਾਯੋ ਅਭਿਯੁਦਯ ਯੋਜਨਾ (AVYAY) ਸ਼ੁਰੂ ਕੀਤੀ ਹੈ।

NPHCE ਸੀਨੀਅਰ ਨਾਗਰਿਕਾਂ ਨੂੰ ਮਾਨਸਿਕ ਸਿਹਤ ਸੇਵਾਵਾਂ ਸਮੇਤ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਦਾ ਹੈ। AVYAY ਸੀਨੀਅਰ ਨਾਗਰਿਕਾਂ ਲਈ ਵੱਖ-ਵੱਖ ਭਲਾਈ ਪਹਿਲਕਦਮੀਆਂ ਦਾ ਸਮਰਥਨ ਕਰਦਾ ਹੈ, ਜਿਸ ਵਿੱਚ ਮਾਨਸਿਕ ਸਿਹਤ ਸੇਵਾਵਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਲਈ ਗ੍ਰਾਂਟ-ਇਨ-ਏਡ ਸ਼ਾਮਲ ਹੈ। ਇਸ ਤੋਂ ਇਲਾਵਾ, ਸੀਨੀਅਰ ਨਾਗਰਿਕਾਂ ਲਈ ਰਾਸ਼ਟਰੀ ਹੈਲਪਲਾਈਨ (ਐਲਡਰਲਾਈਨ) ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਲਈ ਭਾਵਨਾਤਮਕ ਸਹਾਇਤਾ ਸਮੇਤ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।


ਇਹ ਬਹੁਤ ਹੀ ਭਰੋਸਾ ਦੇਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦੇ ਸਭ ਤੋਂ ਉੱਚੇ ਪੱਧਰ - ਸਥਿਤੀ ਦੀ ਗੰਭੀਰਤਾ ਤੋਂ ਜਾਣੂ ਅਤੇ ਜ਼ਿੰਦਾ ਹਨ। ਦਰਅਸਲ, ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨੇ ਆਪਣੇ ਵਿਚਾਰਾਂ ਅਤੇ ਸੰਭਾਵਿਤ ਹੱਲਾਂ ਨਾਲ ਅੱਗੇ ਵਧ ਕੇ ਅਗਵਾਈ ਕੀਤੀ ਹੈ ਜੋ ਇਸ ਮਹੱਤਵਪੂਰਨ ਵਿਸ਼ੇ ਨੂੰ ਹੱਲ ਕਰਨ ਵਿੱਚ ਬਹੁਤ ਮਦਦ ਕਰ ਸਕਦੇ ਹਨ। ਆਪਣੇ ਪ੍ਰਸਿੱਧ ਮਾਸਿਕ ਪ੍ਰੋਗਰਾਮ 'ਮਨ ਕੀ ਬਾਤ' ਵਿੱਚ, ਉਨ੍ਹਾਂ ਨੇ ਮੌਜੂਦਾ ਯੁੱਗ ਵਿੱਚ ਮਾਨਸਿਕ ਸਿਹਤ, ਖਾਸ ਕਰਕੇ ਨੌਜਵਾਨਾਂ ਵਿੱਚ, ਦੀ ਮਹੱਤਤਾ ਨੂੰ ਉਜਾਗਰ ਕੀਤਾ, ਅਤੇ ਮਾਨਸਿਕ ਸਿਹਤ ਨੂੰ ਉੱਚਾ ਚੁੱਕਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀ ਤਕਨਾਲੋਜੀ ਦੀ ਵਰਤੋਂ ਦੇ ਨਾਲ-ਨਾਲ ਸਰੀਰਕ ਗਤੀਵਿਧੀ, ਖੁਰਾਕ, ਯੋਗਾ ਦੀ ਭੂਮਿਕਾ ਬਾਰੇ ਸਪੱਸ਼ਟਤਾ ਨਾਲ ਗੱਲ ਕੀਤੀ। ਇਸ ਵਿੱਚ ਕਾਉਂਸਲਿੰਗ, ਸਮਰਪਿਤ ਮੌਜੂਦਗੀ ਅਤੇ ਮਾਹਿਰਾਂ ਦੀ 24 ਘੰਟੇ ਉਪਲਬਧਤਾ ਸ਼ਾਮਲ ਹੋ ਸਕਦੀ ਹੈ ਜੋ ਮੁਸ਼ਕਲਾਂ ਨੂੰ ਪਛਾਣ ਸਕਦੇ ਹਨ ਅਤੇ ਉਨ੍ਹਾਂ ਲੋਕਾਂ ਦੀ ਪਛਾਣ ਕਰ ਸਕਦੇ ਹਨ ਜਿਨ੍ਹਾਂ ਨੂੰ ਸਮੇਂ ਸਿਰ ਮਨੋਵਿਗਿਆਨਕ ਸਹਾਇਤਾ ਅਤੇ ਮਾਰਗਦਰਸ਼ਨ ਦੀ ਲੋੜ ਹੈ, ਇਸ ਤਰ੍ਹਾਂ, ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਸੰਸਥਾਨਾਂ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸ਼ਕਤੀ ਵਿੱਚ ਗਿਰਾਵਟ ਨੂੰ ਬਹੁਤ ਘੱਟ ਕੀਤਾ ਜਾਵੇ।

ਇਹ ਇੱਕ ਸੰਪੂਰਨ ਸੰਸਥਾ ਦੀ ਸਿਰਜਣਾ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਏਗਾ - ਜੋ ਸਿਰਫ਼ ਪੜ੍ਹਾਈ 'ਤੇ ਹੀ ਕੇਂਦ੍ਰਿਤ ਨਹੀਂ ਹੈ ਬਲਕਿ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਿਕਾਸ ਦੇ ਰਾਹ ਵੀ ਪੈਦਾ ਕਰਦੀ ਹੈ।

ਅੰਤ ਵਿੱਚ, ਸਾਨੂੰ ਜ਼ਮੀਨੀ ਹਕੀਕਤਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਸਾਡੀ ਯਾਤਰਾ ਇਸ ਬਹੁਤ ਲੰਬੇ ਅਤੇ ਔਖੇ ਰਸਤੇ 'ਤੇ ਹੁਣੇ ਸ਼ੁਰੂ ਹੋਈ ਹੈ, ਅਤੇ ਇਸ ਮੁੱਖ ਸਿਹਤ ਪਹਿਲੂ ਨੂੰ ਹੱਲ ਕਰਨ ਲਈ ਕਈ ਤਰੀਕੇ ਅਪਣਾਉਣੇ ਪੈਣਗੇ, ਜਿਸਦਾ ਸਾਡੇ ਦੇਸ਼ 'ਤੇ ਬਹੁਤ ਵੱਡਾ ਪ੍ਰਭਾਵ ਹੈ।

ਮਾਨਸਿਕ ਸਿਹਤ 'ਸਵਾਸਥ ਭਾਰਤ' ਦੇ ਸੁਪਨੇ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਇਸਦਾ ਰਾਸ਼ਟਰੀ ਸਿਰਜਣਾਤਮਕਤਾ ਅਤੇ ਉਤਪਾਦਕਤਾ 'ਤੇ ਸਿੱਧਾ ਅਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਜਦੋਂ ਕਿ ਆਉਣ ਵਾਲੇ ਸਮੇਂ ਵਿੱਚ ਮਾਨਸਿਕ ਬਿਮਾਰੀਆਂ ਵਿੱਚ ਯੋਗਦਾਨ ਪਾਉਣ ਵਾਲੇ ਕਾਰਕ ਸਿਰਫ ਵਧਣਗੇ, ਇਹ ਸਾਡੀ ਸਰਗਰਮ ਅਤੇ ਸਿਰ-ਉੱਚ ਸ਼ਮੂਲੀਅਤ ਹੈ, ਜੋ ਪ੍ਰਭਾਵਸ਼ਾਲੀ ਇਲਾਜਾਂ ਨੂੰ ਯਕੀਨੀ ਬਣਾਏਗੀ।

# ਗਰਮੀ ਦਾ ਜੀਵਨ ਦੀ ਸੰਭਾਵਨਾ 'ਤੇ ਪ੍ਰਭਾਵ




ਵਿਜੇ ਗਰਗ

ਦੇਸ਼ ਇਸ ਸਮੇਂ ਗਰਮੀ ਦੀ ਲਪੇਟ ਵਿੱਚ ਹੈ, ਜਿਸਦੀ ਤੀਬਰਤਾ ਲਗਾਤਾਰ ਵੱਧ ਰਹੀ ਹੈ। ਕਲਾਈਮੇਟਰ ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਮੌਜੂਦਾ ਗਰਮੀ ਦੀ ਲਹਿਰ 1950 ਤੋਂ ਬਾਅਦ ਕਿਸੇ ਵੀ ਹੋਰ ਸਾਲ ਨਾਲੋਂ ਔਸਤਨ ਚਾਰ ਡਿਗਰੀ ਸੈਲਸੀਅਸ ਜ਼ਿਆਦਾ ਗਰਮ ਰਹੀ ਹੈ। ਇਹ ਅੰਤਰ ਯੂਰਪੀਅਨ ਮੌਸਮ ਏਜੰਸੀ ਕੋਪਰਨਿਕਸ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ। ਅਧਿਐਨ ਇਹ ਸਪੱਸ਼ਟ ਕਰਦਾ ਹੈ ਕਿ ਮੌਜੂਦਾ ਗਰਮੀ ਦੀਆਂ ਲਹਿਰਾਂ ਪਹਿਲਾਂ ਨਾਲੋਂ ਵਧੇਰੇ ਘਾਤਕ ਹਨ ਅਤੇ ਇਹ ਮੁੱਖ ਤੌਰ 'ਤੇ ਮਨੁੱਖ-ਪ੍ਰੇਰਿਤ ਜਲਵਾਯੂ ਪਰਿਵਰਤਨ ਕਾਰਨ ਹੈ, ਜੋ ਕਿ ਹੁਣ ਮਨੁੱਖੀ ਸਿਹਤ ਲਈ ਇੱਕ ਗੰਭੀਰ ਖ਼ਤਰਾ ਬਣ ਗਿਆ ਹੈ। ਹਾਲੀਆ ਰਿਪੋਰਟਾਂ ਦੇ ਅਨੁਸਾਰ, ਗਰਮੀ ਦੀਆਂ ਲਹਿਰਾਂ ਦੀ ਤੀਬਰਤਾ ਵਿੱਚ ਵਾਧੇ ਦੇ ਪਿੱਛੇ ਮਨੁੱਖ-ਕਾਰਨ ਜਲਵਾਯੂ ਪਰਿਵਰਤਨ ਹੈ। ਗਰਮੀ ਦੀ ਲਹਿਰ ਦੇ ਨਾਲ-ਨਾਲ, ਭਾਰਤ ਨੇ ਕਈ ਮੌਸਮੀ ਤਬਦੀਲੀਆਂ ਵੀ ਵੇਖੀਆਂ ਹਨ ਜਿਵੇਂ ਕਿ ਸਤ੍ਹਾ ਦੇ ਹਵਾ ਦੇ ਦਬਾਅ ਵਿੱਚ ਵਾਧਾ, ਹਵਾ ਦੀ ਗਤੀ ਵਿੱਚ ਕਮੀ, ਤਾਪਮਾਨ ਦੇ ਪੈਟਰਨਾਂ ਵਿੱਚ ਤਬਦੀਲੀ ਅਤੇ ਨਮੀ ਵਿੱਚ ਵਾਧਾ। ਰਿਪੋਰਟ ਦਰਸਾਉਂਦੀ ਹੈ ਕਿ ਪਿਛਲੇ 80 ਸਾਲਾਂ ਵਿੱਚ ਮਹਾਨਗਰਾਂ ਵਿੱਚ ਬਹੁਤ ਜ਼ਿਆਦਾ ਗਰਮੀ ਵਾਲੇ ਦਿਨਾਂ ਦੀ ਗਿਣਤੀ ਤਿੰਨ ਗੁਣਾ ਵਧੀ ਹੈ। ਜਿੱਥੇ 1940 ਦੇ ਦਹਾਕੇ ਵਿੱਚ ਸਮੁੰਦਰ ਦੀ ਸਤ੍ਹਾ 'ਤੇ ਸਾਲਾਨਾ ਔਸਤਨ 15 ਦਿਨ ਅਤਿਅੰਤ ਗਰਮੀ ਦਰਜ ਕੀਤੀ ਜਾਂਦੀ ਸੀ, ਹੁਣ ਇਹ ਵੱਧ ਕੇ 50 ਦਿਨ ਹੋ ਗਈ ਹੈ। ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਦੀ ਪ੍ਰੋਸੀਡਿੰਗਜ਼ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਸਮੁੰਦਰੀ ਗਰਮੀ ਦੀਆਂ ਲਹਿਰਾਂ ਵਧੇਰੇ ਤੀਬਰ ਅਤੇ ਲੰਬੀਆਂ ਹੋ ਗਈਆਂ ਹਨ, ਜੋ ਕਿ ਵਿਸ਼ਵਵਿਆਪੀ ਤਾਪਮਾਨ ਵਿੱਚ ਵਾਧੇ ਦਾ ਸਿੱਧਾ ਨਤੀਜਾ ਹੈ। ਤਾਪਮਾਨ ਵਿੱਚ ਲਗਾਤਾਰ ਵਾਧੇ ਕਾਰਨ, ਪਿਛਲੇ ਦਹਾਕਿਆਂ ਵਿੱਚ ਘਾਤਕ ਗਰਮੀ ਦੀਆਂ ਲਹਿਰਾਂ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ, ਦੁਨੀਆ ਭਰ ਵਿੱਚ ਹਰ ਸਾਲ ਔਸਤਨ 1.53 ਲੱਖ ਤੋਂ ਵੱਧ ਲੋਕ ਗਰਮੀ ਦੀਆਂ ਲਹਿਰਾਂ ਕਾਰਨ ਮਰਦੇ ਹਨ, ਜਿਨ੍ਹਾਂ ਵਿੱਚੋਂ ਪੰਜਵਾਂ ਹਿੱਸਾ ਭਾਰਤ ਵਿੱਚ ਹੁੰਦਾ ਹੈ। ਇਸ ਤੋਂ ਬਾਅਦ, ਚੀਨ ਅਤੇ ਰੂਸ ਵਿੱਚ ਸਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਹਨ। ਏਸ਼ੀਆ ਵਿੱਚ ਗਰਮੀਆਂ ਵਿੱਚ ਹੋਣ ਵਾਲੀਆਂ ਸਾਰੀਆਂ ਮੌਤਾਂ ਵਿੱਚੋਂ ਲਗਭਗ 50 ਪ੍ਰਤੀਸ਼ਤ ਅਤੇ ਯੂਰਪ ਵਿੱਚ 30 ਪ੍ਰਤੀਸ਼ਤ ਤੋਂ ਵੱਧ ਗਰਮੀ ਦੀਆਂ ਲਹਿਰਾਂ ਨਾਲ ਜੁੜੀਆਂ ਹੋਈਆਂ ਹਨ। ਹਾਲੀਆ ਅਧਿਐਨਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜਲਵਾਯੂ ਪਰਿਵਰਤਨ ਨੇ ਅਪ੍ਰੈਲ ਦੇ ਮਹੀਨੇ ਵਿੱਚ ਏਸ਼ੀਆ ਭਰ ਵਿੱਚ ਗਰਮੀ ਦੀਆਂ ਲਹਿਰਾਂ ਦੀ ਤੀਬਰਤਾ ਵਿੱਚ ਕਾਫ਼ੀ ਵਾਧਾ ਕੀਤਾ ਹੈ, ਜਿਸ ਨਾਲ ਅਰਬਾਂ ਲੋਕ ਪ੍ਰਭਾਵਿਤ ਹੋਏ ਹਨ। ਸਵਿਟਜ਼ਰਲੈਂਡ ਦੀ ETH ਜ਼ਿਊਰਿਖ ਯੂਨੀਵਰਸਿਟੀ ਦੇ ਇੱਕ ਤਾਜ਼ਾ ਅਧਿਐਨ ਦੇ ਅਨੁਸਾਰ, ਜੇਕਰ ਅਤਿਅੰਤ ਮੌਸਮੀ ਸਥਿਤੀਆਂ ਦੀਆਂ ਘਟਨਾਵਾਂ ਇਸ ਦਰ ਨਾਲ ਵਧਦੀਆਂ ਰਹੀਆਂ, ਤਾਂ ਭਵਿੱਖ ਵਿੱਚ ਗਰਮੀ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਹੋਰ ਵੀ ਵਧਣ ਦੀ ਸੰਭਾਵਨਾ ਹੈ। ਸਾਲ 2003 ਵਿੱਚ, ਯੂਰਪ ਵਿੱਚ ਤਾਪਮਾਨ 47.5 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ, ਜਿਸ ਕਾਰਨ ਗਰਮੀ ਦੀ ਲਹਿਰ ਕਾਰਨ 45 ਹਜ਼ਾਰ ਲੋਕਾਂ ਦੀ ਮੌਤ ਹੋ ਗਈ ਸੀ। ਪਿਛਲੇ 20 ਸਾਲਾਂ ਵਿੱਚ ਇਹ ਗਿਣਤੀ ਇੱਕ ਲੱਖ ਦੇ ਨੇੜੇ ਪਹੁੰਚ ਗਈ ਹੈ। 2013 ਦੇ ਇੱਕ ਵਿਸ਼ਵਵਿਆਪੀ ਅਧਿਐਨ, ਜਿਸ ਵਿੱਚ 47 ਦੇਸ਼ਾਂ ਦੇ 748 ਸ਼ਹਿਰਾਂ ਵਿੱਚ ਗਰਮੀ ਨਾਲ ਸਬੰਧਤ ਮੌਤ ਦਰ ਦਾ ਡਾਟਾ ਇਕੱਠਾ ਕੀਤਾ ਗਿਆ ਸੀ, ਨੇ ਪਾਇਆ ਕਿ ਗਰਮੀ ਦੀਆਂ ਲਹਿਰਾਂ ਦੀਆਂ ਘਟਨਾਵਾਂ ਵਿੱਚ ਕਿਤੇ ਵੀ ਕਮੀ ਨਹੀਂ ਆਈ ਹੈ। ਇਸ ਦੇ ਉਲਟ, ਇਨ੍ਹਾਂ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਖਾਸ ਕਰਕੇ ਯੂਰਪ, ਦੱਖਣੀ ਏਸ਼ੀਆ, ਲਾਤੀਨੀ ਅਮਰੀਕਾ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਰਗੇ ਖੇਤਰਾਂ ਵਿੱਚ। ਵਿਗਿਆਨੀਆਂ ਨੇ ਕਾਰਬਨ ਡਾਈਆਕਸਾਈਡ ਵਿੱਚ ਰਿਕਾਰਡ ਵਾਧੇ ਅਤੇ ਤਾਪਮਾਨ ਵਿੱਚ ਲਗਾਤਾਰ ਵਾਧੇ ਕਾਰਨ ਗਰਮੀ ਦੀ ਲਹਿਰ ਦੀ ਗੰਭੀਰਤਾ ਬਾਰੇ ਖਦਸ਼ਾ ਪ੍ਰਗਟ ਕੀਤਾ ਹੈ। ਗਰਮੀ ਦੀਆਂ ਲਹਿਰਾਂ ਦੀ ਵਧਦੀ ਤੀਬਰਤਾ ਅਤੇ ਘਾਤਕਤਾ ਦੇ ਕਾਰਨ, ਦੇਸ਼ ਦੀ 80 ਪ੍ਰਤੀਸ਼ਤ ਆਬਾਦੀ ਅਤੇ 90 ਪ੍ਰਤੀਸ਼ਤ ਖੇਤਰ ਖ਼ਤਰੇ ਵਿੱਚ ਪੈ ਸਕਦਾ ਹੈ। ਜੇਕਰ ਇਸ ਨਾਲ ਨਜਿੱਠਣ ਲਈ ਤੁਰੰਤ ਕਦਮ ਨਾ ਚੁੱਕੇ ਗਏ, ਤਾਂ ਭਾਰਤ ਨੂੰ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਦੇ ਅਨੁਸਾਰ, ਗਰਮੀ ਦੀਆਂ ਲਹਿਰਾਂ ਮਨੁੱਖੀ ਸਿਹਤ ਲਈ ਬਹੁਤ ਖ਼ਤਰਨਾਕ ਹਨ, ਜਿਸ ਨਾਲ ਡੀਹਾਈਡਰੇਸ਼ਨ, ਹੀਟਸਟ੍ਰੋਕ ਅਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ। ਗਰਮੀ ਦੀਆਂ ਲਹਿਰਾਂ ਤੋਂ ਸਭ ਤੋਂ ਵੱਧ ਜੋਖਮ ਵਾਲੇ ਲੋਕ ਬੱਚੇ, ਬਜ਼ੁਰਗ, ਔਰਤਾਂ, ਫੇਫੜਿਆਂ ਦੀ ਬਿਮਾਰੀ ਵਾਲੇ ਲੋਕ ਅਤੇ ਉਸਾਰੀ ਅਤੇ ਮਜ਼ਦੂਰੀ ਦੇ ਕੰਮ ਵਿੱਚ ਲੱਗੇ ਲੋਕ ਹਨ। ਪਹਿਲਾਂ ਤੋਂ ਮੌਜੂਦ ਡਾਕਟਰੀ ਸਥਿਤੀਆਂ ਵਾਲੇ ਲੋਕ ਖਾਸ ਤੌਰ 'ਤੇ ਕਮਜ਼ੋਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਵਾਧੂ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਹਾਲ ਹੀ ਦੇ ਸਾਲਾਂ ਵਿੱਚ ਗਰਮੀ ਦੀਆਂ ਲਹਿਰਾਂ ਨੇ ਹਰ ਮਹਾਂਦੀਪ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਾਲ 2022 ਦਾ ਅਪ੍ਰੈਲ ਪਿਛਲੇ 122 ਸਾਲਾਂ ਵਿੱਚ ਸਭ ਤੋਂ ਗਰਮ ਸੀ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਅਗਲੇ 26 ਸਾਲਾਂ ਵਿੱਚ ਲਗਭਗ 60 ਕਰੋੜ ਲੋਕ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਇਸ ਨਾਲ 31 ਤੋਂ 48 ਕਰੋੜ ਲੋਕਾਂ ਦੇ ਜੀਵਨ ਪੱਧਰ ਵਿੱਚ ਗਿਰਾਵਟ ਆਵੇਗੀ। ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਰਿਪੋਰਟ ਅਨੁਸਾਰ ਪਿਛਲਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਰਿਹਾ ਹੈ, ਅਤੇ 2025 ਵਿੱਚ ਨਵੇਂ ਵਿਸ਼ਵਵਿਆਪੀ ਗਰਮੀ ਦੇ ਰਿਕਾਰਡ ਸਥਾਪਤ ਹੋਣ ਦੀ ਉਮੀਦ ਹੈ। ਜੇਕਰ ਤਾਪਮਾਨ ਵਾਧੇ ਨੂੰ ਕੰਟਰੋਲ ਨਾ ਕੀਤਾ ਗਿਆ ਤਾਂ ਸਦੀ ਦੇ ਅੰਤ ਤੱਕ ਗਰਮੀ ਕਾਰਨ 15 ਮਿਲੀਅਨ ਜਾਨਾਂ ਖ਼ਤਰੇ ਵਿੱਚ ਪੈ ਸਕਦੀਆਂ ਹਨ। ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਅਨੁਸਾਰ, ਵੱਡੀਆਂ ਜੈਵਿਕ ਬਾਲਣ ਕੰਪਨੀਆਂ ਦੁਆਰਾ ਬਹੁਤ ਜ਼ਿਆਦਾ ਤੇਲ ਅਤੇ ਗੈਸ ਨਿਕਾਸ ਗਲੋਬਲ ਤਾਪਮਾਨ ਨੂੰ ਖਤਰਨਾਕ ਪੱਧਰ 'ਤੇ ਧੱਕਣ ਦਾ ਖ਼ਤਰਾ ਹੈ। ਜੇਕਰ ਮੌਜੂਦਾ ਨਿਕਾਸ ਪੱਧਰ 2050 ਤੱਕ ਜਾਰੀ ਰਿਹਾ, ਤਾਂ ਇਸ ਸਥਿਤੀ ਦੇ ਨਤੀਜੇ ਵਜੋਂ 2100 ਤੱਕ ਲੱਖਾਂ ਮੌਤਾਂ ਹੋ ਸਕਦੀਆਂ ਹਨ। ਖੋਜ ਸੁਝਾਅ ਦਿੰਦੀ ਹੈ ਕਿ ਹਰ ਮਿਲੀਅਨ ਟਨ ਕਾਰਬਨ ਨਿਕਾਸ ਦੇ ਕਾਰਨ 226 ਵਾਧੂ ਗਰਮੀ ਦੀਆਂ ਲਹਿਰਾਂ ਵਾਪਰਦੀਆਂ ਹਨ। ਸੰਯੁਕਤ ਰਾਸ਼ਟਰ ਜਲਵਾਯੂ ਕਮੇਟੀ ਦਾ ਕਹਿਣਾ ਹੈ ਕਿ ਗਲੋਬਲ ਵਾਰਮਿੰਗ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ 2030 ਤੱਕ ਕਾਰਬਨ ਨਿਕਾਸ ਵਿੱਚ 43 ਪ੍ਰਤੀਸ਼ਤ ਦੀ ਕਟੌਤੀ ਜ਼ਰੂਰੀ ਹੈ। ਪਰ ਜਿਸ ਦਰ ਨਾਲ ਧਰਤੀ ਗਰਮ ਹੋ ਰਹੀ ਹੈ, ਉਹ ਅਨੁਮਾਨ ਨਾਲੋਂ ਕਿਤੇ ਤੇਜ਼ ਹੈ। ਜੇਕਰ ਨਿਕਾਸ ਨੂੰ ਨਾ ਰੋਕਿਆ ਗਿਆ, ਤਾਂ ਸਦੀ ਦੇ ਅੰਤ ਤੱਕ ਤਾਪਮਾਨ 4 ਡਿਗਰੀ ਸੈਲਸੀਅਸ ਵੱਧ ਸਕਦਾ ਹੈ, ਜਿਸ ਨਾਲ ਧਰਤੀ ਦੀ ਜੀਵਨ-ਯੋਗਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ।

## ਜ਼ਖ਼ਮੀ ਪਹਿਲਗਾਮ

ਅੱਜ ਪਹਿਲਗਾਮ ਖਾਮੋਸ਼ ਹੈ,
ਸਦਮੇ ਵਿੱਚ ਭਾਰੀ।
ਜਦ ਚੱਲੀ ਉਸਦੇ ਜਿਸਮ ਤੇ,
ਸੀ ਤੇਜ ਕਟਾਰੀ।
ਹਰ ਪਾਸੇ ਖਿੜੀ ਬਹਾਰ ਸੀ,
ਕੋਈ ਫਿਕਰ ਨਾ ਫਾਕਾ।
ਮੰਜਰ ਬਣਿਆ ਖੌਫ ਦਾ,
ਛਾਅ ਗਿਆ ਸੰਨਾਟਾ ।
ਜਦ ਪਾ ਕੇ ਫੌਜੀ ਵਰਦੀਆਂ,
ਰਾਕਸ਼ ਚੜ੍ਹ ਆਏ।
ਉਹਨਾਂ ਛਲਣੀ ਕਰੀ ਮਨੁੱਖਤਾ,
ਆ ਬੰਬ ਵਰਾਏ।
ਉਨ੍ਹਾ ਹੋਲੀ ਖੇਡੀ ਖੂਨ ਦੀ,
ਧਰਤੀ ਪੁੱਤ ਮਾਰੇ।
ਉਹ ਵਾਰਸ ਔਰੰਗਜ਼ੇਬ ਦੇ,
ਸਾਰੇ ਦੇ ਸਾਰੇ ।
ਉਹਨਾਂ ਚੁਣ ਚੁਣ ਇੱਕ ਇੱਕ ਵੀਰ ਤੇ,
ਨਿਸ਼ਾਨਾ ਲਾਇਆ।
ਪਲਾਂ ਛਿਣਾਂ ਵਿੱਚ ਧਰਤ ਨੂੰ,
ਸ਼ਮਸ਼ਾਨ ਬਣਾਇਆ।
ਉਥੇ ਥਾਂ ਥਾਂ ਲਾਸ਼ਾਂ ਖਿਲਰੀਆਂ,
ਸੀ ਧਰਤੀ ਲਾਲੋ ਲਾਲ।
ਉਥੇ ਧਰਤੀ ਅੰਬਰ ਰੋਂਵਦਾ,
ਇਹ ਕਿਵੇਂ ਦੱਸੀਏ ਹਾਲ।
ਉੱਥੇ ਬੇਵਸ ਹੋਈਆਂ ਔਰਤਾਂ,
ਰੋਵਣ ਕਰਲਾਵਣ ।
ਸਾਡੇ ਸਿਰਾਂ ਦੇ ਸਾਂਈ ਬਖਸ਼ ਦੋ,
ਉਹ ਤਰਲੇ ਪਾਵਣ।
ਉਹ ਜਖਮੀ ਵੈਲੀ ਸਹਿਮ ਗਈ,
ਤੱਕ ਖੂਨੀ ਕਾਰਾ।
ਸੁਣ ਪੱਥਰ ਹੋਇਆ ਪਹਿਲਗਾਮ,
ਸਾਰੇ ਦਾ ਸਾਰਾ।
ਕਈ ਪੁੱਤ ਮਾਵਾਂ ਦੇ ਖੋਹ ਲਏ,
ਭੈਣਾਂ ਤੋਂ ਵੀਰੇ।
ਕਈ ਉੱਜੜ ਗਏ ਸੁਹਾਗ ਤੇ,
ਟੁੱਟ ਗਏ ਕਲੀਰੇ।
ਅੱਜ ਖੂਨ ਦੇ ਅਥਰੂ ਰੋਂਵਦੀ,
ਧਰਤੀ ਇਹ ਕਸ਼ਮੀਰ।
ਹੁਣ ਕਿਥੌ ਲਿਆਈਏ ਲੱਭ ਕੇ,
ਇਹ ਛਲਣੀ ਹੋਏ ਸਰੀਰ।
ਅੱਜ ਕੁੱਲ ਕਸ਼ਮੀਰੀਆਂ ਸਾਂਝ ਦੀ,
ਦਿੱਤੀ ਝਲਕ ਦਿਖਾ।
ਅੱਜ ਸਈਅਦ ਅਦੁਲ ਹੁਸੈਨ ਤਾਂ,
ਗਿਆ ਸ਼ਹੀਦੀ ਪਾ।
ਉਨਾਂ ਲਾਸ਼ਾਂ ਮੋਢੇ ਚੁੱਕੀਆਂ,
ਭੇਜੇ ਜ਼ਖਮੀ ਹਸਪਤਾਲ ।
ਇਸ ਸੰਕਟ ਵਿੱਚ ਕਸ਼ਮੀਰ ਨੇ,
ਕੀਤੀ ਕਾਇਮ ਮਿਸਾਲ ।
ਉਥੇ ਹਿੰਦੂ ਮੁਸਲਿਮ ਸਿੱਖ ਸੀ,
ਜਾਂ ਸੀ ਇਸਾਈ।
ਸਾਡੀ ਸਦੀਆਂ ਪੀਡੀ ਸਾਂਝ ਸੀ,
ਨਹੀਂ ਕੋਈ ਲੜਾਈ।
ਅੱਜ ਗੋਦੀ ਮੀਡੀਆ ਧਰਮ ਨੂੰ,
ਮਸਲਾ ਰਿਹਾ ਬਣਾ ।
ਇਨ੍ਹਾਂ ਤਖਤ ਸਲਾਮਤ ਰੱਖਣਾ
ਦੇਣਾ ਦੇਸ਼ ਨੂੰ ਲਾਂਬੂ ਲਾ ।
ਅੱਜ ਹਾਕਮ ਮੇਰੇ ਦੇਸ਼ ਦੇ,
ਨਫਰਤ ਪਾਏ ਫੈਲਾਉਣ।
ਦੇ ਨਾਅਰਾ ਰਾਸ਼ਟਰਵਾਦ ਦਾ,
ਮਨੁੱਖ ਨੂੰ ਬਲੀ ਚੜਾਉਣ।
ਧਰਮ ਦੇ ਨਾਂ ਤੇ ਭਾਈਆਂ ਤੌਂ,
ਜੋ ਭਾਈ ਮਰਵਾਉਣ।
ਆਪਣੇ ਆਪ ਨੂੰ ਮੁਲਕ ਦੇ,
ਰਹਿਬਰ ਉਹ ਅਖਵਾਉਣ।
ਸੁਣੋ ਕਲਮ ਕਿਰਤ ਦੇ ਵਾਰਸੋ,
ਅੱਜ ਦੇਸ਼ ਨੂੰ ਸਾਡੀ ਲੋੜ।
ਸਾਡੀ ਲੋੜ "ਲੰਗੇਰੀ" ਏਕਤਾ,
ਨਹੀਂ ਕਿਸੇ ਚੀਜ਼ ਦੀ ਥੋੜ।
ਅਸੀਂ ਆਪਸ ਵਿੱਚ ਨਹੀਂ ਉਲਝਣਾ,
ਕੋਈ ਪਾਉਣਾ ਨਹੀਂ ਕਲੇਸ਼।
ਫਿਰ ਯੁੱਗੋ ਯੁੱਗ ਰਹੂ ਵੱਸਦਾ,
ਇਹ ਭਾਰਤ ਮੇਰਾ ਦੇਸ਼।

**– ਅਵਤਾਰ "ਲੰਗੇਰੀ**
**94632 60181**

# ਤਾਂ ਕਿ ਬੱਚੇ ਬਾਹਰ ਨਾ ਜਾਣ-1



ਨਿਰਮਲ ਪ੍ਰੇਮੀ, ਰਾਮਗੜ੍ਹ
94631-61691

ਆਪਣੇ ਅਤੇ ਆਪਣੇ ਪਰਿਵਾਰ ਦੇ ਲਈ ਰੋਜ਼ੀ-ਰੋਟੀ ਕਮਾਉਣ ਦੀ ਭਾਲ ਵਿਚ ਬਾਹਰ ਨਿਕਲਣਾ ਅਤੇ ਪ੍ਰਵਾਸੀ ਬਣਨਾ ਕੁਦਰਤ ਦਾ ਬਣਾਇਆ ਇਕ ਇਹੋ ਜਿਹਾ ਚੱਕਰ ਹੈ, ਜਿਸ ਨਾਲ ਧਰਤੀ ਦਾ ਕੋਈ ਵੀ ਪ੍ਰਾਣੀ ਬਚਿਆ ਨਹੀਂ। ਰੋਜ਼ੀ-ਰੋਟੀ ਦੀ ਭਾਲ ਵਿਚ ਸਾਰੇ ਪ੍ਰਾਣੀਆਂ ਨੂੰ ਆਪਣੇ-ਆਪਣੇ ਘਰੋਂ ਨਿਕਲ ਕੇ ਬਾਹਰ ਜਾਣਾ ਹੀ ਪੈਂਦਾ ਹੈ ਕਿਉਂਕਿ ਕੁਦਰਤ ਨੇ ਮਨੁੱਖ ਨੂੰ ਵੱਖਰੀ ਸੋਚ, ਬੁੱਧੀ ਅਤੇ ਯੋਗਤਾ ਨਾਲ ਨਿਵਾਜਿਆ ਹੈ। ਇਸ ਲਈ ਉਹ ਆਪਣੇ ਪ੍ਰਵਾਸ ਦਾ ਰਾਹ ਆਪਣੀ ਆਰਥਿਕ ਹੈਸੀਅਤ, ਆਪਣੇ ਭਵਿੱਖ ਦੀਆਂ ਮਨੋਕਾਮਨਾਵਾਂ, ਕਮਾਈ ਦਾ ਪੱਧਰ, ਚੰਗੀਆਂ ਸਹੂਲਤਾਂ, ਰਾਜ ਦੇਸ਼ ਅਤੇ ਠਿਕਾਣੇ ਆਦਿ ਬਹੁਤ ਕੁਝ ਦੇਖ ਕੇ ਤਹਿ ਕਰਦਾ ਹੈ।

ਪਿਛਲੇ ਪੰਜ ਦਹਾਕਿਆਂ ਤੋਂ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਜਿਹੇ ਦੇਸ਼ ਭਾਰਤ ਦੇ ਪ੍ਰਵਾਸੀਆਂ ਦੇ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। ਰੋਜ਼ਗਾਰ ਦੇ ਇਲਾਵਾ ਭਾਰਤੀ ਕਰੰਸੀ ਦੇ ਮੁਕਾਬਲੇ ਡਾਲਰਾਂ ਦੀਆਂ ਕੀਮਤਾਂ ਵਿਚ ਭਾਰੀ ਫਰਕ, ਸੁਰੱਖਿਆ, ਸਾਫ ਸੁਥਰਾ ਵਾਤਾਵਰਣ, ਸ਼ੁੱਧਤਾ, ਇਮਾਨਦਾਰੀ, ਭ੍ਰਿਸ਼ਟਾਚਾਰ ਮੁਕਤ ਵਾਤਾਵਰਣ, ਸਮਾਜਿਕ ਸੁਰੱਖਿਆ, ਬੱਚਿਆਂ ਦੀ ਸੁਰੱਖਿਆ ਅਤੇ ਬਜ਼ੁਰਗਾਂ ਦੀ ਸੁਰੱਖਿਆ ਜਿਹੀਆਂ ਅਨੇਕਾਂ ਗੱਲਾਂ ਭਾਰਤੀਆਂ ਨੂੰ ਇਹਨਾਂ ਦੇਸ਼ਾਂ ਵਿਚ ਆਉਣ ਦੇ ਲਈ ਆਪਣੇ ਵੱਲ ਧੂਹ ਪਾਉਂਦੀਆਂ ਹਨ।

ਪ੍ਰਵਾਸ ਕਰਨ ਵਾਲਿਆਂ ਵਿਚ ਇਕ ਵਰਗ ਜੋ ਉੱਚ ਸਿੱਖਿਆ ਪ੍ਰਾਪਤ ਖੋਜੀ ਵਿਦਿਆਰਥੀ, ਵਿਗਿਆਨਕ, ਡਾਕਟਰ, ਸਪੇਸ ਵਿਗਿਆਨਕ ਆਦਿ ਜਿਹੇ ਖੇਤਰਾਂ ਨਾਲ ਜੁੜਿਆ ਹੁੰਦਾ ਹੈ। ਇਹੋ ਜਿਹੇ ਹੁਨਰਮੰਦ ਲੋਕਾਂ ਦੇ ਲਈ ਤਾਂ ਲਗਭਗ ਪੂਰੀ ਦੁਨੀਆਂ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ।

ਦੂਜਾ ਵਰਗ ਸਿੱਖਿਆ ਹਾਸਲ ਕਰਨ ਦੀ ਗਰਜ਼ ਨਾਲ ਜਾਂ ਸਿੱਖਿਆ ਹਾਸਲ ਕਰਨ ਦੇ ਬਹਾਨੇ ਇਹਨਾਂ ਦੇਸ਼ਾਂ ਵਿਚ ਜਾਂਦਾ ਹੈ ਅਤੇ ਉਥੋਂ ਦਾ ਹੋ ਕੇ ਰਹਿ ਜਾਂਦਾ ਹੈ ਅਤੇ ਤੀਸਰਾ ਵਰਗ ਪੈਸਿਆਂ ਦੇ ਜੋਰ ਉਤੇ ਇਹਨਾਂ ਦੇਸ਼ਾਂ ਵਿਚ ਜਾਣਾ ਚਾਹੁੰਦਾ ਹੈ ਅਤੇ ਇਹੀ ਵਰਗ ਅਸਾਨੀ ਨਾਲ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਜਾਲ ਵਿਚ ਫਸ ਕੇ ਕਬੂਤਰਬਾਜ਼ੀ ਜਾਂ ਡੰਕੀ ਰੂਟ ਦਾ ਸ਼ਿਕਾਰ ਹੋ ਜਾਂਦਾ ਹੈ। ਇਹੋ ਜਿਹੇ ਕਈ ਲੋਕ ਜਿੱਥੇ ਅਮੀਰ ਪਰਿਵਾਰਾਂ ਦੇ ਹੁੰਦੇ ਹਨ, ਉਥੇ ਅਨੇਕਾਂ ਇਹੋ ਜਿਹੇ ਵੀ ਹੁੰਦੇ ਹਨ, ਜਿਹਨਾਂ ਨੇ ਆਪਣੇ ਘਰ ਦਾ ਸੋਨਾ, ਜ਼ਮੀਨ ਆਦਿ ਵੇਚ ਕੇ ਜਾਂ ਗਹਿਣੇ ਧਰ ਕੇ ਏਜੰਟਾਂ ਨੂੰ ਮੂੰਹ ਮੰਗੀ ਰਕਮ ਦਿੱਤੀ ਹੁੰਦੀ ਹੈ।

ਇੱਥੇ ਉਸ ਵਰਗ ਦਾ ਵਰਣਨ ਕਰਨਾ ਵੀ ਬੇਹੱਦ ਜ਼ਰੂਰੀ ਹੈ, ਜੋ ਸੱਤਾ ਵਿਚ ਜਾਂ ਉਚੇ ਅਹੁਦਿਆਂ ਉਤੇ ਹੈ ਜਾਂ ਜਿਹਦੇ ਉਚੇ ਰਸੂਖ ਹਨ ਜਾਂ ਫਿਰ ਉਚਅਧਿਕਾਰੀ ਵਰਗ ਇੱਥੋਂ ਤੱਕ ਕਿ ਉਹ ਵਰਗ ਵੀ ਜੋ ਦੇਸ਼ ਦੇ ਨੌਜਵਾਨਾਂ ਨੂੰ 'ਮੇਕ ਇਨ ਇੰਡੀਆ' ਅਤੇ ਰੋਜ਼ਗਾਰ ਮੰਗੋ ਨਾ ਬਲਕਿ ਦੇਵੋ, ਇੱਥੋਂ ਤੱਕ ਕਿ ਪੜ੍ਹੇ-ਲਿਖੇ ਲੋਕਾਂ ਦੇ ਪਕੌੜਾ ਵੇਚਣ ਨੂੰ ਵੀ ਰੋਜ਼ਗਾਰ ਮੰਨਦਾ ਹੈ, ਇਹੋ ਜਿਹੇ ਅਨੇਕ ਲੋਕਾਂ ਦੇ ਬੱਚੇ ਜਾਂ ਤਾਂ ਵਿਦੇਸ਼ ਵਿਚ ਉਚ ਸਿੱਖਿਆ ਹਾਸਲ ਕਰ ਰਹੇ ਹਨ ਜਾਂ ਫਿਰ ਉਥੇ ਵੱਡੇ ਕਾਰੋਬਾਰ ਕਰ ਰਹੇ ਹਨ। ਕਈ 'ਰਾਸ਼ਟਰ ਭਗਤ ਮਹਾਮਾਨਵ' ਦੀਆਂ ਸੰਤਾਨਾਂ ਤਾਂ ਵਿਦੇਸ਼ੀ ਨਾਗਰਿਕਤਾ ਤੱਕ ਲਈ ਬੈਠੀ ਹੈ।

ਬਹਰਹਾਲ, ਅੱਤਵਾਦ ਦੇ ਵੱਲ ਤੇਜ਼ੀ ਨਾਲ ਵਧਦੇ ਵਿਸ਼ਵ ਵਿਚ ਅਮਰੀਕਾ ਨੇ ਇਕ ਵਾਰ ਫਿਰ ਬੇਹੱਦ ਵਿਵਾਦਿਤ ਆਦਮੀ ਡੋਨਾਲਡ ਟਰੰਪ ਨੂੰ ਆਪਣਾ ਰਾਸ਼ਟਰਪਤੀ ਚੁਣ ਲਿਆ ਹੈ। ਉਹਨਾਂ ਦੇ ਆਲੋਚਕ ਟਰੰਪ ਨੂੰ ਇਕ ਨਸਲਵਾਦੀ, ਕੱਟੜਪੰਥੀ ਅਤੇ ਇਕ ਔਰਤ ਲਈ ਮਾੜੀ ਸੋਚ ਰੱਖਣ ਵਾਲਾ ਅਤੇ ਇਥ ਡਰਾਮੇਬਾਜ਼ ਦੇ ਰੂਪ ਵਿਚ ਦੇਖਦੇ ਹਨ। ਸੱਚ ਪੁੱਛੋ ਤਾਂ ਇਹੋ ਜਿਹੇ ਆਦਮੀ ਦਾ ਧਰਤੀ ਉਤੇ ਸਭ ਤੋਂ ਤਾਕਤਵਰ ਆਦਮੀ ਬਣਨ ਦਾ ਵਿਚਾਰ ਸ਼ਾਂਤੀਪ੍ਰਿਆ ਦੁਨੀਆਂ ਦੇ ਲਈ ਚਿੰਤਾ ਪੈਦਾ ਕਰਨੇ ਅਤੇ ਦੁਨੀਆਂ ਦੀ ਨੀਂਦ ਹਰਾਮ ਕਰਨ ਦੇ ਲਈ ਕਾਫੀ ਹੈ।

ਟਰੰਪ ਜਿੱਥੇ ਕਈ ਮੁਲਕਾਂ ਨੂੰ ਆਪਣੀ 'ਇੱਲ ਨਜ਼ਰ' ਨਾਲ ਦੇਖ ਰਹੇ ਹਨ, ਉਥੇ ਟਰੰਪ ਪ੍ਰਸ਼ਾਸਨ ਰਾਹੀਂ ਬ੍ਰਾਜ਼ੀਲ, ਗੁਆਟੇਮਾਲਾ, ਪੇਰੂ ਤੇ ਹੋਡੂਰਸ ਦੇ ਲੋਕਾਂ ਨੂੰ ਵੀ ਨਜਾਇਜ਼ ਦੱਸ ਕੇ ਅਮਰੀਕੀ ਫੌਜੀ ਜਹਾਜ਼ ਰਾਹੀਂ ਹੀ ਉਹਨਾਂ ਦੇ ਦੇਸ਼ ਵਾਪਸ ਭੇਜਿਆ ਗਿਆ ਹੈ। ਭਾਰਤ ਵੀ ਉਹਨਾਂ ਮਾੜੀ ਕਿਸਮਤ ਦੇ ਦੇਸ਼ਾਂ ਵਿਚੋਂ ਇਕ ਹੈ, ਜਿਹਦੇ ਨਜਾਇਜ਼ ਦੱਸੇ ਜਾ ਰਹੇ 104 ਅਮਰੀਕੀ ਪ੍ਰਵਾਸੀ ਅਮਰੀਕੀ ਮਾਲ ਢੋਣ ਵਾਲੇ ਫੌਜੀ ਜਹਾਜ਼ ਵਿਚ ਭਰ ਕੇ ਬੜੀ ਹੀ ਅਪਮਾਨਜਨਕ ਹਾਲਤ ਵਿਚ ਭਾਰਤ ਲਿਆਂਦੇ ਜਾ ਚੁੱਕੇ ਹਨ।



ਖਬਰ ਇਹ ਵੀ ਹੈ ਕਿ ਇਸੇ ਤਰ੍ਹਾਂ ਦੇ 487 ਭਾਰਤੀਆਂ ਦੀ ਇਕ ਹੋਰ ਖੇਪ ਅਮਰੀਕਾ ਕਿਸੇ ਵੀ ਸਮੇਂ ਭਾਰਤ ਵਾਪਸ ਭੇਜ ਸਕਦਾ ਹੈ। ਇਕ ਰਿਪੋਰਟ ਦੇ ਅਨੁਸਾਰ ਇਸ ਸਮੇਂ ਅਮਰੀਕਾ ਵਿਚ ਲਗਭਗ 7.25 ਲੱਖ ਇਹੋ ਜਿਹੇ ਲੋਕ ਰਹਿ ਰਹੇ ਹਨ, ਜਿਹਨਾਂ ਨੂੰ 'ਨਜਾਇਜ਼ ਪ੍ਰਵਾਸੀ' ਦੇ ਰੂਪ ਵਿਚ ਚਿੰਨ੍ਹਿਤਿ ਕੀਤਾ ਜਾ ਚੁੱਕਿਆ ਹੈ। ਇਸ ਤਰ੍ਹਾਂ ਦੇ ਲਗਭਗ 1703 'ਨਜਾਇਜ਼ ਪ੍ਰਵਾਸੀ ਭਾਰਤੀਆਂ' ਨੂੰ ਅਮਰੀਕਾ ਵਿਚ ਹਿਰਾਸਤ ਵਿਚ ਲੈ ਕੇ ਉਹਨਾਂ ਨੂੰ ਡਿਟੈਂਸ਼ਨ ਸੈਂਟਰ ਵਿਚ ਵੀ ਸੁੱਟਿਆ ਜਾ ਚੁੱਕਾ ਹੈ। ਵੀਜ਼ਾ, ਇੰਮੀਗ੍ਰੇਸ਼ਨ, ਨਾਗਰਿਕਤਾ ਆਦਿ ਦੇਣ ਜਾਂ ਇਨਾਂ ਨਾਲ ਸਬੰਧਤ ਕਾਨੂੰਨ ਬਣਾਉਣ ਦਾ ਹਰੇਕ ਦੇਸ਼ ਦਾ ਆਪਣਾ ਅਧਿਕਾਰ ਹੈ। ਪਰ ਟਰੰਪ ਦੀ ਵਾਪਸੀ ਦੇ ਬਾਅਦ ਜਿਹੜੇ ਅਪਮਾਨਜਨਕ ਤਰੀਕੇ ਨਾਲ ਭਾਰਤੀ ਨੌਜਵਾਨਾਂ ਨੂੰ ਕੱਢਿਆ ਜਾ ਰਿਹਾ ਹੈ ਅਤੇ ਸਰਕਾਰ ਰਾਹੀਂ ਉਸ ਉਤੇ ਲੀਪਾਪੋਤੀ ਕੀਤੀ ਜਾ ਰਹੀ ਹੈ ਅਤੇ ਭਾਰਤੀ ਨੌਜਵਾਨਾਂ ਦੇ ਅਪਮਾਨ ਨੂੰ ਲੈ ਕੇ ਕੋਈ ਸ਼ਿਕ-ਾਇਤ ਅਮਰੀਕਾ ਦੇ ਸਾਹਮਣੇ ਦਰਜ ਨਹੀਂ ਕਰਾਈ ਜਾ ਰਹੀ ਹੈ। ਉਸ ਨੂੰ ਲੈ ਕੇ ਭਾਰਤੀ ਨੌਜਵਾਨਾਂ ਵਿਚ ਨਿਰਾਸ਼ਾ ਜ਼ਰੂਰ ਹੈ।

ਖਾਸ ਤੌਰ 'ਤੇ ਇਸ ਗੱਲ ਦੇ ਮੱਦੇਨਜ਼ਰ ਕਿ ਪ੍ਰਧਾਨ ਮੰਤਰੀ ਮੋਦੀ ਆਪਣੇ ਆਪ ਨੂੰ ਟਰੰਪ ਦਾ ਦੋਸਤ ਦੱਸਦੇ ਹਨ। ਉਥੋਂ ਤੱਕ ਕਿ ਪਿਛਲੀਆਂ ਚੋਣਾਂ ਵਿਚ ਅਮਰੀਕਾ ਜਾ ਕੇ 'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਵੀ ਲਗਾਉਂਦੇ ਹਨ। ਇਹੋ ਜਿਹੇ ਵਿਚ ਇਹ ਪ੍ਰਸ਼ਨ ਉਠਣਾ ਸੁਭਾਵਿਕ ਹੈ ਕਿ ਆਖਿਰ ਟਰੰਪ ਨੇ ਵੀ ਉਸ ਦੋਸਤੀ ਦੀ ਲਾਜ਼ ਕਿਉਂ ਨਹੀਂ ਰੱਖੀ? ਕਿਉਂ ਸਾਡੇ ਨੌਜਵਾਨਾਂ ਦੇ ਹੱਥਾਂ ਵਿਚ ਹੱਥਕੜੀ ਪੈਰਾਂ ਵਿਚ ਬੇੜੀਆਂ ਅਤੇ ਜ਼ੰਜ਼ੀਰਾਂ ਮੂੰਹ ਉਤੇ ਮਾਸਕ ਆਦਿ ਲਗਾ ਕੇ ਸੈਨਾ ਦੇ ਜਹਾਜ਼ ਵਿਚ ਬਿਠਾ ਕੇ ਬੜੀ ਹੀ ਕਸ਼ਟਦਾਇਕ ਹਾਲਤ ਵਿਚ ਉਹਨਾਂ ਨੂੰ ਭਾਰਤ ਭੇਜਿਆ। ਕੀ ਵਜ੍ਹਾ ਸੀ ਕਿ ਜਿਸ ਤਰ੍ਹਾਂ ਰੂਸ-ਯੂਕਰੇਨ ਜੰਗ ਦੇ ਕਾਰਨ ਯੂਕਰੇਨ ਤੋਂ ਵਾਪਸ ਆਉਣ ਵਾਲੇ ਭਾਰਤੀ ਨੌਜਵਾਨਾਂ ਦੇ ਲਈ 'ਅਪਰੇਸ਼ਨ ਗੰਗਾ' ਚਲਾਇਆ ਗਿਆ, ਉਸੇ ਤਰ੍ਹਾਂ ਭਾਰਤ ਆਪਣੇ ਜਹਾਜ਼ ਭੇਜ ਕੇ ਉਹਨਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਕਿਉਂ ਨਹੀਂ ਬੁਲਾਉਂਦਾ? ਖਾਸ ਕਰਕੇ ਇਹ ਸਵਾਲ ਇਸ ਲਈ ਹੋਰ ਵੀ ਪੁੱਛਿਆ ਜਾ ਰਿਹਾ ਹੈ ਕਿ ਜਦ ਕੋਲੰਬੀਆ ਦੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕੀ ਸੈਨਾ ਦੇ ਜਹਾਜ਼ ਰਾਹੀਂ ਕੋਲੰਬੀਆ ਵਾਪਸ ਭੇਜਣ ਦਾ ਐਲਾਨ ਕੀਤਾ ਗਿਆ ਤਾਂ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਡਰੋ ਨੇ ਕਿਹਾ ਸੀ ਕਿ ਉਹ ਆਪਣੇ ਨਾਗਰਿਕਾਂ ਦੇ ਮਾਣ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ, ਇਸ ਲਈ ਤੁਰੰਤ ਬਾਅਦ ਕੋਲੰਬੀਆ ਹਵਾਈ ਸੈਨਾ ਦੇ ਦੋ ਜਹਾਜ਼ ਅਮਰੀਕਾ ਗਏ ਅਤੇ ਉਹ ਆਪਣੇ ਨਾਗਰਿਕਾਂ ਨੂੰ ਆਦਰ ਸਹਿਤ ਰਾਜਧਾਨੀ ਬੋਗੋਟਾ ਵਾਪਸ ਪਹੁੰਚੇ।

ਕੀ ਭਾਰਤ ਆਪਣੇ ਨਾਗਰਿਕਾਂ ਨੂੰ ਸਨਮਾਨ ਦੇਣ ਦੇ ਲਈ ਇਹੋ ਜਿਹਾ ਨਹੀਂ ਕਰ ਸਕਦਾ ਸੀ?

ਅੱਜ ਜਦ ਅਮਰੀਕੀ ਡਾਲਰ ਦਾ ਮੁੱਲ 87.79, ਕੈਨੇਡਾ ਦਾ 54.97 ਅਤੇ ਆਸਟ੍ਰੇਲੀਅਨ ਡਾਲਰ ਦਾ 54.97 ਰੁਪਏ ਹੈ, ਇਹੋ ਜਿਹੇ ਵਿਚ ਇਹਨਾਂ ਦੇਸ਼ਾਂ ਵਿਚ ਕੰਮ ਦੀ ਭਾਲ ਵਿਚ ਕਿਹੜਾ ਨਹੀਂ ਜਾਣਾ ਚਾਹੇਗਾ? ਵੈਸੇ ਵੀ ਜਦ ਭਾਰਤ ਸਰਕਾਰ ਖੁਦ ਇਹ ਕਹਿ ਕੇ ਆਪਣੀ ਪਿੱਠ ਥਾਪੜੇ ਕਿ ਅਸੀਂ ਭਾਰਤ ਦੇ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇ ਰਹੇ ਹਾਂ ਤਾਂ ਇਸੇ ਤੋਂ ਸਾਫ ਹੋ ਜਾਂਦਾ ਹੈ ਕਿ ਇਸ ਸਰਕਾਰ ਨੇ ਆਮ ਲੋਕਾਂ ਨੂੰ ਕਿਹੜੀ ਹਾਲਤ ਵਿਚ ਪਹੁੰਚਾ ਦਿੱਤਾ ਹੈ। ਇੱਥੋਂ ਤੱਕ ਕਿ 'ਰਿਓੜੀਆਂ ਵੰਡਣਾ' ਤਾਂ ਹੁਣ ਭਾਰਤ ਦੇ ਮੁੱਖ ਚੋਣ ਏਜੰਡੇ ਵਿਚ ਸ਼ਾਮਲ ਹੋ ਚੁੱਕਾ ਹੈ। ਇਹੋ ਜਿਹੇ ਵਿਚ ਹੁਨਰਮੰਦਾਂ ਦਾ ਉਜਾੜਾ ਤਾਂ ਹੋ ਹੀ ਰਿਹਾ ਹੈ ਤਾਂ ਨਾਲ ਹੀ ਆਮ ਆਦਮੀ ਚਾਹੇ ਆਪਣੀ ਜ਼ਮੀਨ, ਸੋਨਾ, ਮਕਾਨ ਆਦਿ ਗਹਿਣੇ ਰੱਖ ਕੇ ਜਾਂ ਵੇਚ ਕੇ ਇਹਨਾਂ ਦੇਸ਼ਾਂ ਵਿਚ ਜਾਣਾ ਚਾਹੁੰਦੇ ਹਨ।

ਉਹਨਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਹਨਾਂ ਅਤੇ ਉਹਨਾਂ ਦੇ ਪਰਿਵਾਰ ਦਾ ਭਵਿੱਖ ਭਾਰਤ ਵਿਚ ਸੁਰੱਖਿਅਤ ਨਹੀਂ। ਦੇਸ਼ ਵਿਚ ਜੋ ਆਰਥਿਕ ਬੇਰੁਜ਼ਗਾਰੀ ਦਾ ਵਾਤਾਵਰਣ ਹੈ, ਉਸ ਤੋਂ ਉਹ ਵਾਕਫ ਹਨ ਅਤੇ ਵਿਦੇਸ਼ੀ ਏਜੰਟਾਂ ਦੇ ਝਾਂਸੇ ਵਿਚ ਆ ਕੇ ਵਿਦੇਸ਼ ਯਾਤਰਾ ਲਈ ਕਈ ਗਲਤ ਅਤੇ ਗੈਰ-ਕਾਨੂੰਨੀ ਕਦਮ ਚੁੱਕ ਲੈਂਦੇ ਹਨ। ਇਹਨਾਂ ਵਿਚ ਕਈ ਲੋਕਾਂ ਨੂੰ ਤਾਂ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਦੇ ਲਈ ਜੰਗਲਾਂ ਅਤੇ ਖਤਰਨਾਕ ਸਮੁੰਦਰੀ ਰਸਤਿਆਂ ਵਿਚੋਂ ਲੰਘਣਾ ਪੈਂਦਾ ਹੈ। ਕਈ ਨੌਜਵਾਨ ਤਾਂ ਆਪਣੀ ਜਾਨ ਵੀ ਗਵਾ ਲੈਂਦੇ ਹਨ। ਲਿਹਾਜ਼ਾ ਜਿੱਥੇ ਭਾਰਤ ਵਿਸ਼ਵ ਦੀ ਮਹਾਂਸ਼ਕਤੀ ਬਣਨ ਦਾ ਸੁਪਨਾ ਦਿਖਾਉਣ ਵਾਲਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਦੇਸ਼ ਵਿਚ ਹੀ ਵੱਧ ਤੋਂ ਵੱਧ ਇਹੋ ਜਿਹੇ ਮੌਕੇ ਪੈਦਾ ਕਰਾਏ ਤਾਂ ਕਿ ਪਲਾਇਨ ਉਤੇ ਕਾਬੂ ਪਾਇਆ ਜਾ ਸਕੇ ਅਤੇ ਇਸ ਤਰ੍ਹਾਂ ਦੇ ਅਪਮਾਨ ਤੋਂ ਨੌਜਵਾਨਾਂ ਨੂੰ ਬਚਾਇਆ ਜਾ ਸਕੇ।

# ਪੱਪੀ ਭਦੌੜ-ਪੰਜਾਬੀ ਸੰਗੀਤ ਜਗਤ ਦਾ ਚਮਕਦਾ ਸਿਤਾਰਾ

ਪੰਜਾਬ ਦੀ ਉਤਪੱਤੀ ਵਾਲੀ ਧਰਤੀ ਤੇ ਜਿੱਥੇ ਅਨੇਕ ਮਸ਼ਹੂਰ ਗਾਇਕਾਂ ਨੇ ਜਨਮ ਲਿਆ, ਥੇ ਭਦੌੜ (ਜਿਲ੍ਹਾ ਬਰਨਾਲਾ) ਦੇ ਮਸ਼ਹੂਰ ਪਿੰਡ ਤੋਂ ਸਬੰਧਤ ਪੱਪੀ ਭਦੌੜ ਵੀ ਆਪਣੀ ਸੰਗੀਤਕ ਕਲਾ ਨਾਲ ਲੋਕਾਂ ਦੇ ਦਿਲਾਂ 'ਤੇ ਆਪਣੀ ਵੱਖਰੀ ਛਾਪ ਛੱਡ ਚੁੱਕਾ ਹੈ।



ਭਦੌੜ ਪਿੰਡ ਦਵਿੰਦਰ ਸਥਿਆਰਥੀ ਵਰਗੀਆਂ ਸ਼ਖ਼ਸੀਅਤਾਂ ਦੀ ਜਨਮ ਭੂੰਮੀ ਹੈ। ਪੱਪੀ ਭਦੌੜ ਨੂੰ ਦਵਿੰਦਰ ਸਥਿਆਰਥੀ, ਇਨਕਲਾਬੀ ਕਵੀ ਸੰਤ ਰਾਮ ਉਦਾਸੀ ਜਿਹੀਆਂ ਸ਼ਖ਼ਸੀਅਤਾਂ ਦੀ ਬੁੱਕਲ਼ ਦਾ ਨਿੱਘ ਮਾਨਣ ਦਾ ਵੀ ਸੁਭਾਗ ਪ੍ਰਾਪਤ ਹੋਇਆ।

ਪੱਪੀ ਨੇ ਆਪਣੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਤੂੰਬੀ, ਢੋਲਕ, ਹਰਮੋਨੀਅਮ, ਲਗੋਜੇ ਅਤੇ ਵੈਂਜੋ ਵਰਗੇ ਵਾਦ-ਯੰਤਰਾਂ ਦੀ ਮੁਹਾਰਤ ਨਾਲ ਕੀਤੀ।

ਉਸਦੀ ਵੈਂਜੋ ਵਜਾਉਣ ਦੀ ਕਲਾ ਐਨੀ ਨਿਖਰੀ ਹੋਈ ਹੈ ਕਿ ਉਹ ਕੁਲਦੀਪ ਮਾਣਕ, ਸ਼ੁਰਿੰਦਰ ਛਿੰਦਾ, ਮੁਹੰਮਦ ਸਦੀਕ ਅਤੇ ਹੋਰ ਅਣਗਿਣਤ ਵੱਡੇ ਨਾਮੀ ਗਾਇਕਾਂ ਦੀ ਸੰਗਤ ਕਰ ਚੁੱਕਾ ਹੈ। ਪੱਪੀ ਭਦੌੜ ਆਪਣੇ ਸਮੇਂ ਦਾ ਤਕੜਾ ਪਹਿਲਵਾਨ ਵੀ ਰਿਹਾ 'ਤੇ ਉਸਨੇ ਚੰਗੇ ਨਾਮੀਂ ਭਲਵਾਨਾਂ ਨਾਲ ਪਟਕੇ ਦੀਆਂ ਕੁਸ਼ਤੀਆਂ ਵੀ ਲੜੀਆਂ ਤੇ ਕਈ ਇਨਾਮ ਆਪਣੇ ਨਾਮ ਕੀਤੇ। ਉਹ ਦੋਵੇਂ ਖੇਤਰਾ ਵਿੱਚ ਮਾਸਟਰ ਰਾਮ ਕੁਮਾਰ ਜੀ ਨੂੰ ਆਪਣਾ ਉਸਤਾਦ ਮੰਨਦਾ ਹੈ। ਗੀਤਕਾਰੀ ਵਿੱਚ ਪੱਪੀ ਨੇ ਕਰਨੈਲ ਸਿੰਘ ਸਿੱਧੂ ਜਲਾਲ ਨੂੰ ਪੱਗ ਦੇਕੇ ਆਪਣਾ ਗੁਰੂ ਧਾਰਿਆ ਸੀ।



ਪੱਪੀ ਇੱਕ ਮਾਹਰ ਸੰਗੀਤਕਾਰ ਹੋਣ ਦੇ ਨਾਲ-ਨਾਲ ਇੱਕ ਉਤਮ ਗੀਤਕਾਰ ਅਤੇ ਗਾਇਕ ਵੀ ਹੈ।

ਉਸ ਦੇ ਲਿਖੇ ਹੋਏ ਗੀਤ ਬਲਵੀਰ ਬੋਪਾਰੇਏ ਅਤੇ ਮੇਜਰ ਰਾਜਸਥਾਨੀ ਵਰਗੇ ਮਸ਼ਹੂਰ ਗਾਇਕਾਂ ਨੇ ਗਾਏ ਹਨ।

ਮੇਜਰ ਰਾਜਸਥਾਨੀ ਦਾ ਗਾਇਆ ਗੀਤ "ਆ ਮੇਰੇ ਦਿਲਬਰ ਯਾਰਾ ਤੇਰੀ ਯਾਦ ਸਤਾਉਂਦੀ ਵੇ" ਬਹੁਤ ਹੀ ਮਕਬੂਲ ਹੋਇਆ ਸੀ, ਜਿਸ ਨਾਲ ਪੱਪੀ ਦੀ

ਲਿਖਤ ਦੀ ਮਹਿਕ ਦੂਰ-ਦੂਰ ਤੱਕ ਫੈਲੀ।

ਪੱਪੀ ਭਦੌੜ ਨੇ ਸਮਾਜਕ ਤੇ ਧਾਰਮਿਕ ਮੁੱਦਿਆਂ 'ਤੇ ਵੀ ਆਪਣੀ ਲਿਖਤ ਰਾਹੀਂ ਵੱਡਾ ਯੋਗਦਾਨ ਪਾਇਆ ਹੈ।

ਉਸਦਾ ਲਿਖਿਆ ਗੀਤ "ਖ਼ਤਰਾ ਸਿੱਖੀ ਨੂੰ" ਵਰਗਾ ਸੱਭਿਆਚਾਰਕ ਤੇ ਜਾਗਰੂਕਤਾ ਵਾਲਾ ਗੀਤ ਲੋਕ ਮਨਾਂ 'ਚ ਵੱਖਰੀ ਛਾਪ ਛੱਡ ਚੁੱਕਿਆ ਹੈ।

ਅੱਜ ਕੱਲ ਪੱਪੀ ਨੇ ਆਪਣਾ ਮਿਊਜ਼ਿਕ ਸਫਰ ਅਮਰੀਕਾ ਦੇ ਸ਼ਹਿਰ ਫਰਿਜ਼ਨੋ (ਾਰਇਸਨੋ) ਵਿੱਚ ਜਾਰੀ ਰੱਖਿਆ ਹੋਇਆ ਹੈ। ਉਹ ਇੱਥੇ ਵੀ ਆਪਣੀਆਂ ਸੰਗੀਤਕ ਸੇਵਾਵਾਂ ਰਾਹੀਂ ਪੰਜਾਬੀ ਸਭਿਆਚਾਰ ਨੂੰ ਉਭਾਰ ਰਿਹਾ ਹੈ।



ਪੱਪੀ ਦਾ ਜੀਵਨ ਚੜ੍ਹਦੇ ਅਤੇ ਉਤਰਦੇ ਦਰਿਆ ਵਾਂਗ ਰਿਹਾ। ਬਿਮਾਰੀ ਦੇ ਦੌਰ ਤੋਂ ਬਾਅਦ ਉਹ ਹੁਣ ਫੇਰ ਆਪਣੀ ਮਿਹਨਤ ਅਤੇ ਹੌਸਲੇ ਨਾਲ ਲੋਕਾਂ ਦੇ ਦਿਲਾਂ ਵਿਚ ਵਾਪਸ ਆਪਣੀ ਥਾਂ ਬਣਾਉਂਦਾ ਜਾ ਰਿਹਾ ਹੈ। ਅੱਜਕੱਲ੍ਹ ਪੱਪੀ ਮਸ਼ਹੂਰ ਗਾਇਕਾ ਦਿਲਪ੍ਰੀਤ ਵਰਮਾ (ਜਿਸਨੇ ਸੁਰਿੰਦਰ ਛਿੰਦੇ ਨਾਲ ਸਟੇਜਾਂ ਸਾਂਝੀਆਂ ਕੀਤੀਆਂ) ਨਾਲ ਮਿਲ ਕੇ ਦੁਗਣਾ ਗਾਇਕੀ ਵਿੱਚ ਆਪਣੀ ਕਿਸਮਤ ਅਜ਼ਮਾ ਰਿਹਾ ਹੈ। ਸਾਡੀ ਦੁਆ ਹੈ ਕਿ ਪੱਪੀ ਭਦੌੜ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਆਪਣੇ ਮਿਸ਼ਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਵੇ ਅਤੇ ਪੰਜਾਬੀ ਸੰਗੀਤ ਜਗਤ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾਵੇ।

**ਲੇਖਕ- ਪੱਤਰਕਾਰ ਗੁਰਿੰਦਰਜੀਤ "ਨੀਟਾ ਮਾਛੀਕੇ"**

# ਬੁੱਧ ਨੇ ਮਨੁੱਖਤਾ ਨੂੰ ਜਿਉਣ ਦਾ ਸੁਖੀ ਮਾਰਗ ਦੱਸਿਆ



ਐਸ ਐਲ ਵਿਰਦੀ ਐਡਵੋਕੇਟ
91-98145 17499

ਸਿਧਾਰਥ ਗੌਤਮ ਦਾ ਜਨਮ, ਕਪਲਵਸਤੂ ਦੇ ਰਾਜਾ ਸ਼ੁਧੋਦਨ ਦੇ ਘਰ, ਰਾਣੀ ਮਹਾਮਾਯਾ ਦੀ ਕੁੱਖੋ, 563 ਈਸਾ ਪੂਰਵ, ਵਿਸਾਖ ਦੀ ਪੂਰਨਮਾਸ਼ੀ ਨੂੰ ਹੋਇਆ। ਸਿਧਾਰਥ ਅਜੇ 7 ਦਿਨ ਦਾ ਹੀ ਹੋਇਆ ਸੀ ਕਿ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ। ਰਾਜਾ ਸ਼ੁਧੋਦਨ ਨੇ ਮਹਾਂਮਾਯਾ ਦੀ ਛੋਟੀ ਭੈਣ ਨਾਲ ਵਿਆਹ ਕਰ ਲਿਆ। ਇਸ ਉਪਰਾਂਤ ਸਿਧਾਰਥ ਨੂੰ ਮਾਂ ਦਾ ਪਿਆਰ ਆਪਣੀ ਮਾਸੀ ਮਹਾਂ ਪਰਜਾਪਤੀ ਗੋਮਤੀ ਤੋਂ ਪ੍ਰਾਪਤ ਹੋਇਆ।

ਸਿਧਾਰਥ ਨੇ ਬਚਪਨ ਵਿਚ ਹੀ ਕਈ ਤਰ੍ਹਾਂ ਦੀ ਸਿਖਿਆ ਹਾਸਲ ਕਰਕੇ ਆਪਣੀ ਤਿੱਖੀ ਬੁੱਧੀ ਦਾ ਸਬੂਤ ਦਿੱਤਾ। ਉਹਨਾਂ ਵੇਦ, ਵੇਦਾਂਤ ਦਾ ਗੰਭੀਰ ਅਧਿਅਨ ਕੀਤਾ। ਉਸ ਨੂੰ ਸੁਯੋਗ ਸੈਨਿਕ ਸਿੱਖਿਆ ਵੀ ਦਿੱਤੀ ਗਈ। ਉਸ ਦਾ ਸੁਭਾਅ ਬਚਪਨ ਤੋਂ ਹੀ ਕੋਮਲ, ਦਿਆਲੂ ਤੇ ਮੇਹਨਤੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਆਦਮੀ, ਆਦਮੀ ਦੀ ਅਤੇ ਪ੍ਰਾਣੀ ਦੀ ਲੁੱਟ ਖਸੁੱਟ ਕਰੇ। ਇਸੇ ਕਰਕੇ ਉਹ ਸ਼ਿਕਾਰ ਨੂੰ ਨਾ ਜਾਂਦਾ। ਮਨੁੱਖ ਨੂੰ ਦੁਖੀ ਦੇਖ ਕੇ ਸਿਥਾਰਥ ਗੌਤਮ ਹਮੇਸ਼ਾ ਚਿੰਤਤ ਰਹਿੰਦੇ।

ਡਾ. ਅੰਬੇਡਕਰ ਆਪਣੇ ਗ੍ਰੰਥ 'ਬੁੱਧਾ ਐਂਡ ਹਿਜ ਧੱਮਾ' ਵਿੱਚ ਸਿਧਾਰਥ ਦੇ ਗ੍ਰਹਿ ਤਿਆਗ ਦੇ ਕਾਰਨਾਂ ਪ੍ਰਤੀ ਲਿੱਖਦੇ, " ਸ਼ਾਕਯ ਜਨਤਾ ਦੀ ਇਕ ਜਮਾਤ ਸ਼ਾਕਯ ਸੰਘ ਸੀ। ਉਸ ਸਮੇਂ ਪ੍ਰਚੱਲਤ ਪ੍ਰਥਾ ਅਨੁਸਾਰ 20 ਸਾਲ ਦੀ ਉਮਰ ਵਿਚ ਸਿਧਾਰਥ ਸ਼ਾਕਯ ਸੰਘ ਦਾ ਮੈਂਬਰ ਬਣ ਗਿਆ। ਮੈਂਬਰ ਬਣੇ ਨੂੰ ਅਜੇ ਅੱਠ ਸਾਲ ਹੀ ਬੀਤੇ ਸਨ ਕਿ ਇਕ ਦੁਖਾਂਤ ਵਾਪਰਿਆ ਜਿਸ ਨੇ ਸਿਧਾਰਥ ਦੇ ਜੀਵਨ ਨੂੰ ਹੀ ਬਦਲ ਕੇ ਰੱਖ ਦਿੱਤਾ।

ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੀ ਵੰਡ ਬਾਰੇ ਦੋਹਾਂ ਰਾਜਾਂ ਦਾ ਝਗੜਾ ਹਰ ਫਸਲ ਤੇ ਹੁੰਦਾ ਸੀ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਸ ਵਾਰ ਦਾ ਇਹ ਝਗੜਾ ਗੰਭੀਰ ਹੱਦ ਤੱਕ ਵਧ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉਂ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਦਿੱਤਾ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਨ ਲਈ, ਸ਼ਾਕਯ ਸੰਘ (ਪਾਰਲੀਮੈਂ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦੀ ਗੱਲ ਤੋਰੀ। ਸਿਧਾਰਥ ਨੇ ਵਿਰੋਧ ਕੀਤਾ ਅਤੇ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ ਮਸ਼ਵਰੇ ਰਾਹੀਂ ਹੱਲ ਕਰਨ ਤੇ ਜ਼ੋਰ ਦਿੱਤਾ। ਸੈਨਾਪਤੀ ਨੇ ਕਿਹਾ ਕਿ ਕਸ਼ੱਤਰੀ ਦਾ ਧਰਮ, ਯੁੱਧ ਕਰਨਾ ਹੈ, ਇਹ ਸ਼ਾਸ਼ਤਰਾਂ ਦੀ ਆਗਿਆ ਹੈ। ਪਰ ਸਿਧਾਰਥ ਦਾ ਕਹਿਣਾ ਸੀ ਕਿ ਧਰਮ ਤਾਂ ਸਗੋਂ ਇਹ ਗੱਲ ਵਿੱਚ ਹੈ ਕਿ ਵੈਰ, ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿਤ੍ਰਤਾ ਨਾਲ ਹੀ ਖਤਮ ਹੁੰਦਾ ਹੈ।


ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ ਕਿਉਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ ਖਰਾਬਾ ਕਰਨਾ ਕੋਈ ਅਕਲਮੰਦੀ ਨਹੀਂ ਹੈ। ਸੈਨਾਪਤੀ ਨੇ ਡਟ ਕੇ ਸਿਧਾਰਥ ਦਾ ਵਿਰੋਧ ਕੀਤਾ ਅਤੇ ਕਿਹਾ ਯੁੱਧ ਵਿਚ ਕਸ਼ੱਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ੱਤਰੀਆਂ ਦਾ ਕੰਮ ਹੈ। ਇਸ ਲਈ ਯੁੱਧ ਕਰਨਾ ਹੀ ਕਸ਼ੱਤਰੀਆਂ ਦਾ ਧਰਮ ਹੈ।

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ, ਯੁੱਧ ਛੇੜਨ ਦੇ ਹੱਕ ਵਿਚ ਗਈ, ਪਰ ਸਿਧਾਰਥ, ਯੁੱਧ ਵਿਰੋਧੀ ਦਲੀਲ ਤੇ ਅੜੇ ਸਨ। ਸੰਘ ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ, ਸਿਧਾਰਥ ਨੂੰ ਸਜ਼ਾ ਦੇਣ ਦਾ ਸਵਾਲ ਉੱਠਿਆ। ਸੈਨਾਪਤੀ ਨੇ ਸਿਧਾਰਥ ਨੂੰ ਹੇਠ ਲਿਖੀਆਂ ਤਿੰਨ ਸਜਾਵਾਂ ਵਿਚੋਂ ਕੋਈ ਇਕ ਕਬੂਲ ਕਰਨ ਲਈ ਕਿਹਾ -

1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ।
2. ਆਪਣੇ ਪਰਿਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਅਤੇ ਜਾਇਦਾਦ ਜਬਤ ਕਰਾਉਣ ਲਈ ਮੰਨ ਸਕਦਾ ਹੈ।
3. ਉਹ ਫਾਂਸੀ ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ।

ਪ੍ਰਵਾਰਿਕ ਸਬੰਧੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਉਹਨਾਂ ਦੇਸ਼ ਤੋਂ ਬਾਹਰ ਜਾਣਾ ਕਬੂਲ ਕਰ ਲਿਆ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਖਾਤਰ ਉਹਨਾਂ ਦੇ ਪਰਿਵਾਰ ਦਾ ਬਾਈਕਾਟ ਹੋਵੇ, ਜਾਂ ਉਹਨਾਂ ਦੇ ਪਰਿਵਾਰ ਦੇ ਖੇਤ ਜਬਤ ਹੋਣ ਤੇ ਪਰਿਵਾਰ ਰੋਜ਼ੀ ਰੋਟੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ। ਮਰ ਗਏ ਤਾਂ ਪਰਲੋ! ਇਸ ਲਈ ਸਜ਼ਾ ਵਜੋਂ, ਸਿਧਾਰਥ ਨੇ ਦੇਸ਼ ਛੱਡ ਕੇ ਜਾਣ ਨੂੰ ਸਵਿਕਾਰ ਕਰ ਲਿਆ।

ਕਪਿਲਵਸਤੂ ਨੂੰ ਅਲਵਿਦਾ ਕਹਿ ਸਿਧਾਰਥ ਨੇ ਸੱਚ ਦੀ ਖੋਜ ਵਿੱਚ ਘੋਰ ਤਪੱਸਿਆ ਕੀਤੀ। ਸੈਂਕੜੇ ਸਾਧੂ, ਸੰਤਾਂ ਨਾਲ ਉਹਨਾਂ ਦਾ ਵਿਚਾਰ ਵਟਾਂਦਰਾ ਹੋਇਆ। ਇਹ ਸਿਲਸਿਲਾ ਲਗਾਤਾਰ 6 ਸਾਲ ਤੱਕ ਚਲਦਾ ਰਿਹਾ। ਸੁੱਕ ਕੇ ਤੀਲਾ ਹੋ ਗਏ ਸਿਧਾਰਥ ਨੂੰ ਲੱਗਿਆ ਕਿ ਉਸ ਦੇ ਪੱਲੇ ਕੁੱਝ ਵੀ ਨਹੀਂ ਹੈ। ਪਿੱਪਲ ਦੇ ਦਰਖਤ ਥੱਲੇ ਸਿਧਾਰਥ ਅਜੇ ਇਹਨਾਂ ਵਿਚਾਰਾਂ ਵਿਚ ਮਗਨ ਸੀ ਕਿ ਸੁਜਾਤਾ ਨਾਂ ਦੀ ਇਸਤ੍ਰੀ ਖੀਰ ਦਾ ਥਾਲ ਲੈ ਕੇ ਉਸ ਦਰਖਤ ਵਲ ਆਈ ਜਿਥੇ ਸਿਧਾਰਥ ਬੈਠਾ ਸੀ। ਉਸਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਉਹ ਭੋਜਨ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼ ਹਵਾਸ ਵਿੱਚ ਆ ਗਏ। ਉਸ ਨੂੰ ਸਪਸ਼ਟ ਹੋਇਆ ਕਿ ਹੁਣ ਤੱਕ ਦੀ ਉਸ ਦੀ ਸਾਧਨਾ ਦਾ ਕੋਈ ਲਾਭ ਨਹੀਂ ਹੋਇਆ। ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਂਦੀ ਸੀ, ਉਸ ਮਰ ਜਾਣਾ ਸੀ ਤੇ ਆਪ ਮਰੇ ਜਗ ਪਰਲੋ ਹੋ ਜਾਣਾ ਸੀ। ਉਹਨਾਂ ਮਹਿਸੂਸ ਕੀਤਾ ਕਿ ਜਿਸ ਦੇ ਸ਼ਰੀਰ ਵਿੱਚੋਂ ਬਲ ਜਾਂਦਾ ਰਿਹਾ, ਜੋ ਭੁੱਖ ਪਿਆਸ ਨਾਲ ਪਰੇਸ਼ਾਨ ਹੈ, ਜਿਸ ਦਾ ਮਨ ਥਕਾਵਟ ਕਰਕੇ ਇਕਾਗ੍ਰ ਅਤੇ ਸ਼ਾਂਤ ਨਹੀਂ ਹੈ, ਐਸੇ ਆਦਮੀ ਨੂੰ ਕਦੇ ਵੀ ਨਵਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਕਿਉਂਕਿ ਸ਼ਰੀਰ ਨੇ ਤਾਂ ਮਨ ਦੀ ਇੱਛਾ ਅਨੁਸਾਰ ਹੀ ਚਲਣਾ ਹੁੰਦਾ ਹੈ, ਇਸ ਲਈ ਮਨ ਹੀ ਮੁੱਖ ਹੈ। ਮਨ ਹੀ ਸਭ ਕਲਪ, ਵਿਕਲਪ, ਕਾਮਨਾ, ਇੱਛਾ, ਬਣਾਉਣ, ਢਾਉਣ ਦਾ ਕੇਂਦਰ ਬਿੰਦੂ ਹੈ ਤੇ ਇਹ ਸਭ ਕੁਝ ਮਨ ਵਿੱਚੋਂ ਹੀ ਉਪਜਦਾ ਹੈ, ਇਸ ਲਈ ਮਨ ਦੀ ਸਾਧਨਾ ਜ਼ਰੂਰੀ ਹੈ। ਬਿਨਾ ਮਨ ਤੇ ਕਾਬੂ ਦੇ, ਮਨੁੱਖ ਦੀ ਭਟਕਣਾ (ਇੱਛਾ) ਕਦੇ ਵੀ ਖਤਮ ਨਹੀਂ ਹੋ ਸਕਦੀ, ਭਟਕਣਾ ਹੀ ਦੁੱਖ ਹੈ। ਬੱਸ ਇਹੀ ਉਹਨਾਂ ਨੂੰ ਗਿਆਨ ਪ੍ਰਾਪਤ ਹੋਈਆ ਤੇ ਗੌਤਮ ਸਿਧਾਰਥ ਤੋਂ ਬੁੱਧ ਬਣ ਗਏ।



ਬੁੱਧ ਨੇ ਦੱਸਿਆ ਕਿ ਮਨੁੱਖ ਦੁਖੀ ਕਿਉ ਹੈ? ਮਨੁਖ ਦਾ ਦੁੱਖ ਕੀ ਹੈ? ਮਨੁੱਖ ਦੇ ਦੁੱਖਾਂ ਦਾ ਕਾਰਣ ਕੀ ਹੈ? ਕਾਰਣ ਨੂੰ ਹਟਾਇਆ ਜਾ ਸਕਦਾ ਹੈ। ਇਸ ਲਈ ਦੁੱਖ ਨੂੰ ਦੂਰ ਕਰਨ ਦਾ ਮਾਰਗ ਹੈ। ਮਾਰਗ ਹੀ ਮੰਜ਼ਿਲ ਹੈ। ਮੰਜ਼ਿਲ ਮਨ ਹੈ। ਮਨ ਜੀਤੇ ਜਗੁ ਜੀਤ। ਬੁੱਧ ਨੇ ਸਪਸ਼ਟ ਕਿਹਾ ਕਿ ਇਹ ਦੇਵ-ਆਤਮਾ, ਵਰਣ, ਵਰਗ, ਮਜ਼ਹਬ-ਧਰਮ, ਨਸਲ-ਵੰਸ਼ ਸਭ ਮਨੁੱਖ ਦੀ ਕਲਪਨਾ ਹਨ। ਕਲਪਨਾ ਨੂੰ ਕੀਲਿਆ ਜਾ ਸਕਦਾ ਹੈ। ਮਨੁੱਖ ਇਸੇ ਸੰਸਾਰ ਵਿੱਚ ਇੱਸੇ ਧਰਤੀ ਤੇ ਅਤੇ ਇਸੇ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਕੇ, ਆਪਣੇ ਆਪ ਨੂੰ ਜਾਣ ਕੇ, ਆਪ ਵੀ ਸੁਖੀ ਬਣ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ। ਗੱਲ ਕੀ, ਬੁੱਧ ਦਾ ਇੱਕ ਮਾਤਰ ਟੀਚਾ ਹੈ ਮਨੁੱਖੀ ਪ੍ਰਾਣੀਆਂ ਦਾ ਸੰਪੂਰਨ ਕਲਿਆਣ, ਯਾਨੀ, ਮਨੁੱਖ ਨੂੰ ਦੁੱਖ ਅਤੇ ਸ਼ੋਸ਼ਣ ਤੋਂ ਮੁਕਤ ਕਰਨਾ।

ਬੁੱਧ ਚੁੱਪ ਨਹੀਂ ਬੈਠੇ ਸਗੋਂ ਉਨ੍ਹਾਂ ਮਨੁੱਖ ਨੂੰ ਦੁੱਖਾਂ ਵਿੱਚੋ ਕੱਢਣ ਦੇ ਉਪਾਅ ਵੀ ਦੱਸੇ। ਉਨ੍ਹਾਂ ਕਿਹਾ, "ਮਨੁੱਖ ਦੇ ਸਾਹਮਣੇ ਦੋ ਸਮੱਸਿਆਵਾਂ ਹਨ। ਪਹਿਲਾ ਦੁੱਖ ਅਤੇ ਦੂਜਾ ਦੁੱਖ ਤੋਂ ਛੁਟਕਾਰਾ।'' ਉਨ੍ਹਾਂ ਦੱਸਿਆ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ ਅਤੇ ਸਾਰੇ ਪ੍ਰਣੀ ਕਿਸੇ ਨਾ ਕਿਸੇ ਤਰ੍ਹਾਂ ਦੁੱਖ ਨਾਲ ਪੀੜਿਤ ਹਨ। ਸੰਸਾਰ ਦਾ ਕੋਈ ਵੀ ਮਨੁੱਖ ਦੁੱਖਾਂ ਦੀ ਲਪੇਟ ਤੋਂ ਨਹੀਂ ਬਚ ਸਕਿਆ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦੁੱਖਾਂ ਨਾਲ ਪਰੁੰਨਿਆ ਪਿਆ ਹੈ। ਕਿਸੇ ਨੂੰ ਪਿਆਰੇ ਮਿੱਤਰ ਦੇ ਨਾ ਮਿਲਣ ਦਾ ਦੁੱਖ ਹੈ, ਕਿਸੇ ਨੂੰ ਦੁਖਿਆਰੇ, ਅਮਿੱਤਰ ਦੇ ਮਿਲ ਜਾਣ ਦਾ ਦੁੱਖ ਹੈ। ਕਿਸੇ ਨੂੰ ਇੱਛਾਵਾਂ ਪੂਰੀਆਂ ਨਾ ਹੋਣ ਦਾ ਦੁੱਖ ਹੈ ਅਤੇ ਕਿਸੇ ਨੂੰ ਅਣਸੋਚੀਆਂ ਘਟਨਾਵਾਂ ਦੇ ਵਾਪਰ ਜਾਣ ਦਾ ਦੁੱਖ ਹੈ। ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਬਾਪ ਦਾ ਦੁੱਖ ਹੈ, ਕਿਸੇ ਨੂੰ ਪਤੀ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ ਦੁੱਖ ਹੈ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸਬੰਧੀ ਦਾ। ਕਿਸੇ ਨੂੰ ਤਾਕਤ ਦਾ, ਕਿਸੇ ਨੂੰ ਦੌਲਤ ਦਾ। ਕਿਸੇ ਨੂੰ ਅਪਮਾਨ ਦਾ ਕਿਸੇ ਨੂੰ ਸਨਮਾਨ ਦਾ ਦੁੱਖ ਹੈ। ਮੁੱਕਦੀ ਗੱਲ, ਜਿਧਰ ਦੇਖੋ ਦੁੱਖ ਹੀ ਦੁੱਖ ਹੈ।

ਬੁੱਧ ਨੇ ਕਿਹਾ, ਦੁੱਖ ਦਾ ਮੂਲ ਕਾਰਨ ਅਗਿਆਨਤਾ ਤੇ ਇੱਛਾ ਹੈ। ਮਨੁੱਖ ਦੀ ਇੱਛਾ ਇਹ ਹੈ ਕਿ ਉਸ ਪਾਸ ਅਧਿਕ ਤੋਂ ਅਧਿਕ ਧੰਨ ਹੋਵੇ, ਕੋਠੀਆਂ, ਬੰਗਲੇ ਹੋਣ, ਬੱਚੇ ਹੋਣ, ਸਭ ਸੁੱਖ-ਸਹੂਲਤਾਂ ਹੋਣ, ਰਾਜ ਭਾਗ ਹੋਵੇ ਸਨਮਾਨ ਹੋਵੇ। ਗੱਲ ਕੀ, ਇੱਛਾ ਦਾ ਕੋਈ ਅੰਤ ਨਹੀਂ। ਯਾਨੀ ਅਨੇਕ ਭੌਤਿਕ ਵਸਤਾਂ ਮਿਲਣ ਤੇ ਵੀ ਇੱਛਾ ਛਾਂਤ ਨਹੀਂ ਹੁੰਦੀ। ਜਦ ਇੱਛਾ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ। ਉਸ ਦੀ ਮਾਨਸਿਕ ਦਸ਼ਾ ਡਾਵਾਂ ਡੋਲ ਹੋ ਜਾਂਦੀ ਹੈ। ਸਿੱਟੇ ਵਜੋਂ ਮਨੁੱਖ ਕਈ ਮਾੜੇ[2] ਢੰਗ ਅਪਨਾ ਕੇ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਦਾ ਆਦਿ ਹੋ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਆੜ ਵਿੱਚ ਉਹ ਅਨੈਤਿਕ ਕੰਮ ਕਰਦਾ ਹੈ, ਜਿਸ ਨਾਲ ਸਮਾਜ ਵਿੱਚ ਉਸ ਦੀ ਬਦਨਾਮੀ ਹੁੰਦੀ ਹੈ। ਸਿੱਟੇ ਵਜੋਂ ਮਨੁੱਖ ਆਪ ਵੀ ਦੁੱਖੀ ਹੁੰਦਾ ਹੈ ਅਤੇ ਸੰਸਾਰ ਨੂੰ ਵੀ ਦੁੱਖੀ ਕਰਦਾ ਹੈ। ਇਸ ਲਈ ਇੱਛਾ ਤੇ ਕੰਟਰੋਲ ਕਰਨਾ ਅਤਿ ਜਰੂਰੀ ਹੈ।

ਮਨੁੱਖ ਵਿੱਚ ਇੱਛਾ ਕਿਉ ਪਨਪਦੀ ਹੈ? ਬੁੱਧ ਕਹਿੰਦੇ, ਇਸ ਦਾ ਕਾਰਣ ਮਨ ਹੈ। ਮਨ ਤੇ ਜਿੱਤ ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਸੁੱਖ ਦੀ ਪ੍ਰਪਤੀ ਹੈ। ਇਸ ਵਾਸਤੇ ਉਨ੍ਹਾਂ ਕਾਰਨ-ਕਾਰਜ (ਪ੍ਰਤਿਤਸਮੁਤਵਾਦ) ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਅਸਲੀ ਬ੍ਰਹਿਮੰਡ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ। ਹਰ ਘਟਨਾ ਕਾਰਜ-ਕਾਰਨ ਦੇ ਸਿਧਾਂਤ ਤਹਿਤ ਘਟਦੀ ਹੈ। ਉਹੀ ਘਟਨਾਂ ਅੱਗੋਂ, ਅਗੇਰੀ ਘਟਨਾ ਦਾ ਕਾਰਣ ਬਣਦੀ ਹੈ। ਬਿਨਾ ਕਾਰਣ ਕੁੱਝ ਵੀ ਵਾਪਰ ਨਹੀਂ ਸਕਦਾ।

ਬੁੱਧ ਨੇ ਦੱਸਿਆ ਕਿ ਮਨੁੱਖ ਦੇ ਦੁੱਖੀ ਹੋਣ ਦੇ ਦੋ ਕਾਰਣ ਹਨ। ਪਹਿਲਾ ਮਨੁੱਖ ਦਾ ਆਪਣਾ ਮਾੜਾ ਵਿਹਾਰ ਹੈ ਅਤੇ ਦੂਜਾ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਨਾਬਰਾਬਰੀ ਦਾ ਵਤੀਰਾ, ਯਾਨੀ ਇੱਕ ਮਨੁੱਖ ਵਲੋਂ ਦੂਜੇ ਦਾ ਸ਼ੋਸ਼ਣ। ਮਨੁੱਖ, ਮਨੁੱਖ ਦਾ ਸ਼ੋਸ਼ਣ ਕਿਉ ਕਰਦਾ ਹੈ? ਇਸ ਮੂਲ ਪ੍ਰਸ਼ਨ ਦਾ ਉੱਤਰ ਇਹੀ ਹੈ ਕਿ ਮਨੁੱਖ ਨਿਜੀ ਜਾਇਦਾਦ ਇਕੱਠੀ ਕਰਨੀ ਚਾਹੁੰਦਾ ਹੈ। ਇਹ ਨਿਜੀ ਸੰਪੱਤੀ ਨੂੰ ਅਧਿਕ ਤੋਂ ਅਧਿਕ ਇਕੱਠੀ ਕਰਨ ਦੀ ਲਾਲਸਾ ਹੀ ਸੰਸਾਰ ਵਿੱਚ ਅਨੇਕਾ ਬੁਰਾਈਆ ਦੀ ਜੜ੍ਹ ਹੈ। ਇਸ ਲਈ ਮਨੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਨਿੱਜੀ ਜਾਇਦਾਦ ਦਾ ਖਾਤਮਾ ਜਰੂਰੀ ਹੈ।

ਬੁੱਧ ਨੇ ਇਸ ਦੀ ਸ਼ੁਰੂਆਤ ਖੁੱਦ ਤੋਂ ਕੀਤੀ। ਉਨ੍ਹਾਂ ਦੁਆਰਾ ਸਥਾਪਤ ਭਿਖਸ਼ੂ ਸੰਘ ਵਿੱਚ ਕਿਸੇ ਵੀ ਭਿਖਸ਼ੂ ਨੂੰ ਨਿਜੀ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਹੈ। ਕੋਈ ਵੀ ਭਿਖਸ਼ੂ ਸੰਘ ਵਿੱਚ ਨਿੱਜੀ ਜਾਇਦਾਦ ਨਹੀਂ ਰੱਖੇਗਾ। ਉਹ ਸਿਰਫ਼ ਆਪਣੇ ਕੋਲ ਸੱਤ ਚੀਜ਼ਾਂ ਹੀ ਰੱਖ ਸਕਦਾ ਹੈ। ਇਹ ਚੀਜ਼ਾਂ ਹਨ, ਤਿੰਨ ਚੀਵਰ (ਕੱਪੜੇ), ਇੱਕ ਪਾਣੀ ਲਈ ਬਰਤਨ, ਇੱਕ ਬਿਸਤਰਾ, ਇੱਕ ਉਸਤਰਾ, ਇੱਕ ਸੂਈ। ਇਹ ਦੌਲਤ ਵੀ ਸੰਘ ਦੀ ਹੁੰਦੀ ਹੈ ਕਿਉਕਿ ਭਿਖਸ਼ੂ ਦੀ ਮੌਤ ਤੋਂ ਬਾਹਦ ਇਹ ਚੀਜ਼ਾਂ ਸੰਘ ਦੀਆਂ ਹੋ ਜਾਂਦੀਆ ਹਨ। ਹਰ ਭਿਖਸ਼ੂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਤੋੜਨ ਤੇ ਸਜ਼ਾ ਦਿੱਤੀ ਜਾਂਦੀ ਹੈ।

ਬੁੱਧ ਖੁਦ ਇਸ ਨਿਯਮ ਦੀ ਪਾਲਣਾ ਕਰਦੇ ਸਨ। ਬੁੱਧ ਨੇ ਇਸ ਨੂੰ ਨੈਤਿਕ ਆਦਰਸ਼ ਜਾਂ ਸਦਾਚਾਰ ਦਾ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆ ਨੂੰ ਲੋਭ, ਲਾਲਚ, ਇੱਛਾ ਤੋਂ ਦੂਰ ਰਹਿ ਕੇ ਸਹੀ ਕਮਾਈ ਦਾ ਰਸਤਾ ਅਪਨਾਉਣਾ ਚਾਹੀਦਾ ਹੈ। ਸੰਖੇਪ 'ਚ, ਨਿੱਜੀ ਸੰਪੱਤੀ ਦੇ ਕੰਟਰੋਲ ਬਾਰੇ ਬੁੱਧ ਨੇ ਕਾਨੂੰਨ ਦਾ ਨਹੀਂ ਸਗੋਂ ਨੈਤਿਕਤਾ, ਪ੍ਰੇਮ ਅਤੇ ਸਦਾਚਾਰ ਦਾ ਸਹਾਰਾ ਲਿਆ। ਮਨੁੱਖ ਸਦਾਚਾਰ ਤੇ ਚੱਲ ਕੇ ਆਪਣਾ ਜੀਵਨ ਵੀ ਸੁੱਖੀ ਬਣਾ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ।

ਬੁੱਧ ਕਹਿੰਦੇ, ਮਨੁੱਖੀ ਜੀਵਨ ਦੋ ਅਤਿ ਦੇ ਮਾਰਗਾਂ ਤੇ ਚੱਲਦਾ ਹੈ। ਇੱਕ ਅਤਿ ਨੇ ਮਨੁੱਖ ਨੂੰ ਪਦਾਰਥਾ ਦੇ ਪੈਰੋਕਾਰ ਬਣਾ ਦਿੱਤਾ ਹੈ ਅਤੇ ਦੂਜੇ ਅਤਿ ਨੇ ਮਨੁੱਖ ਨੂੰ ਅਧਿਆਤਮ ਦੇ ਪੈਰੋਕਾਰ ਬਣਾ ਦਿੱਤਾ ਹੈ। ਪਦਾਰਥਵਾਦੀ ਅਧਿਆਤਮ ਨੂੰ ਅਤੇ ਅਧਿਆਤਮਵਾਦੀ ਪਦਾਰਥ ਨੂੰ ਨਕਾਰਦੇ ਆ ਰਹੇ ਹਨ। ਦੋਹਾਂ ਨੇ ਦੋ ਵਿਰੋਧੀ ਕਿਨਾਰਿਆਂ ਨੂੰ ਸ਼ਕਲ ਦਿੱਤੀ ਹੋਈ ਹੈ। ਸਿੱਟੇ ਵਜੋਂ ਦੋ ਅਜਿਹੇ ਸਮਾਜ ਵਿਕਸਿਤ ਹੋ ਰਹੇ ਹਨ, ਜਿਨ੍ਹਾਂ ਵਿੱਚੋ ਇੱਕ ਵਿੱਚ ਮਨੁੱਖ ਨੂੰ ਹਮੇਸ਼ਾਂ ਪਦਾਰਥ ਤੱਕ ਹੀ ਸੀਮਿਤ ਰੱਖਣ ਦੀ ਕੋਸ਼ਿਸ਼ ਚੱਲ ਰਹੀ ਹੈ ਦੂਜੇ ਵਿੱਚ ਅਧਿਆਤਮ ਤੱਕ ਹੀ। ਦੋਵੇਂ ਦਵੈਤ ਤੇ ਖੜੇ ਹਨ, ਇਸ ਸਟੇਟਸ ਕੋ (ਖਲੋਤ) ਦੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਇਸ ਕਾਰਣ ਹੀ ਇੱਕ ਸ਼ਾਂਤ ਅਤੇ ਸੁਖੀ ਸਮਾਜ ਵਜੋਂ ਤਰੱਕੀ ਰੁੱਕੀ ਹੋਈ ਹੈ।

ਇਹ ਦੋਵੇਂ ਅਤਿ ਜੋ ਵਿਰੋਧੀ ਦਿਖਾਈ ਦੇ ਰਹੇ ਹਨ, ਅਸਲ ਵਿੱਚ ਵਿਰੋਧੀ ਨਹੀਂ ਸਗੋਂ ਇੱਕ ਦੂਜੇ ਦੇ ਸਹਿਯੋਗੀ ਹਨ। ਜੇਕਰ ਪਦਾਰਥਵਾਦੀ, ਅਧਿਆਤਮ ਦੀ ਚੰਗਿਆਈ ਨੂੰ ਅਤੇ ਅਧਿਆਤਮਵਾਦੀ, ਪਦਾਰਥ ਦੀ ਚੰਗਿਆਈ ਨੂੰ ਅਪਣਾ ਲੈਣ ਜਾਂ ਆਪਸ ਵਿੱਚ ਸੁਮੇਲ ਮਾਰਗ ਵੱਲ ਵਧਣ ਤਾਂ ਕਮਾਲ ਦੀ ਤਰੱਕੀ ਰਾਹੀਂ ਇੱਕ ਅਜਿਹਾ ਸਮਾਜ ਸਥਾਪਿਤ ਹੋਵੇਗਾ ਜਿਸ ਵਿੱਚ ਮਨੁੱਖ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਹੋਵੇਗਾ। ਇਨ੍ਹਾਂ ਦੋ ਅੱਤਾਂ ਦੇ ਮੇਲ ਨੂੰ ਹੀ ਬੁੱਧ "ਸੁਮੇਲ ਮਾਰਗ'' ਜਾਂ "ਮਧਿਅਮ ਮਾਰਗ'' (ਵਿਚਲਾ ਰਾਹ) ਕਹਿੰਦੇ ਹਨ।

ਬੁੱਧ ਦਾ "ਮਧਿਅਮ ਮਾਰਗ'' ਕੋਈ ਈਸ਼ਵਰ ਅਤੇ ਮਨੁੱਖ ਦੇ ਵਿੱਚ ਕਿਸੇ ਪ੍ਰਕਾਰ ਦਾ ਸਬੰਧ ਸਧਾਪਿਤ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦਾ ਸਪਸ਼ਟ ਅਤੇ ਵਿਸ਼ੇਸ਼ ਟੀਚਾ ਮਨੁੱਖ-ਮਨੁੱਖ ਦੇ ਵਿੱਚ ਅਜਿਹੇ ਸਬੰਧਾਂ ਨੂੰ ਉਤਸ਼ਾਹ ਦੇਣਾ ਸੀ ਜਿਸ ਨਾਲ ਦੁੱਖ ਅਤੇ ਸ਼ੋਸ਼ਣ ਦਾ ਪੂਰਨ ਅੰਤ ਹੋ ਸਕੇ। ਬੁੱਧ ਨੇ ਆਪ ਆਪਣੇ ਜੀਵਨ ਦਾ ਬਹੁਤਾ ਹਿੱਸਾ ਦੁੱਖੀ ਅਤੇ ਗਰੀਬਾਂ ਦੀ ਸੇਵਾ ਵਿੱਚ ਬਿਤਾਇਆ।

ਮਾਨਵ ਸੁਭਾਅ ਪ੍ਰਤੀ ਸੱਚਾਈ ਪ੍ਰਗਟ ਕਰਦੇ ਹੋਏ ਬੁੱਧ ਨੇ ਜਾਤ-ਮਜ਼ਹਬ ਦੇ ਸਾਰੇ ਬੰਧਨਾ ਨੂੰ ਤੋੜ ਕੇ ਸਭ ਲੋਕਾਂ ਨੂੰ ਬਰਾਬਰੀ ਦਾ ਸੁਨੇਹਾ ਦਿੱਤਾ।

## ਰੁੱਖ ਲਗਾਉ ਜ਼ਿੰਦਗੀ ਬਚਾਉ

ਅੱਜਕਲ੍ਹ ਮਨੁੱਖ ਲਾਲਚ ਵੱਸ ਪੈ ਕੇ ਰੁੱਖਾਂ ਨੂੰ ਕੱਟਦਾ ਪਿਆ ਹੈ । ਰੁੱਖ ਸਾਨੂੰ ਠੰਡੜੀ ਛਾ ਦਿੰਦੇ ਹਨ। ਇਸ ਨਾਲ ਸਾਨੂੰ ਆਕਸੀਜਨ ਮਿਲ਼ਦੀ ਹੈ । ਜੋ ਸਾਨੂੰ ਜਿਊਂਦੇ ਰੱਖਦੀ ਹੈ। ਦਰੱਖਤਾਂ ਤੋਂ ਜੜੀ ਬੂਟੀਆਂ ਮਿਲਦੀਆਂ ਹਨ । ਜਿਸ ਦੀ ਵਰਤੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਸਿਹਤ ਨੂੰ ਠੀਕ ਰੱਖਣ ਲਈ ਵਰਤਦੇ ਹਾਂ। ਰੁੱਖ ਸਾਨੂੰ ਫੁੱਲ ਵੀ ਦਿੰਦੇ ਹਨ। ਜਿਸ ਨੂੰ ਅਸੀਂ ਘਰ ਦੀ ਸਾਜ - ਸਜਾਵਟ ਲਈ ਵਰਤਦੇ ਹਾਂ । ਤੇ ਪੂਜਾ ਕਰਨ ਲਈ ਮੰਦਰਾਂ ਵਿੱਚ ਵੀ ਚੜਾਉਂਦੇ ਹਾਂ। ਰੁੱਖਾਂ ਤੋਂ ਸਾਨੂੰ ਫਲ ਵੀ ਪ੍ਰਾਪਤ ਹੁੰਦੇ ਹਨ। ਜਿਸ ਨਾਲ ਸਾਡੀ ਸਰੀਰਕ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਸਹਾਇਕ ਹੁੰਦੇ ਹਨ। ਰੁੱਖ ਭੂ। ਖੋਰ , ਹਵਾ ਤੇ ਕੁਦਰਤੀ ਆਫ਼ਤਾਂ ਤੋਂ ਵੀ ਸਾਨੂੰ ਬਚਾਉਂਦਾ ਹੈ। ਰੁੱਖ ਸਾਡੇ ਵਾਤਾਵਰਣ ਨੂੰ ਸਾਫ ਸੁਥਰਾ ਬਣਾਈ ਰੱਖਣ ਵਿਚ ਵੀ ਸਹਾਇਕ ਹੁੰਦੇ ਹਨ। ਸਾਨੂੰ ਲਾਲਚ ਵੱਸ ਪੈਅ ਕੇ ਇਹਨਾਂ ਨੂੰ ਕੱਟਣਾ ਨਹੀਂ ਚਾਹੀਂਦਾ । ਸਗੋਂ ਆਉਣ ਵਾਲੀ ਵੀ ਇਹਨਾਂ ਦੀ ਠੰਢੜੀ ਛਾਂ ਲੈ ਸਕਣ । ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਜੇਕਰ ਆਪਾਂ ਇੱਕ ਰੁੱਖ ਕੱਟਦੇ ਹਾਂ ਤਾਂ ਉਸਦੇ ਬਦਲੇ ਚਾਰ ਰੁੱਖ ਲਗਾਉਣੇ ਚਾਹੀਦੇ ਹਨ। ਆਉ ਸਭ ਰਲ ਕੇ ਹੀ ਰੁੱਖ ਲਗਾਉ ਰੁੱਖ ਬਚਾਉ ।



- ਗਗਨਪ੍ਰੀਤ ਸੱਪਲ ਸੰਗਰੂਰ ਪਿੰਡ ਘਾਬਦਾਂ
91-62801-57535



# ਬਚਪਨ ਦੀ ਤਮੰਨਾ, 93 ਸਾਲ ਦੀ ਉਡੀਕ, ਤੇ ਕਰਤਾਰਪੁਰ ਦੀ ਰੂਹਾਨੀ ਯਾਤਰਾ







ਭਾਰਤ ਪਾਕਿਸਤਾਨ ਦੇ ਬਟਵਾਰੇ ਤੋਂ ਬਾਅਦ 93 ਸਾਲ ਦੀ ਬਿਰਧ ਅਵਸਥਾ ਵਿੱਚ, ਹੱਥ ਵਿੱਚ ਸੋਟੀ ਲੱਕ ਤੋਂ ਕੁੱਬੇਪਣ ਦੇ ਹਲਾਤਾਂ ਵਿੱਚ ਮੇਰੀ ਮਾਂ ਬੀਬੀ ਗੁਰਬਚਨ ਕੌਰ ਮੁਹੱਲਾ ਉਂਕਾਰ ਨਗਰ ਗੁਰਦਾਸਪੁਰ ਜਦੋਂ ਗੁਰੂਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਵਿਖੇ ਪਹੁੰਚੇ ਤਾਂ ਇਲਾਹੇਨੂਰ ਬਾਬੇ ਨਾਨਕ ਦਾ ਕੋਟਨ ਕੋਟਿ ਧੰਨਵਾਦ ਕਰਦਿਆਂ ਨਤਮਸਤਕ ਹੋਏ ਜਿੰਨਾ ਦੀ 93 ਸਾਲਾਂ ਬਾਅਦ ਆਖ਼ਰ ਸੁਣਵਾਈ ਹੋਈ। ਦਾਸਤਾਨ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੇਰੀ ਮਾਂ 13 ਸਾਲ ਦੀ ਉਮਰ ਵਿੱਚ ਆਪਣੇ ਜੱਦੀ ਪਿੰਡ ਚੰਦੂ ਨੰਗਲ ਡੇਰਾ ਬਾਬਾ ਨਾਨਕ (ਜ਼ਿਲ੍ਹਾਂ ਗੁਰਦਾਸਪੁਰ) ਵਿਖੇ ਆਪਣਾ ਮਾਂ ਬਾਪ, ਤਿੰਨ ਭੈਣਾਂ, ਚਾਰ ਭਰਾਵਾਂ ਨਾਲ ਰਹਿ ਰਹੇ ਸਨ, ਗਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਭਾਰਤ-ਪਾਕਿਸਤਾਨ ਵਾਲਾ ਚੜ੍ਹਦਾ-ਲਹਿੰਦਾ ਪੰਜਾਬ ਨਹੀਂ ਸੀ, ਬਲਕਿ ਸਿਰਫ਼ ਇੱਕ ਪੰਜਾਬ ਸੀ – ਦਿਲਾਂ ਨੂੰ ਜੋੜਨ ਵਾਲਾ, ਰਾਹਾਂ ਨੂੰ ਰੋਸ਼ਨ ਕਰਨ ਵਾਲਾ। ਜਦੋਂ ਵਿਸਾਖੀ ਦਾ ਮੇਲਾ ਲਗਦਾ, ਤਾਂ ਲੋਕ ਬੜੇ ਚਾਅ, ਸ਼ਰਧਾ ਅਤੇ ਅਟੱਲ ਵਿਸ਼ਵਾਸ ਨਾਲ ਦਰਿਆ ਰਾਵੀ ਦੇ ਥੋੜ੍ਹੇ-ਥੋੜ੍ਹੇ ਪਾਣੀ ਨੂੰ ਪਾਰ ਕਰਦੇ,ਪੈਰਾਂ ਹੇਠਾਂ ਪਾਣੀ ਸੀ, ਪਰ ਮਨਾਂ ਵਿੱਚ ਨਦੀਆਂ ਵਾਂਗ ਉਮੰਗਾਂ। ਮੇਰੀ ਮਾਂ ਅਨੁਸਾਰ ਉਹ ਆਪਣੇ ਭੈਣਾਂ-ਭਰਾਵਾਂ ਦੇ ਨਾਲ ਬਾਲੜੀ ਉਮਰ ਵਿੱਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਵਾਸਤੇ ਨਿਕਲਣ ਲੱਗੇ ਤਾਂ ਘਰ ਦੇ ਵਿਹੜੇ ਵਿੱਚ ਬੇਰੀ ਦਾ ਇੱਕ ਦਰਖ਼ਤ ਲਗੇ ਹੋਣ ਕਾਰਨ ਕੁੱਝ ਪੱਕੇ ਬੇਰ ਹੇਠਾਂ ਜ਼ਮੀਨ ਤੇ ਡਿੱਗੇ ਹੋਏ ਸਨ ਜਿਨ੍ਹਾਂ ਵਿੱਚੋਂ ਇੱਕ ਬੇਰ ਉਪਰ ਭੂੰਡ (ਖਿਲ) ਬੈਠੀ ਹੋਈ ਸੀ ਜਦੋਂ ਨੇੜਿਉਂ ਲੰਘੀ ਤਾਂ ਉਹ ਭੂੰਡ ਖੱਬੇ ਪੈਰ ਤੇ ਆ ਲੜਿਆ, ਜਿਸ ਨੇ ਸਿਰਫ ਮੇਰੀ ਜਾਨ ਹੀ ਨਹੀਂ ਕੱਢੀ ਪ੍ਰੰਤੂ ਦੁਖ ਬੜਾ ਚਲਣਾਂ ਪਿਆ, ਪੈਰ ਸੁੱਜ ਕੇ ਭਨੂਰੇ ਵਰਗਾ ਹੋ ਗਿਆ, ਖੈਰ ਹਕੀਮ ਤੋਂ ਦਵਾਈ ਖਾਦੀ ਕੁੱਝ ਰਾਹਤ ਮਹਿਸੂਸ ਹੋਈ ਪਰ ਭੂੰਡ ਲੜੇ ਨਾਲੋਂ ਵੱਧ ਤਕਲੀਫ਼ ਉਸ ਸਮੇਂ ਹੋਈ ਜਦੋਂ ਇਹ ਪਤਾ ਲੱਗਾ ਕਿ ਭੈਣਾਂ-ਭਰਾ ਤੇ ਹੋਰ ਸਹੇਲੀਆ ਮੈਨੂੰ ਇਕਲਿਆਂ ਛੱਡ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਲੱਗਾ ਵਿਸਾਖੀ ਮੇਲਾ ਦੇਖਣ ਤੇ ਬਾਬੇ ਨਾਨਕ ਜੀ ਦੇ ਦਰਬਾਰ ਵੱਲ ਰਵਾਨਾ ਹੋ ਗਏ ਹਨ। ਉਸ ਵਕ਼ਤ ਮੇਰੇ ਦਿਲ ਤੇ ਕੀ ਕੀ ਗੁਜ਼ਰੀ, ਦੱਸਣ ਲਈ ਅਖ਼ਰ ਵੀ ਪਿਛੇ ਪੈਂਦੇ ਹਨ।

ਉਸ ਤੋਂ ਬਾਅਦ ਭਾਰਤ ਪਾਕਿਸਤਾਨ ਦਾ ਬਟਵਾਰਾ ਪੈ ਗਿਆ ਪਰ ਮਨ ਵਿੱਚ ਇਕ ਤਾਂਘ ਬਣੀ ਰਹੀ ਤੇ ਹਮੇਸ਼ਾ ਅਰਦਾਸ ਵਿੱਚ ਇਹ ਕਹਿਣਾਂ ਕਿ ਹੇ ਬਾਬਾ ਨਾਨਕ ਆਪਣੇ ਦਰਬਾਰ ਵਿੱਚ ਨਤਮਸਤਕ ਹੋਣ ਦਾ ਮੌਕਾ ਜ਼ਰੂਰ ਦੇਣਾਂ, ਮੇਰੇ ਜਿਉਂਦੇ ਜੀਅ ਦੀ ਖ਼ਾਹਿਸ਼ ਪੂਰੀ ਕਰਨਾ ਤਾਂ ਜ਼ੋ ਤੇਰੇ ਦਰਸ਼ਨ ਦੀਦਾਰ ਨਾਲ ਮੈਂ ਧਨ ਹੋ ਸਕਾ।

ਬਾਬਾ ਨਾਨਕ ਸਭ ਦੀ ਸੁਣਦਾਂ ਤੇ ਮੇਰੀ ਵੀ ਸੁਣੀ ਤੇ ਆਖ਼ਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਲਈ ਲਾਂਘਾ ਖੁਲ ਗਿਆ। ਮੈਂ ਆਪਣੇ ਇਸ ਲੇਖਕ ਪੁੱਤਰ ਨੂੰ ਬੜੇ ਮਾਣ ਨਾਲ ਬਾਬਾ ਨਾਨਕ ਦੇ ਦਰਬਾਰ ਵਿੱਚ ਨਤਮਸਤਕ ਹੋਣ ਲਈ ਗੱਲ ਕੀਤੀ ਤਾਂ ਉਸ ਨੇ ਆਪਣੇ ਸਾਰੇ ਰੁਝੇਵਿਆਂ ਨੂੰ ਇਕ ਪਾਸੇ ਕਰਕੇ ਫੌਰੀ ਤੌਰ ਤੇ ਕੈਨੇਡਾ ਵਾਸੀ ਆਪਣੇ ਬੇਟੇ ਸਾਹਿਲਪ੍ਰੀਤ ਸਿੰਘ ਨਾਲ ਫੋਨ ਤੇ ਰਾਬਤਾ ਕਾਇਮ ਕਰਦਿਆਂ ਡੇਰਾ ਬਾਬਾ ਨਾਨਕ ਕੋਰੀਡੋਰ ਦੇ ਜ਼ਰੀਏ ਆਨ ਲਾਈਨ ਰਜਿਸਟ੍ਰੇਸ਼ਨ ਕਰਵਾਈ ਤੇ ਇਸ ਪ੍ਰੋਸੈਸਿੰਗ ਨੂੰ ਪਾਰ ਕਰਦਿਆਂ ਫਿਰ ਪਹੁੰਚ ਗਏ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾ ਲਈ।

ਜਦੋਂ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ ਦੀ ਧਰਤੀ ਉੱਤੇ) ਅਸੀਂ ਪੈਰ ਧਰੇ, ਤਾਂ ਪਾਕਿਸਤਾਨ ਦੀ ਸ਼ਾਨਦਾਰ ਏਅਰ ਕੰਡੀਸ਼ਨਡ ਬੱਸ ਵੀ ਆ ਖੜੀ ਹੋਈ । ਬਹੁਤ ਹੀ ਹੱਸਮੁੱਖ ਤੇ ਹਰ ਦਿਲ ਅਜ਼ੀਜ਼ ਬੱਸ ਦਾ ਡਰਾਈਵਰ ਮੁਹੰਮਦ ਅਬਦੁਲ, ਮਾਂ ਦੀ ਹਿੰਮਤ ਦੇਖ ਕੇ ਹਾਰਦਿਕ ਸਵਾਗਤ ਕਰਦਾ ਹੋਇਆ, ਸਹਾਰਾ ਦਿੰਦਾ ਹੋਇਆ ਕਹਿਣ ਲੱਗਿਆ, "ਮਾਤਾ ਜੀ, ਕਿੱਥੋਂ ਆਏ ਹੋ ?" ਮਾਤਾ ਨੇ ਜਵਾਬ ਦਿੱਤਾ, "ਵੈਸੇ ਤਾਂ ਬੇਟਾ, ਗੁਰਦਾਸਪੁਰ ਰਹਿੰਦੀ ਹਾਂ, ਪਰ ਮੇਰੇ ਪੇਕੇ ਚੰਦੂ ਨੰਗਲ, ਡੇਰਾ ਬਾਬਾ ਨਾਨਕ (ਗੁਰਦਾਸਪੁਰ) ਨੇ।"ਡਰਾਈਵਰ ਫਿਰ ਬੋਲਿਆ, "ਵਾਹ ਵਾਹ ! ਫਿਰ ਤਾਂ ਘਰੋ ਘਰ ਵਿੱਚ ਹੀ ਆਏ ਹੋ। ਬਾਬਾ ਨਾਨਕ ਨੇ ਬੜੀ ਹਿੰਮਤ ਤੇ ਬਲ ਬਖ਼ਸ਼ਿਆ ਹੈ। ਆਪਣੇ ਦਰਬਾਰ ਲੈ ਆਉਂਦਾ ਹੈ। "ਇੰਨੀ ਗੱਲ ਹੋਈ ਸੀ ਕਿ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਆ ਗਿਆ। ਡਰਾਈਵਰ ਕਹਿਣ ਲੱਗਿਆ, "ਚਲੋ, ਆਰਾਮ ਨਾਲ ਉਤਰੋ ਤੇ ਕਰੋ ਦਰਸ਼ਨ ਦੀਦਾਰ।"

ਜਦੋਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜੋੜਾ ਘਰ ਨੇੜੇ ਪਹੁੰਚੇ, ਤਾਂ ਮੁੱਖ ਦੁਆਰ ਦੇ ਅੰਦਰ ਖੜੇ ਪਾਕਿਸਤਾਨ ਪੁਲਿਸ ਮੁਲਾਜ਼ਮ ਅਹਿਮਦ ਦਾਉਦ ਨੇ ਸਭ ਨੂੰ "ਜੀ ਆਇਆ ਨੂੰ" ਆਖਿਆ ਅਤੇ ਬਹੁਤ ਪਿਆਰ ਭਰੇ ਅਲਫ਼ਾਜ਼ ਵਿੱਚ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਵਧੀਆ ਟਿਪਸ ਦਿੱਤੀਆਂ। ਉਸ ਨੇ ਕਿਹਾ, "ਇੱਥੇ ਆਉਣ ਵਾਲੇ ਹਰ ਸ਼ਰਧਾਲੂ ਦੀ ਇੱਜ਼ਤ ਕਰਨਾ ਸਾਡਾ ਫਰਜ ਵੀ ਹੈ ਤੇ ਮਾਣ ਵੀ। ਤੁਸੀਂ ਇੱਥੇ ਸਿਰਫ਼ ਇੱਕ ਯਾਤਰੀ ਨਹੀਂ, ਸਾਡੇ ਮਹਿਮਾਨ ਹੋ। ਉਸਦੀ ਨਿਮਰਤਾ ਪਿਆਰ ਭਰੀ ਗੱਲਬਾਤ ਨੇ ਮਨ ਨੂੰ ਇੱਕ ਅਜਿਹਾ ਸਕੂਨ ਦਿੱਤਾ ਜਿਵੇਂ ਅਸੀਂ ਰੂਹਾਨੀ ਵੇਹੜੇ ਵਿੱਚ ਕਦਮ ਰੱਖ ਚੁੱਕੇ ਹੋਈਏ। ਅਸੀਂ ਜੋੜਾ ਘਰ 'ਚ ਜੋੜੇ ਉਤਾਰ ਕੇ ਅੰਦਰ ਵਧੇ। ਸਾਹਮਣੇ ਬਾਬਾ ਨਾਨਕ ਦਾ ਰੂਹਾਨੀ ਦਰਬਾਰ ਨਜ਼ਰ ਆਇਆ। ਸਿਰ ਅਪਨੇ ਆਪ ਝੁਕ ਗਿਆ, ਅੱਖਾਂ ਭਰ ਆਈਆਂ, ਮਾਂ ਦੀ ਆਤਮਾ ਖਿੜ ਉਠੀ ਸੀ, ਜਿਵੇਂ ਉਹ ਬਚਪਨ ਵਿਚ ਸੁਣੇ ਸਾਖੀਆਂ ਦੀ ਹਕੀਕਤ ਨੂੰ ਸਾਹਮਣੇ ਵੇਖ ਰਹੇ ਹੋਣ। ਧੰਨ ਧੰਨ ਬਾਬਾ ਨਾਨਕ, ਜਿਸ ਨੇ ਨਾ ਸਿਰਫ ਜੱਗ ਨੂੰ ਤਾਰਿਆ, ਸਗੋਂ ਅੱਜ ਮੇਰੀ ਬਹੁਤ ਹੀ ਸਤਿਕਾਰਤਾ ਮਾਂ ਦੇ ਮਨ ਦੀ ਬਚਪਨ ਦੀ ਅਧੂਰੀ ਤਮੰਨਾਂ ਨੂੰ ਵੀ ਪੂਰਾ ਕਰਕੇ ਇਹ ਸਾਬਤ ਕਰ ਦਿੱਤਾ ਕਿ "ਬਾਬਾ ਨਾਨਕ" ਅਜੇ ਵੀ ਹਰ ਇਕ ਦੇ ਨਾਲ ਹਨ।

ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ, ਪਾਕਿਸਤਾਨ ਵਿੱਚ ਸਾਨੂੰ ਪਰਿਵਾਰ ਸਮੇਤ ਜਦੋਂ ਦਾਖਲ ਹੋਣ ਦਾ ਸੁਭਾਗ ਮਿਲਿਆ, ਤਾਂ ਇੱਕ ਅਲੌਕਿਕ ਰੂਹਾਨੀ ਲਹਿਰ ਨੇ ਸਾਡੇ ਦਿਲਾਂ ਨੂੰ ਛੂਹ ਲਿਆ। ਭਾਈ ਇੰਦਰਜੀਤ ਸਿੰਘ ਦੇ ਪ੍ਰਸਿੱਧ ਰਾਗੀ ਜਥੇ ਦੀ ਮਧੁਰ ਤੇ ਬਾਕਮਾਲ ਆਵਾਜ਼ ਵਿੱਚ

"ਸਾਕਤ ਹਰਿ ਰਸ ਸਾਦੁ ਨਾ ਜਾਣਿਆ,
ਤਿੰਨ ਅੰਤਰਿ ਹਉਮੈ ਕੰਡਾ ਹੈ,
ਕਰ ਡੰਡਉਤ ਪੁਨ ਵਡਾ ਹੈ..." ਸੁਣਕੇ ਤਨ ਤੇ ਮਨ ਦੀ ਗਹਿਰੀ ਅੰਦਰਲੀ ਸ਼ਾਂਤੀ ਹਾਸਲ ਹੋ ਗਈ। ਮੇਰੀ ਮਾਂ ਨੇ ਬਾਬਾ ਨਾਨਕ ਦੀ ਪਵਿੱਤਰ ਹਜ਼ੂਰੀ ਵਿੱਚ ਨਮਨ ਕਰਦਿਆਂ ਰੁਮਾਲਾ ਅਤੇ ਮਾਇਆ ਰੱਖੀ, ਨਿਮਰਤਾ ਨਾਲ ਮੱਥਾ ਟੇਕਿਆ ਅਤੇ ਅਸੀਸਾਂ ਪ੍ਰਾਪਤ ਕੀਤੀਆਂ। ਉਹ ਪਲ ਅਮਿੱਟ ਛਾਪ ਛੱਡ ਗਏ, ਜਦੋਂ ਗੁਰੂ ਨਾਨਕ ਦੇਵ ਜੀ ਦੇ ਟਿੰਡਾਂ ਵਾਲੇ ਖੂਹ ਦੇ ਦਰਸ਼ਨ ਕੀਤੇ, ਜਿਸ ਵਿੱਚੋਂ ਗੁਰੂ ਸਾਹਿਬ ਜੀ ਪਾਣੀ ਕੱਢਕੇ ਆਪਣੇ ਖੇਤਾਂ ਨੂੰ ਲਾਉਂਦੇ ਸਨ। ਇਥੇ ਗੁਰੂ ਜੀ ਦੀ ਸਮਾਧੀ ਅਤੇ ਮਜ਼ਾਰ ਦੋਹਾਂ ਦੇ ਸੰਯੁਕਤ ਸਥਾਨ ਨੇ ਇੱਕ ਅਜਿਹੀ ਵਿਰਾਸਤਕ ਨੂੰ ਸਾਕਾਰ ਕੀਤਾ ਹੈ ਜੋ ਸਮਾਜਿਕ ਏਕਤਾ ਅਤੇ ਧਾਰਮਿਕ ਸਹਣਸ਼ੀਲਤਾ ਦੀ ਮਿਸਾਲ ਹੈ।

ਇਸ ਤੋਂ ਇਲਾਵਾ ਖੂਹੀ ਸਾਹਿਬ ਦੇ ਵਾਟਰ ਪਿਊਰੀ ਫਿਲਟਰ ਪਲਾਂਟ, ਇਤਿਹਾਸਕ ਗੋਲਾ (ਬੰਬ) ਅਤੇ ਉਹ ਪਵਿੱਤਰ ਜਗ੍ਹਾ ਵੀ ਵੇਖੀ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਖੇਤੀਬਾੜੀ ਕੀਤੀ। ਇਹ ਸਭ ਦਰਸ਼ਨ ਸਾਨੂੰ ਨਾ ਸਿਰਫ਼ ਇਤਿਹਾਸ ਨਾਲ ਜੋੜਦੇ ਹਨ, ਸਗੋਂ ਗੁਰੂ ਸਾਹਿਬ ਦੀ ਮਿਹਨਤ ਅਤੇ ਸਹਿਜਤਾ ਦੇ ਉੱਚੇ ਆਦਰਸ਼ਾਂ ਦੀ ਯਾਦ ਵੀ ਦਿਵਾਉਂਦੇ ਹਨ।

ਸੰਗਮਰਮਰ ਤੋਂ ਬਣੀ ਗੁਰਦੁਆਰਾ ਦਰਬਾਰ ਸਾਹਿਬ ਦੀ ਵਿਲੱਖਣ ਇਮਾਰਤ, ਇਲੇਕਟ੍ਰਿਕ ਗੋਲ ਲਾਈਟਾਂ ਦੀ ਚਮਕ, ਅਤਿਅੰਤ ਸ਼ਾਂਤੀ, ਤੇ ਹਰੇ-ਭਰੇ ਮਾਹੌਲ ਨੇ ਮਨ ਨੂੰ ਤਰੋਤਾਜ਼ਾ ਕੀਤਾ ਉੱਥੇ ਲੰਗਰ ਹਾਲ ਵਿੱਚ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਨਾਲ ਬੈਠਕੇ ਲੰਗਰ ਤੇ ਚਾਹ ਪ੍ਰਸਾਦਿ ਦੇ ਗੱਫ਼ੇ ਛਕੇ।

ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਬਾਹਰ ਇਕ ਪਾਸੇ ਸੁੰਦਰ ਅਤੇ ਆਧੁਨਿਕ ਢੰਗ ਨਾਲ ਬਣਾਇਆ ਗਿਆ ਇਕ ਸ਼ਾਪਿੰਗ ਕੰਪਲੈਕਸ ਵੀ ਸਥਿਤ ਹੈ। ਇਸ ਕੰਪਲੈਕਸ ਵਿੱਚ ਖਾਣ-ਪੀਣ ਦੀਆਂ ਵੱਖ-ਵੱਖ ਵਸਤੂਆਂ ਤੋਂ ਲੈ ਕੇ ਰਵਾਇਤੀ ਅਤੇ ਆਧੁਨਿਕ ਪਹਿਨਾਵੇ, ਜਿਵੇਂ ਕਿ ਪੰਜਾਬੀ ਜੁਤੀਆਂ-ਬੂਟ, ਸੂਟ, ਚੁੰਨੀਆਂ, ਕੁਰਤੇ, ਆਦਿ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ ਜਿਥੋਂ ਖਰੀਦਾ ਫਰੌਕਤ ਵੀ ਕੀਤੀ।

2019 ਵਿੱਚ ਖੁਲ੍ਹੇ ਕਰਤਾਰਪੁਰ ਲਾਂਘੇ ਰਾਹੀਂ, ਸਾਡੇ ਵਰਗਿਆਂ ਨੂੰ ਇਹ ਪਵਿੱਤਰ ਯਾਤਰਾ ਕਰਨ ਦਾ ਜੋ ਮੌਕਾ ਮਿਲਿਆ, ਉਹ ਇੱਕ ਅਨਮੋਲ ਤੋਹਫ਼ਾ ਹੈ। ਇਹ ਅਸਥਾਨ ਜਿੱਥੇ ਸਾਡੇ ਧਾਰਮਿਕ ਜੁੜਾਵ ਦਾ ਕੇਂਦਰ ਹੈ ਉੱਥੇ ਅੱਜ ਅੰਤਰ-ਰਾਸ਼ਟਰੀ ਭਾਈਚਾਰੇ ਅਤੇ ਵਿਸ਼ਵ ਸ਼ਾਂਤੀ ਦਾ ਪ੍ਰਤੀਕ ਵੀ ਬਣ ਚੁੱਕਾ ਹੈ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਰਾਵੀ ਨਦੀ ਦੇ ਤਟ ਤੇ ਸਥਿਤ ਕਰਤਾਰਪੁਰ ਸਾਹਿਬ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ ਜੋ 1947 ਈਸਵੀ ਦੀ ਵੰਡ ਤੋਂ ਪਹਿਲਾਂ ਭਾਰਤ ਦੇ ਪੰਜਾਬ ਰਾਜ ਵਿੱਚ ਆਉਣ ਵਾਲੇ ਜ਼ਿਲਾ ਗੁਰਦਾਸਪੁਰ ਦੀ ਤਹਿਸੀਲ ਛਕੜਗੜ੍ਹ ਦਾ ਅਟੁੱਟ ਹਿੱਸਾ ਸੀ। ਪਰ ਵੰਡ ਦੀ ਲਕੀਰ ਲੱਗਣ ਤੋਂ ਬਾਅਦ ਇਹ ਪਵਿੱਤਰ ਧਰਤੀ ਹੁਣ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਆਉਣ ਵਾਲੇ ਜ਼ਿਲਾ ਨਾਰੋਵਾਲ ਵਿੱਚ ਸਥਿਤ ਹੈ। ਇਹ ਸ਼ਹਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਵਸਾਇਆ ਸੀ। ਕਰਤਾਰਪੁਰ ਨਾਮ ਦਾ ਅਰਥ ਹੈ – "ਕਰਤਾਰ (ਸ੍ਰਿਸ਼ਟੀਕਾਰ) ਦਾ ਪੁਰ (ਨਗਰ)"। ਇਸ ਪਵਿੱਤਰ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ 18 ਸਾਲ ਬਿਤਾਏ, ਜਿਥੇ ਉਨ੍ਹਾਂ ਨੇ ਖੇਤੀਬਾੜੀ ਕਰਕੇ ਜੀਵਨ ਜੀਉਣ ਦੀ ਜਾਚ ਸਿਖਾਈ ਅਤੇ ਪ੍ਰਚਾਰ ਕੀਤਾ ਕਿ "ਕਿਰਤ ਕਰੋ, ਨਾਮ ਜਪੋ, ਵੰਡ ਛਕੋ"। ਕਰਤਾਰਪੁਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਇੱਕ ਸਮਾਜਿਕ ਪ੍ਰਣਾਲੀ ਦੀ ਨੀਂਹ ਰੱਖੀ, ਜੋ ਧਰਮ, ਜਾਤ ਦੇ ਭੇਦ ਤੋਂ ਉਪਰ ਸੀ। ਇੱਥੇ ਉਨ੍ਹਾਂ ਨੇ ਲੰਗਰ ਦੀ ਪ੍ਰਥਾ ਦੀ ਸ਼ੁਰੂਆਤ ਕੀਤੀ ਜਿਸ ਵਿੱਚ ਹਰ ਕਿਸੇ ਨੂੰ ਇੱਕੋ ਪੰਗਤ ਵਿੱਚ ਬੈਠਾ ਕੇ ਭੋਜਨ ਕਰਵਾਇਆ ਜਾਂਦਾ ਸੀ। ਇਨ੍ਹਾਂ ਹੀ ਸਿਧਾਂਤਾਂ ਰਾਹੀਂ ਉਨ੍ਹਾਂ ਨੇ ਮਨੁੱਖਤਾ ਦੀ ਸੱਚੀ ਸੇਵਾ ਦੀ ਮਿਸਾਲ ਪੇਸ਼ ਕੀਤੀ। ਕਰਤਾਰਪੁਰ ਵਿੱਚ ਹੀ ਗੁਰੂ ਨਾਨਕ ਦੇਵ ਜੀ ਨੂੰ ਭਾਈ ਲਹਿਣਾ ਜੀ ਮਿਲੇ। ਭਾਈ ਲਹਿਣਾ ਜੀ ਦੀ ਅਟੁੱਟ ਭਗਤੀ, ਨਿਰਮਲ ਸੇਵਾ ਅਤੇ ਨਿਮਰਤਾ ਨੇ ਗੁਰੂ ਨਾਨਕ ਦੇਵ ਜੀ ਦੇ ਮਨ ਨੂੰ ਛੋਹ ਲਿਆ। ਗੁਰੂ ਜੀ ਨੇ ਆਪਣੇ ਉੱਤਰਾਧਿਕਾਰੀ ਵਜੋਂ ਉਨ੍ਹਾਂ ਨੂੰ ਚੁਣਿਆ ਅਤੇ ਭਾਈ "ਲਹਿਣਾ" ਤੋਂ ਗੁਰੂ "ਅੰਗਦ" ਨਾਮ ਦਿੱਤਾ, ਜਿਸਦਾ ਅਰਥ ਹੈ – "ਮੇਰੇ ਅੰਗ ਵਾਂਗੂ"। ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਈ: ਨੂੰ ਜੋਤੀ ਜੋਤ ਸਮਾ ਗਏ ਅਤੇ ਉਸ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪ ਗਏ।

**ਰਾਜਿੰਦਰ ਸਿੰਘ ਰਾਜਨ ਪਠਾਨਕੋਟ**
**9417427656**

# ਪੰਜਾਬ ਸਰਕਾਰ ਲਹਿਰਾਗਾਗਾ ਵਿੱਚ ਦੋ ਵੱਡੇ ਬੁਨਿਆਦੀ ਢਾਂਚਾ ਪ੍ਰੋਜੈਕਟ ਲਿਆਉਣ ਲਈ ਤਿਆਰ

**ਲਹਿਰਾਗਾਗਾ, (ਦਲਜੀਤ ਕੌਰ)** ਪੰਜਾਬ ਸਰਕਾਰ ਲਹਿਰਾਗਾਗਾ ਵਿੱਚ ਦੋ ਵੱਡੇ ਬੁਨਿਆਦੀ ਢਾਂਚਾ ਪ੍ਰੋਜੈਕਟ ਲਿਆਉਣ ਲਈ ਤਿਆਰ ਹੈ, ਜੋ ਸੂਬੇ ਦੇ ਸਮੁੱਚੇ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹਨ।

ਇਹ ਖੁਲਾਸਾ ਅੱਜ ਇੱਥੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕੀਤਾ। ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ, ਐਸਐਸਪੀ ਸਰਤਾਜ ਸਿੰਘ ਚਾਹਲ ਦੇ ਨਾਲ ਅੱਜ ਇੱਥੇ ਲਹਿਰਾਗਾਗਾ ਵਿੱਚ ਨਵੇਂ ਸਬ-ਡਵੀਜ਼ਨਲ ਕੰਪਲੈਕਸ ਅਤੇ ਅਨਾਜ ਮੰਡੀ ਲਈ ਪ੍ਰਸਤਾਵਿਤ ਥਾਵਾਂ ਦਾ ਨਿਰੀਖਣ ਕੀਤਾ।

ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਸਬ-ਡਿਵੀਜ਼ਨਲ ਕੰਪਲੈਕਸ ਦੇ ਨਿਰਮਾਣ ਨਾਲ ਲੋਕਾਂ ਨੂੰ ਸਾਰੀਆਂ ਸਰਕਾਰੀ ਸੇਵਾਵਾਂ ਇੱਕੋ ਥਾਂ 'ਤੇ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਸ ਵੇਲੇ ਲਹਿਰਾਗਾਗਾ ਵਿੱਚ ਐਸਡੀਐਮ ਦਫ਼ਤਰ ਸਮੇਤ ਕਈ ਸਰਕਾਰੀ ਦਫ਼ਤਰ ਵੱਖ-ਵੱਖ ਥਾਵਾਂ ਅਤੇ ਕਿਰਾਏ ਦੀਆਂ ਇਮਾਰਤਾਂ ਵਿੱਚ ਚੱਲ ਰਹੇ ਹਨ, ਜਿਸ ਲਈ ਸਰਕਾਰ ਨੂੰ ਹਰ ਮਹੀਨੇ ਕਿਰਾਏ ਵਜੋਂ ਵੱਡੀ ਰਕਮ ਅਦਾ ਕਰਨੀ ਪੈਂਦੀ ਹੈ, ਜਦੋਂ ਕਿ ਲੋਕ ਇੱਕ ਦਫ਼ਤਰ



ਤੋਂ ਦੂਜੇ ਦਫ਼ਤਰ ਦੀ ਦੂਰੀ ਤੈਅ ਕਰਨ ਵਿੱਚ ਵੀ ਪੈਸੇ ਅਤੇ ਸਮਾਂ ਬਰਬਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸਬ-ਡਿਵੀਜ਼ਨਲ ਕੰਪਲੈਕਸ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਅਨਾਜ ਮੰਡੀ ਵੀ ਕਿਸਾਨਾਂ ਦੀ ਜ਼ਰੂਰਤ ਅਨੁਸਾਰ ਢੁਕਵੀਂ ਜਗ੍ਹਾ 'ਤੇ ਤਿਆਰ ਕੀਤੀ ਜਾਵੇਗੀ।

ਸਰਹੱਦੀ ਖੇਤਰਾਂ 'ਤੇ ਸਰਕਾਰ ਦੇ ਧਿਆਨ ਨੂੰ ਉਜਾਗਰ ਕਰਦੇ ਹੋਏ, ਮੰਤਰੀ ਗੋਇਲ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਲਹਿਰਾਗਾਗਾ ਵਰਗੇ ਸਰਹੱਦੀ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦੇ ਕੇ, ਸੂਬੇ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।" ਉਨ੍ਹਾਂ ਨੇ ਵਿਕਾਸ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਲਈ ਸੂਬਾ ਸਰਕਾਰ ਵੱਲੋਂ ਕੀਤੇ ਗਏ ਵੱਖ-ਵੱਖ ਉਪਰਾਲਿਆਂ ਬਾਰੇ ਜਨਤਾ ਨੂੰ ਹੋਰ ਜਾਣੂ ਕਰਵਾਇਆ।

ਇਨ੍ਹਾਂ ਪ੍ਰੋਜੈਕਟਾਂ ਤੋਂ ਵਸਨੀਕਾਂ ਦੇ ਜੀਵਨ ਪੱਧਰ ਨੂੰ ਵਧਾਉਣ, ਕਿਸਾਨਾਂ ਲਈ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਅਤੇ ਖੇਤਰ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਅਨਾਜ ਮੰਡੀ ਨੂੰ ਸ਼ਹਿਰ ਤੋਂ ਬਾਹਰ ਤਬਦੀਲ ਕਰਨ ਨਾਲ ਸ਼ਹਿਰ ਦੇ ਅੰਦਰ ਆਵਾਜਾਈ ਦੀ ਭੀੜ ਘੱਟ ਹੋਣ ਦੀ ਉਮੀਦ ਹੈ। ਇਨ੍ਹਾਂ ਸਹੂਲਤਾਂ ਦਾ ਵਿਕਾਸ ਰਾਜ ਵਿੱਚ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਪੰਜਾਬੀ ਗਾਇਕ ਜੋਨੀ ਮਹੇ ਦੇ ਗੀਤ 'ਜਹਾਨ' ਦਾ ਪੋਸਟਰ ਸੰਗੀਤਕਾਰ ਸਚਿਨ ਅਹੂਜਾ ਵਲੋਂ ਰਿਲੀਜ਼ - ਰਾਣਾ ਭੋਗਪੁਰੀਆ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਪੰਜਾਬੀ ਗਾਇਕ ਜੌਨੀ ਮਹੇ ਵਲੋਂ ਗਾਏ ਆਪਣੇ ਪਲੇਠੇ ਪੰਜਾਬੀ ਗੀਤ 'ਜਹਾਨ' ਦਾ ਪੋਸਟਰ ਪ੍ਰਸਿੱਧ ਸੰਗੀਤਕਾਰ ਸਚਿਨ ਅਹੂਜਾ ਵਲੋਂ ਰਿਲੀਜ਼ ਕੀਤਾ ਗਿਆ। ਜਾਣਕਾਰੀ ਦਿੰਦਿਆਂ ਗੀਤਕਾਰ ਤੇ ਨਾਮਾ ਨਿਗਾਰ ਰਾਣਾ ਭੋਗਪੁਰੀਆ ਨੇ ਦੱਸਿਆ ਕਿ ਇਸ ਮੌਕੇ ਉਨ੍ਹਾਂ ਨਾਲ ਗਾਇਕ ਜੌਨੀ ਮਹੇ ਅਤੇ ਗੀਤਕਾਰ ਜਸਦੀਪ ਸਾਗਰ ਵੀ ਮੌਜੂਦ ਸਨ। ਗਾਇਕ ਜੌਨੀ ਮਹੇ ਨੇ ਦੱਸਿਆ ਕਿ ਇਸ ਗੀਤ ਦਾ ਮਿਊਜ਼ਿਕ ਤਾਰ ਈ ਬੀਟ ਬ੍ਰੇਕਰ ਵਲੋਂ ਤਿਆਰ ਕੀਤਾ ਗਿਆ ਹੈ, ਇਸ ਦਾ ਵੀਡੀ 2ਣ ਮੀਡੀਆ ਨੇ ਹਿਮਾਚਲ ਦੀਆਂ ਖੂਬਸੂਰਤ ਵਾਦੀਆਂ ਵਿਚ ਫ਼ਿਲਮਾਇਆ ਗਿਆ ਹੈ। ਭਾਰਤ ਭੂਰੀਆ ਵਲੋਂ ਡਾਇਰੈਕਟ ਕੀਤੇ ਗਏ ਇਸ ਗੀਤ ਨੂੰ ਮਹੇ ਮਿਊਜ਼ਿਕ ਵਲੋਂ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਦਰਸ਼ਕਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ।

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ



ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਬੜਾ ਤੰਦਰੁਸਤ ਜਵਾਨ, ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫਲ ਪ੍ਰਬੰਧਕ, ਦੂਰਅੰਦੇਸ਼ੀ ਅਤੇ ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿਚ ਗੁਜਰਾਂਵਾਲਾ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੇ ਘਰ ਹੋਇਆ। ਅਜੇ ਾਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸਤਰ ਵਿੱਦਿਆ ਦਾ ਚੰਗਾ ਪ੍ਰਬੰਧ ਕੀਤਾ। ਆਪ ਗੁਰਮੁੱਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।



**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸ਼ਤਰ ਵਿੱਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ: ਦੇ ਸ਼ਾਹੀ ਦਰਬਾਰ ਵਿਚ ਸਰਦਾਰ ਹਰੀ ਸਿੰਘ ਜੀ ਨੇ ਵੀ ਸ਼ਸ਼ਤਰਾਂ ਦੇ ਜੰਗੀ ਜੌਹਰ ਵਿਖਾਏ। ਸੂਰਬੀਰ ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਸੰਭਲਦਿਆਂ ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ਤੇ ਵਗਾਹ ਮਾ- ਰਿਆ ਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰ-ਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ। ਨਾਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾਂ ਦੇ ਕਾਲ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ। 18 ਫਰਵਰੀ 1807 ਨੂੰ ਕਿਲੇ 'ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰ-ਦਿਲ ਸੈਨਾ ਨੇ ਨਵਾਬ ਅਤੇ ਉਸਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜ ਨੇ ਬੀਰਤਾ ਤੋਂ ਖੁਸ਼ ਹੋ ਕੇ 30,000 ਸਾਲਾਨਾ ਮੁੱਲ ਦੀ ਜਾਗੀਰ ਦੇ ਦਿੱਤੀ।

25 ਜਨਵਰੀ, 1810 ਨੂੰ ਨਵਾਬ ਮੁਜ਼ਫਰ ਖਾਨ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਰੂਦ ਨਾਲ ਉਡਾਉਣ ਦਾ ਹੁਕਮ ਕਰ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਦਿੱਤੇ। ਪਠਾਣਾਂ ਨੇ ਵੀ ਅੱਗੋਂ ਡਟ ਕੇ ਮੁਕਾਬਲਾ ਕੀਤਾ ਪਰ ਖਾਲਸਾ ਅੱਗੇ ਟਿਕ ਨਾ ਸਕੇ। ਨਵਾਬ ਮੁਜ਼ੱਫਰ ਖਾਂ ਸ਼ਰਨ ਵਿਚ ਆ ਗਿਆ। ਇਸ ਨਲੂਆ ਦੀ ਬਹਾਦਰੀ ਤੇ ਜਗੀਰ ਵਿਚ 20,000 ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗੇ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਆਪ ਨੂੰ ਦੇਵੇਗੀ। ਮਹਾਰਾਜਾ ਨੇ ਸਥਿਤੀ ਤੇ ਗੌਰ ਕਰਦਿਆਂ, ਖਾਲਸਾ ਫੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ, ਪਰ ਟਿਕ ਨਾ ਸਕਿਆ। ਖਾਲਸੇ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖਾਲਸਾ ਫੋਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬਲ ਤੋਂ ਵਜੀਰ ਫਤਿਹ ਖਾਂ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਸ. ਨਲੂਆਂ ਨਾਲ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜੱਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਉਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤੇ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਿਹ ਕਰਕੇ ਨਜ਼ਰਾਨੇ ਉਗਰਾਹੇ। ਇਹਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ। ਜਿੱਥੇ ਉਸਨੇ ਇਕ ਕਿਲਾ ਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜ੍ਹਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ। 3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖਾਲਸਾ ਫੌਜ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖਾਲਸਾ ਰਾਜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿਚ ਸ. ਨਲੂਆ ਨੂੰ ਗਵਰਨਰ ਬਣਾਇਆ। ਸ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

ਨਵੰਬਰ 1821 ਵਿਚ ਮਹਾਰਾਜਾ ਦੀ ਫੌਜ ਨੇ ਮੁੰਗੇਰ ਅਤੇ ਡੇਰਾਜਾਤ ਤੇ ਚੜ੍ਹਾਈ ਕੀਤੀ। ਸ. ਨਲੂਆ ਦੀ ਫੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ, 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘ ਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜਫਰਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇਦਰਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖਾਲਸੇ ਨੇ ਚੜ੍ਹਾਈ ਕਰ ਦਿੱਤੀ। 30000 ਦੀ ਫੌਜ ਤੇ ਖਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ ਜੰਗ ਵਿਚ ਬੇਮਿਸਾਲ ਫਤਿਹ ਪਾਈ। ਸੰਨ 1834 ਈ: ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖਾਲਸਾ ਰਾਜ ਵਿਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ। ਸ. ਨਲੂਆ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖਾਲਸਾ ਫੌਜ ਰੋਕਣ ਲਈ ਚਮਕਨੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖਾਲਸਾ ਫੌਜ ਪਹੁੰਚਾਉਣ ਤੇ ਭਿਅੰਕਰ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਾਲ ਸਖਤ ਜ਼ਖਮੀ ਹੋ ਗਿਆ। ਅਫਗਾਨ ਡੱਟ ਕੇ ਲੜੇ ਪਰ ਖਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ, ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ ਮੁਸਲਮਾਨਾਂ ਨੂੰ ਬਾਰਕਜਾਈਆਂ ਹੱਥੋਂ ਛੁਟਕਾਰਾ ਮਿਲਿਆ, ਜੋ ਉਹਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ. ਨਲੂਆਂ ਨੇ ਜਮਰੌਦ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿੱਤੀ। ਅਫਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ। ਪਰ ਸ. ਨਿਸ਼ਾਨ ਸਿੰਘ ਪੰਜਹੱਥਾ ਦਰ੍ਹੇ ਦੇ ਅੰਦਰ ਚਲਾ ਗਿਆ। ਸ. ਨਲੂਆਂ ਨੇ ਉਸਨੂੰ ਜਾਂਦੇ ਵੇਖਿਆ। ਸਿੰਘ ਉਸਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ. ਅਜਾਇਬ ਸਿੰਘ ਗੁਫਾ ਵੱਲ ਵਧਿਆ, ਤਾਂ ਛੁਪੇ ਹੋਏ ਅਫਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ।

ਖਾਲਸਾ ਫੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ। ਪਰ ਸ. ਨਲੂਆ ਤਾਂ ਜ਼ਖਮੀ ਹੋ ਚੁੱਕੇ ਸਨ। ਸ. ਨਲੂਆ ਜ਼ਖਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖਾਲਸੇ ਦੀ ਇੱਜਤ ਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤਕ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ। ਮੇਰੀ ਮੌਤ ਦੀ ਖਬਰ ਗੁਪਤ ਰੱਖਣੀ, ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖਾਲਸੇ ਨੂੰ ਅਰਪਣ ਕਰ ਦਿੱਤਾ।

**ਅੰਤਿਕਾ:** ਸ. ਹਰੀ ਸਿੰਘ ਨਲੂਆ ਜੀ ਦੀ ਬਹਾਦਰੀ ਦੀ ਚਰਚਾ ਵਿਚ- ਸੰਸਾਰ ਵਿਚ ਮਹਾਨ ਜਰਨੈਲਾਂ ਯੋਧਿਆਂ ਦਾ ਮੁਲਾਂਕਣ ਯਾਦ ਕੀਤਾ ਜਾਂਦਾ ਹੈ। ਉਨੀਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖਬਾਰ ਟੀ. ਆਈ. ਟੀ.- ਬੀ. ਆਈ. ਟੀ. ਐਸ. ਨੇ ਸੰਸਾਰ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ। ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਲਨਰ, ਜਰਨੈਲ ਕਰੋਬਜ਼ੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ ਖਾਨ, ਰਿਚਰਡ ਤੇ ਅਲਾਉਦੀਨ।

ਪਰ ਉਤਰੀ ਭਾਰਤ ਵਿਚ ਸਰਦਾਰ ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ।

ਇਸਤੋਂ ਵੀ ਅੱਗੇ ਮਿਸਾਲ ਹੈ- ਪਠਾਣ ਜਿਹਨਾਂ ਨੇ ਪਿਸ਼ੌਰ ਤੇ ਅੱਠ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜਤ ਅਤੇ ਦੌਲਤ ਨੂੰ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪਰਛਾਵੇਂ ਤੋਂ ਡਰਦੇ ਸਨ। ਜਰਨੈਲ ਹਰੀ ਸਿੰਘ ਨਲੂਆ ਜੀ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹੇ ਸਿੱਕਾ ਬੈਠਾ ਕਿ ਪਠਾਣ ਸਰਦਾਰ ਨਲੂਆ ਦਾ ਨਾਂ ਸੁਣ ਕੇ ਕੰਬ ਉਠਦੇ। ਪਠਾਣੀਆਂ ਬੱਚਿਆਂ ਨੂੰ ਜੋ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ 'ਚੁੱਪ ਸ਼ਾ ਬੱਚਿਆ, ਹਰੀਆ ਰਾਗਲੈ।' ਅਰਥਾਤ ਬੱਚਿਆ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਂ ਸੁਣ ਕੇ ਚੁੱਪ ਕਰ ਜਾਂਦੇ। ਅਜਿਹੀ ਧਾਂਕ ਸੀ ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ ਦੀ।

## ਮਈ ਦਿਵਸ ਸਬੰਧੀ ਕਵਿਤਾ

ਸਦੀਆਂ ਤੋਂ ਮਜ਼ਬੂਰ ਰਿਹਾ ਹਾਂ।
ਕਿਸਮਤ ਦਾ ਮਜ਼ਦੂਰ ਰਿਹਾ ਹਾਂ।

ਮੇਰੇ ਮੁੜ੍ਹਕੇ ਵਿੱਚ ਨਸ਼ਾ ਹੈ
ਇਸ ਦੇ ਵਿੱਚ ਹੀ ਚੂਰ ਰਿਹਾ ਹਾਂ।

ਮਿਹਨਤ ਮੇਰੀ ਮਹਿਬੂਬਾ ਹੈ
ਇਸਨੂੰ ਮੰਨਦਾ ਹੂਰ ਰਿਹਾ ਹਾਂ।

ਚਾਹੇ ਹੱਥਾਂ ਵਿੱਚ ਹੁਨਰ ਹੈ
ਫਿਰ ਵੀ ਕਦ ਮਗ਼ਰੂਰ ਰਿਹਾ ਹਾਂ।

ਦੁੱਖਾਂ ਦੇ ਨਾਲ ਯਾਰੀ ਪੱਕੀ
ਖੁਸ਼ੀਆਂ ਤੋਂ ਮੈਂ ਦੂਰ ਰਿਹਾ ਹਾਂ।

ਜਦ ਵੀ ਮਿਹਨਤ ਦਾ ਮੁੱਲ ਮੰਗਿਆ
ਲਗਦਾ ਤਦ ਨਾਸੂਰ ਰਿਹਾ ਹਾਂ।

ਜਿਉਂਦਾ ਦਿਲ ਤੋਂ ਰਾਜਾ ਬਣਕੇ
ਭਾਂਵੇਂ ਮੈਂ ਮਜ਼ਦੂਰ ਰਿਹਾ ਹਾਂ।

ਸ਼ੋਸ਼ਣ ਕਰਤਾ ਕਦ ਡਰਦਾ ਹੈ
ਵੱਟਦਾ ਭਾਂਵੇ ਘੂਰ ਰਿਹਾ ਹਾਂ।

**ਹਰਦੀਪ ਬਿਰਦੀ**
**9041600900**

## ਨਿੱਕੇ ਨਿੱਕੇ ਪੈਰ

ਨਿੱਕੀਆਂ ਇੱਛਾਵਾਂ ਸਾਡੇ ਵੱਡੇ ਵੱਡੇ ਚਾਅ ਨੇ,
ਨਿੱਕੇ ਨਿੱਕੇ ਪੈਰ ਵਾਟਾਂ ਲੰਮੀਆਂ ਦੇ ਰਾਹ ਨੇ ....

ਕਦਮ ਨੇ ਛੋਟੇ ਤੇ ਚੁਣੌਤੀਆਂ ਨੇ ਵੱਡੀਆਂ,
'ਨੇਰਿਆਂ ਤੋਂ ਰੋਸ਼ਨੀ ਅੱਗੇ ਬਾਹਾਂ ਅੱਡੀਆਂ,
ਮਿਹਨਤਾਂ ਨੂੰ ਯਾਰ ਹੱਥ ਲੈਂਦੇ ਬਣਾ ਨੇ,
ਨਿੱਕੇ ਨਿੱਕੇ ਪੈਰ ਵਾਟਾਂ ਲੰਮੀਆਂ ਦੇ ਰਾਹ ਨੇ ....

ਮਿਲਜੇ ਸਕੂਨ ਸਾਨੂੰ ਛੱਤ ਵਾਲੇ ਪੱਖੇ ਥੱਲੇ,
ਬੱਲਬ ਦੇ ਚਾਨਣ ਚੀ ਪੈ ਜਾਏ ਪੜਾਈ ਪੱਲੇ,
ਬੇੜੀਆਂ ਹਾਲਾਤਾਂ ਦੀਆਂ ਪੈਰਾਂ ਚੋਂ ਹਟਾਅ ਨੇ,
ਨਿੱਕੇ ਨਿੱਕੇ ਪੈਰ ਵਾਟਾਂ ਲੰਮੀਆਂ ਦੇ ਰਾਹ ਨੇ ....

ਹੌਸਲੇ ਬੁਲੰਦ ਸਾਡੇ ਜੁਗਨੂੰ ਹੀ ਯਾਰ ਨੇ,
ਨੰਗੇ ਪੈਰੀਂ ਚਾਹੇ ਛਾਲੇ ਨਾਲ ਅੰਗਿਆਰ ਨੇ,
ਮੌਸਮਾਂ ਨਾਲ ਲੜਨਾਂ ਪੱਕੇ ਸਾਡੇ ਵਾਹ ਨੇ,
ਨਿੱਕੇ ਨਿੱਕੇ ਪੈਰ ਵਾਟਾਂ ਲੰਮੀਆਂ ਦੇ ਰਾਹ ਨੇ ....

**ਇੰਜੀ. ਸਤਨਾਮ ਸਿੰਘ ਮੱਟੂ**
**9779708257**



## ਕਾਵਿ ਵਿਅੰਗ/ ਅੱਗ ਨਾ.ਲ ਅੱਗ ਨਾ ਬੁਝੇ !

ਕਿਤੇ ਨਿਰਦੋਸ਼ ਮਾਰੇ ਜਾਣ ਹੱਥੀਂ ਜਾਲਮਾਂ ਦੇ
ਚੜ੍ਹਦਾ ਏ ਗੁੱਸਾ ਦਿਲ 'ਕੋਲੇ' ਵਾਂਗੂੰ ਦਗਦੇ।
ਕੀ ਪਤਾ ਹ.ਲਕ-ਦਾੜ੍ਹ ਵਿਚ ਕਦ ਦੌਰਾ ਪੈਣਾ
ਮੂੰਹ ਦੇ ਵਿਚ ਕਹਿੰਦੇ ਨੇ ਹੁੰਦੀ ਹਰੇਕ ਸਗ ਦੇ।
ਹਮ ਕੋ ਹਮਾਰਾ ਖੂਬ ਹੋਵੇ ਵੀ 'ਤੁਮਾਰਾ ਖੂਬ'
ਝਗੜੇ ਕਿਉਂ ਪੈਣ 'ਬੋਦੀ ਟੋਪੀ ਅਤੇ ਪੱਗ' ਦੇ।
ਬਹੁਗਿਣਤੀ ਜਾਂ ਰੋਹਬ ਪਾਵੇ ਘੱਟਗਿਣਤੀ 'ਤੇ
ਉਦੋਂ ਹੀ ਭਾਈਚਾਰੇ 'ਚ ਕ.ਲੇਸ ਪੈਣ ਲੱਗਦਾ।
ਹੋਈ ਦੁਰਘਟਨਾਂ ਦੇ ਕੱਢੀਏ 'ਅਰਥ' ਪਹਿਲਾਂ
ਕਦੇ ਵੀ ਪਿੱਛੇ ਲੱਗੀਏ ਨਾ ਵੋਟਾਂ ਵਾ.ਲੇ ਠੱਗ ਦੇ।
ਜੰਗ ਨਾ.ਲ ਮੁੱਕਦਾ ਨਾ ਅੱਤਿਵਾਦ ਕਦੇ ਯਾਰੋ
ਅੱਗ ਸ਼ਾਂਤ ਹੋਵੇ ਨਾ ਕਦੇ ਵੀ ਨਾ.ਲ 'ਅੱਗ' ਦੇ !

**ਤਰਲੋਚਨ ਸਿੰਘ ਦੁਪਾਲ ਪੁਰ**
**78146-92724**

# ਪੁਸਤਕ ਸਮੀਖਿਆ

## ਪਲੇਠੀ ਪੁਲਾਂਘ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਕਵਿਤਰੀਆਂ: ਰਾਜਦੀਪ ਕੌਰ, ਮੁਸਕਾਨ, ਅਨੰਨਿਆ ਅਤੇ ਜਸਪ੍ਰੀਤ**
**ਸੰਪਾਦਕ: ਡਾ. ਵਿਜੇ ਭੱਟੀ**
**ਪ੍ਰਕਾਸ਼ਕ: ਮਿਅਰਾਜ ਪਬਲੀਕੇਸ਼ਨ ਗੜ੍ਹਸ਼ੰਕਰ, ਪੰਨੇ: 48, ਮੁੱਲ: 80 ਰੁਪਏ**

ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਵਿਚਾਰਨ ਵਿੱਚ ਸਕੂਲ ਅਤੇ ਕਾਲਜ ਦੀ ਅਹਿਮ ਭੂਮਿਕਾ ਹੁੰਦੀ ਹੈ। ਜਿਹੜੇ ਅਧਿਆਪਕ ਆਪਣੇ ਸਿਲੇਬਸ ਤੋਂ ਇਲਾਵਾ ਬੱਚਿਆਂ ਦੀਆਂ ਕਲਾਵਾਂ ਨੂੰ ਉਜਾਗਰ ਕਰਦੇ ਹਨ ਉਹ ਹਮੇਸ਼ਾ ਮਾਪਿਆਂ, ਵਿਦਿਆਰਥੀਆਂ ਅਤੇ ਸਮਾਜ ਦੇ ਸਤਿਕਾਰ ਦੇ ਪਾਤਰ ਬਣਦੇ ਹਨ। ਇਸੇ ਤਰ੍ਹਾਂ ਦੀ ਇੱਕ ਬਹੁਪੱਖੀ ਸ਼ਖਸ਼ੀਅਤ ਹੈ ਡਾ. ਵਿਜੈ ਭੱਟੀ ਜਿਸ ਨੇ ਬੱਚਿਆਂ ਨੂੰ ਗੀਤ ਸੰਗੀਤ, ਸਾਹਿਤ ਅਤੇ ਹੋਰ ਕਲਾਵਾਂ ਨਾਲ ਜੋੜ ਕੇ ਆਪਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਜ਼ਿਲ੍ਹਾ ਹੁਸ਼ਿਆਰਪੁਰ ਦਾ ਵਾਤਾਵਰਣ ਮਨਮੋਹਕ ਬਣਾਇਆ ਹੋਇਆ ਹੈ। ਇਸ ਸਕੂਲ ਵਿੱਚ ਜਿੱਥੇ ਵਿੱਦਿਅਕ ਟੌਪਰ ਵਿਦਿਆਰਥੀ ਪੈਦਾ ਹੋ ਰਹੇ ਹਨ ਉੱਥੇ ਵਧੀਆ ਖਿਡਾਰੀ ਅਤੇ ਸਾਹਿਤ ਦੇ ਸਿਰਜਕ ਵੀ ਪੈਦਾ ਹੋ ਰਹੇ ਹਨ। ਇਹ ਸਾਰੀ ਦੇਣ ਸਕੂਲ ਮੁਖੀ ਡਾ. ਵਿਜੈ ਭੱਟੀ ਅਤੇ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਵਿਦਿਆਰਥੀਆਂ ਨੂੰ ਸਾਹਿਤ ਦੇ ਸਿਰਜਕ ਬਣਾਉਣ ਦੇ ਮੰਤਵ ਨਾਲ ਇੱਕ ਬਾਲ ਲੇਖਕ ਵਰਕਸ਼ਾਪ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਉੱਘੇ ਸਾਹਿਤਕਾਰਾਂ ਨੇ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਦੇ ਗੁਰ ਸਮਝਾਏ। ਇਸ ਵਰਕਸ਼ਾਪ ਦਾ ਨਤੀਜਾ ਇਹ ਨਿਕਲਿਆ ਕਿ ਲਗਭਗ ਦੋ ਦਰਜਨ ਵਿਦਿਆਰਥੀ ਸਾਹਿਤ ਦੀ ਸਿਰਜਣਾ ਕਰਨ ਵਿੱਚ ਜੁੱਟ ਗਏ। ਉਹਨਾਂ ਦੁਆਰਾ ਸਿਰਜੀਆਂ ਰਚਨਾਵਾਂ ਦੀ ਕਾਂਟ ਛਾਂਟ ਕਰਕੇ ਪੁਸਤਕ ਰੂਪ ਪ੍ਰਦਾਨ ਕਰਨ ਦਾ ਜ਼ਿੰਮਾ ਵਿਜੈ ਭੱਟੀ ਨੇ ਚੁੱਕ ਲਿਆ।




ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਦੀਆਂ ਚਾਰ ਵਿਦਿਆਰਥਣਾਂ ਦੀ ਇਹ ਪਲੇਠੀ ਪੁਸਤਕ ਹੈ। ਜਿਨ੍ਹਾਂ ਨੇ ਇਸ ਵਰਕਸ਼ਾਪ ਵਿੱਚੋਂ ਕਾਵਿ ਸਿਰਜਣਾ ਦੇ ਗੁਰ ਸਿੱਖੇ। ਪਲੱਸ ਟੂ ਦੀ ਵਿਦਿਆਰਥਣ ਰਾਜਦੀਪ ਕੌਰ ਨੇ ਆਪਣੀਆਂ ਕਵਿਤਾਵਾਂ ਵਿੱਚ ਧੀਆਂ ਦੇ ਦੁਖੜੇ ਅਤੇ ਮਾਪਿਆਂ ਨੂੰ ਨਸੀਹਤਾਂ ਦਿੱਤੀਆਂ ਹਨ। ਉਹ ਕਦੀ ਇਸ ਸਮਾਜ ਦੀ ਗੱਲ ਕਰਦੀ ਹੈ ਤੇ ਕਦੀ ਲੜਕੀ ਤੇ ਹੁੰਦੇ ਅੱਤਿਆਚਾਰਾਂ ਦੀ। ਉਹ ਇਸ ਸੰਸਾਰ ਨੂੰ ਸੋਹਣਾ ਤੇ ਸਚੱਜਾ ਬਣਾਉਣ ਦਾ ਲੋਚਾ ਰੱਖਦੀ ਹੈ। ਪੁਸਤਕ ਪਲੇਠੀ ਪੁਲਾਂਘ ਵਿੱਚ ਉਸ ਦੀਆਂ 14 ਕਵਿਤਾਵਾਂ ਦਰਜ ਹਨ। ਉਹ ਮਤਲਬ ਦੀ ਦੁਨੀਆਂ ਨੂੰ ਨਹੋਰਾ ਵੀ ਮਾਰਦੀ ਹੈ। ਪੁਸਤਕ ਵਿੱਚ ਸਭ ਤੋਂ ਵੱਧ 20 ਕਵਿਤਾਵਾਂ ਮੁਸਕਾਨ ਦੀਆਂ ਸ਼ਾਮਲ ਹਨ। ਜਿਸ ਨੇ ਵੱਖ-ਵੱਖ ਵਿਸ਼ਿਆਂ ਨੂੰ ਆਪਣੀ ਕਾਵਿ ਕਲਾ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਹਿੰਮਤ ,ਅਜੋਕਾ ਸਮਾਂ, ਚੁੱਪ, ਲੇਖਕ, ਅੰਦਰ ਦਾ ਦਰਦ, ਰਿਸ਼ਤੇ, ਕੁੜੀਆਂ, ਮੇਰੇ ਸਵਾਲ ਤੇ ਮੈਂ, ਮੇਰੀ ਜ਼ਿੰਦਗੀ, ਦੁਨੀਆਂਦਾਰੀ ਆਦਿ ਕਵਿਤਾਵਾਂ ਬਹੁਤ ਪ੍ਰਭਾਵਸ਼ਾਲੀ ਹਨ।


ਇੱਥੇ ਹਰ ਕੋਈ ਇੱਕ ਦੂਸਰੇ ਨੂੰ
ਹਰਾਉਣਾ ਚਾਹੁੰਦਾ ਹੈ
ਜ਼ਿੰਦਗੀ ਦੀ ਦੌੜ ਵਿੱਚ ਹਰ ਕੋਈ ਹੀ
ਜਿੱਤਣਾ ਚਾਹੁੰਦਾ ਹੈ।
ਇਸ ਪੈਸੇ ਦੀ ਭੁੱਖ ਨੇ
ਸਭ ਨੂੰ ਪਾਗਲ ਬਣਾਇਆ ਹੋਇਆ ਹੈ। ਇਹਨੇ ਹੀ ਕਈ
ਰਿਸ਼ਤਿਆਂ ਵਿੱਚ
ਫਿੱਕ ਪਾਇਆ ਹੋਇਆ ਹੈ।

ਮੁਸਕਾਨ ਦੀਆਂ ਇਹ ਕਵਿ ਸਤਰਾਂ ਉਸ ਦੇ ਚੰਗੇਰੇ ਭਵਿੱਖ ਦੀਆਂ ਲਖਾਇਕ ਬਣਦੀਆਂ ਹਨ। ਅਨੰਨਿਆ ਨੇ ਕਵਿਤਾ ਮਿਹਨਤੀ ਲੋਕ, ਕੋਈ ਆਪਣਾ, ਵਿਸ਼ਵਾਸ ਅਤੇ ਜਸਪ੍ਰੀਤ ਨੇ ਪਿੰਜਰਾ ਤੇ ਵਿਜੈ ਸਰ ਨਾਮੀ ਕਵਿਤਾਵਾਂ ਨਾਲ ਆਪਣੀ ਹਾਜ਼ਰੀ ਲਗਵਾਈ ਹੈ। ਸਾਹਿਤ ਦੀਆਂ ਖਿੜ ਰਹੀਆਂ ਕਰੂੰਬਲਾਂ ਆਪਣੀ ਟਹਿਕ ਤੇ ਮਹਿਕ ਨਾਲ ਆਲੇ ਦੁਆਲੇ ਨੂੰ ਮਹਿਕਾਉਣ ਦੇ ਆਹਰ ਵਿੱਚ ਜੁਟੀਆਂ ਹੋਈਆਂ ਹਨ। ਜੇਕਰ ਇਹ ਵਿਦਿਆਰਥਣਾਂ ਪੁਸਤਕਾਂ ਦਾ ਪਾਠ ਅਤੇ ਸਾਹਿਤਕਾਰਾਂ ਦਾ ਸੰਗ ਮਾਣਦੀਆਂ ਰਹੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਸਾਹਿਤਕਾਰਾਂ ਦੀ ਲਾਈਨ ਵਿੱਚ ਸ਼ਾਮਿਲ ਹੋ ਜਾਣਗੀਆਂ। ਡਾ. ਵਿਜੈ ਭੱਟੀ ਦੇ ਇਸ ਸ਼ਾਨਦਾਰ ਉਪਰਾਲੇ ਦੀ ਪ੍ਰਸ਼ੰਸਾ ਕਰਦਾ ਹੋਇਆ ਸਭ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਹਾਂ। ਸਾਹਿਤ ਪ੍ਰੇਮੀ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਅਜਿਹੇ ਕਾਰਜ ਜਰੂਰ ਕਰਨੇ ਚਾਹੀਦੇ ਹਨ ।

## ਪਰੀਜਾਤ ਦੇ ਫ਼ੁੱਲ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਸੰਪਾਦਕ: ਵਿਜੈ ਭੱਟੀ**
**ਪ੍ਰਕਾਸ਼ਕ: ਮਿਅਰਾਜ ਪਬਲੀਕਸ਼ਨ ਗੜ੍ਹਸ਼ੰਕਰ, ਪੰਨੇ: 40, ਮੁੱਲ: 100 ਰੁਪਏ**

ਪੰਜਾਬ ਦੇ ਸਿੱਖਿਆ ਸੰਸਾਰ ਵਿੱਚ ਪਿਛਲੇ ਕੁਝ ਸਾਲਾਂ ਤੋਂ ਪੁਸਤਕ ਸੱਭਿਆਚਾਰ ਪ੍ਰਫੁੱਲਤ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਕਰੋਨਾ ਤੋਂ ਪਹਿਲਾਂ ਤਤਕਲੀਨ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਜਦੋਂ ਲਾਇਬ੍ਰੇਰੀਆਂ ਦੇ ਦਰਵਾਜ਼ੇ ਸਭ ਲਈ ਖੋਲ੍ਹ ਦਿੱਤੇ ਤਾਂ ਪੁਸਤਕਾਂ ਨਾਲ ਅਧਿਆਪਕਾਂ ਤੇ ਬੱਚਿਆਂ ਦੀ ਖੁੱਲੀ ਸਾਂਝ ਪੈਣ ਲੱਗ ਪਈ। ਇਸ ਸਾਂਝ ਨੇ ਜਿੱਥੇ ਅਧਿਆਪਕਾਂ ਨੂੰ ਨਵੀਆਂ ਲੀਹਾਂ ਪ੍ਰਦਾਨ ਕੀਤੀਆਂ ਉੱਥੇ ਬੱਚਿਆਂ ਦੀਆਂ ਕਲਪਨਾਵਾਂ ਨੂੰ ਵੀ ਉੱਚੀਆਂ ਉਡਾਰੀਆਂ ਬਖ਼ਸ਼ੀਆਂ। ਇਸੇ ਲੜੀ ਤਹਿਤ ਪਿਛਲੇ ਤਿੰਨ ਦਹਾਕਿਆਂ ਤੋਂ ਕਲਾ, ਸਾਹਿਤ, ਸਿੱਖਿਆ ਅਤੇ ਸੱਭਿਆਚਾਰਕ ਖੇਤਰ ਵਿੱਚ ਸਰਗਰਮ ਭੂਮਿਕਾ




ਨਿਭਾਉਣ ਵਾਲੇ ਡਾ। ਵਿਜੇ ਭੱਟੀ ਨੇ ਆਪਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੂੰ ਸਾਹਿਤ ਸਿਰਜਣ ਦੀ ਰਾਹੇ ਪਾਉਣ ਲਈ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਜਿਸ ਵਿੱਚ ਦੂਰ ਨੇੜੇ ਦੇ ਉੱਘੇ ਸਾਹਿਤਕਾਰਾਂ ਨੇ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਦੇ ਗੁਰ ਸਮਝਾਏ। ਇਸ ਵਰਕਸ਼ਾਪ ਦਾ ਨਤੀਜਾ ਇਹ ਨਿਕਲਿਆ ਕਿ ਸਕੂਲ ਦੇ ਲਗਭਗ ਡੇਢ ਦਰਜਨ ਵਿਦਿਆਰਥੀ ਸਾਹਿਤ ਸਿਰਜਣਾ ਦੇ ਰਾਹੇ ਪੈ ਗਏ। ਹੁਣ ਇਹਨਾਂ ਰਚਨਾਵਾਂ ਨੂੰ ਸੰਭਾਲਣ ਅਤੇ ਲੋਕਾਂ ਤੱਕ ਪੁਜਦਾ ਕਰਨ ਦੀ ਜਿੰਮੇਵਾਰੀ ਸਕੂਲ ਸਿਰ ਸੀ। ਸਕੂਲ ਮੁਖੀ ਡਾ। ਵਿਜੇ ਕੁਮਾਰ ਭੱਟੀ ਨੇ ਖੇਡ ਰਹੀਆਂ ਕਰੂੰਬਲਾਂ ਦੀ ਕਲਾ ਨੂੰ ਹੋਰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਇਹਨਾਂ ਰਚਨਾਵਾਂ ਨੂੰ ਪੁਸਤਕ ਰੂਪ ਵਿੱਚ ਸੰਭਾਲਣ ਦਾ ਵਿਸ਼ੇਸ਼ ਉਪਰਾਲਾ ਕੀਤਾ। ਸਕੂਲ ਦੇ 12 ਵਿਦਿਆਰਥੀਆਂ ਦੀਆਂ 50 ਤੋਂ ਵੱਧ ਰਚਨਾਵਾਂ ਪੁਸਤਕ ਪਰੀ ਜਾਤ ਦੇ ਫੁੱਲ ਵਿੱਚ ਸ਼ਾਮਿਲ ਕੀਤੀਆਂ ਗਈਆਂ। ਸੰਪਾਦਕ ਵਿਜੇ ਭੱਟੀ ਨੇ ਆਪਣੀ ਸੰਪਾਦਨ ਕਲਾ ਨਾਲ ਇਹਨਾਂ ਨੂੰ ਸ਼ਿੰਗਾਰਿਆ ਅਤੇ ਸੰਵਾਰਿਆ।

ਇਹਨਾਂ ਬਾਲ ਰਚਨਾਵਾਂ ਦਾ ਪਾਠ ਕਰਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਇਹ ਸਾਰੇ ਵਿਦਿਆਰਥੀ ਭਵਿੱਖ ਦੇ ਉੱਘੇ ਸਾਹਿਤਕਾਰ ਬਣਨਗੇ। ਉਹਨਾਂ ਕੋਲ ਸ਼ਬਦ ਭੰਡਾਰ ਅਤੇ ਸ਼ਬਦ ਨੂੰ ਸਹੀ ਢੰਗ ਨਾਲ ਜੜਨ ਦੀ ਕਲਾ ਮੌਜੂਦ ਹੈ। ਭਾਵੇਂ ਕਿ ਇਹਨਾਂ ਕਵਿਤਾਵਾਂ ਤੇ ਅਜੇ ਨਕਾਰ ਆਉਣਾ ਬਾਕੀ ਹੈ ਪਰ ਸੰਭਾਵਨਾਵਾਂ ਮੌਜੂਦ ਹਨ। ਪੁਸਤਕ ਵਿੱਚ ਸ਼ਾਮਿਲ 12 ਕਵੀਆਂ ਵਿੱਚ ਤਿੰਨ ਮੁੰਡੇ ਹਨ। ਇਥੋਂ ਇਹ ਸਿੱਧ ਹੁੰਦਾ ਕਿ ਸਾਡੀਆਂ ਧੀਆਂ ਲੜਕਿਆਂ ਨਾਲੋਂ ਹਰ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ। ਨੌਵੀਂ ਜਮਾਤ ਦੀ ਵਿਦਿਆਰਥਣ ਜਸ਼ਨਦੀਪ ਕਲਿਆਣ ਨੇ ਧਰਤੀ ਮਾਂ, ਦੁੱਧ, ਰਾਜੇ ਦੇ ਬੱਚੇ ਆਦਿ ਕਵਿਤਾਵਾਂ ਰਚੀਆਂ ਹਨ। ਨੌਵੀਂ ਜਮਾਤ ਦੇ ਸਾਗਰ ਨੇ ਆਪਣੇ ਦੇਸ਼ ਨੂੰ ਪਿਆਰ ਅਤੇ ਸਕੂਲ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਪ੍ਰਿੰਸ ਨੇ ਦੋਸਤੀ ਅਤੇ ਮਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਇਸੇ ਜਮਾਤ ਦਾ ਵਰੁਨ ਕਵਿਤਾ ਵਰਕਸ਼ਾਪ ਬਾਰੇ ਜਾਣਕਾਰੀ ਦਿੰਦਾ ਹੈ। ਪ੍ਰਿਯੰਕਾ ਨੇ ਬੱਦਲ, ਦੀਵਾਲੀ ਅਤੇ ਹਲਵਾਈ ਬਾਰੇ ਖੂਬਸੂਰਤ ਕਵਿਤਾਵਾਂ ਰਚੀਆਂ ਹਨ। ਜਸ਼ਨ ਰੱਤੂ ਫੁੱਲਾਂ ਦੀ ਗੱਲ ਕਰਦੀ ਹੋਈ ਧੀਆਂ ,ਬਾਪ ਅਤੇ ਮਾਂ ਦੀ ਦੇਣ ਨੂੰ ਵਡਿਆਉਂਦੀ ਹੈ। ਦਸਵੀਂ ਜਮਾਤ ਦੀ ਪ੍ਰਤਿਗਿਆ ਦਾਦੀ ਮਾਂ ਦਾ ਆਦਰ ਸਿਖਾਉਂਦੀ ਹੋਈ ਆਪਣੇ ਸੁਪਨਿਆਂ ਨੂੰ ਉੱਚੀ ਉਡਾਣ ਪ੍ਰਦਾਨ ਕਰਦੀ ਹੈ। ਅਨੰਨਿਆ ਤਾਰੇ ਅਤੇ ਸ਼ੇਰ ਜਾਨਵਰ ਦੀ ਬਾਤ ਪਾਉਂਦੀ ਅਤੇ ਅੱਠਵੀਂ ਦੀ ਗੁਰਮਿਤਾ ਸਕੂਲ ਬਾਰੇ ਸ਼ਾਨਦਾਰ ਕਵਿਤਾ ਸਿਰਜਦੀ ਹੈ। ਇਸੇ ਤਰ੍ਹਾਂ ਨੌਵੀਂ ਦੀ ਸਿਮਰ ਮਾਮਾ ਮਾਮੀ ਅਤੇ ਪੰਛੀਆਂ ਬਾਰੇ ਗੱਲਾਂ ਕਰਦੀ ਹੈ। ਪਲਸ ਟੂ ਦੀ ਖੁਸ਼ਬੂ ਅਤੇ ਪ੍ਰਭਜੋਤ ਵੀ ਆਪਣੀਆਂ ਰਚਨਾਵਾਂ ਨਾਲ ਹਾਜ਼ਰ ਹੋਈਆਂ ਹਨ। ਕਿੰਨਾ ਚੰਗਾ ਹੁੰਦਾ ਜੇ ਇਹਨਾਂ ਰਚਨਾਵਾਂ ਨਾਲ ਸਕੂਲੀ ਬੱਚਿਆਂ ਤੋਂ ਚਿੱਤਰਕਾਰੀ ਵੀ ਕਰਵਾ ਲਈ ਜਾਂਦੀ। ਪੁਸਤਕ ਵਿੱਚ ਕੰਪਿਊਟਰ ਚਿੱਤਰਾਂ ਨਾਲ ਹੀ ਗੁਜ਼ਾਰਾ ਕੀਤਾ ਗਿਆ ਹੈ। ਇਹਨਾਂ ਬਾਲ ਕਵੀਆਂ ਤੋਂ ਸਿਰਜਣ ਖੇਤਰ ਵਿੱਚ ਭਰਪੂਰ ਉਮੀਦਾਂ ਹਨ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਇਹਨਾਂ ਹੱਥ ਸ਼ਾਨਦਾਰ ਕਾਵਿ ਪੁਸਤਕਾਂ ਦੇਣ ਤਾਂ ਕਿ ਉਹਨਾਂ ਦੀ ਕਾਵਿਕ ਉਡਾਰੀ ਨੂੰ ਹੋਰ ਨਰੋਏ ਖੰਭ ਮਿਲ ਸਕਣ। ਡਾ ਵਿਜੇ ਭੱਟੀ ਦੇ ਇਹਨਾਂ ਉਪਰਾਲਿਆਂ ਦੀ ਸ਼ਲਾਘਾ ਕਰਦਾ ਹੋਇਆ ਉਭਰਦੇ ਕਵੀਆਂ ਨੂੰ ਸ਼ਾਬਾਸ਼ ਦਿੰਦਾ ਹਾਂ।

## ਤਲ ਤੋਂ ਆਕਾਸ਼ ਤੱਕ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਕ: ਲਖਵੀਰ ਸਿੰਘ ਭੱਟੀ**
**ਪ੍ਰਕਾਸ਼ਕ: ਲਾਹੌਰ ਬੁੱਕ ਸ਼ਾਪ ਲੁਧਿਆਣਾ, ਪੰਨੇ: 175, ਮੁੱਲ: 300 ਰੁਪਏ**

ਸੇਵਾ ਮੁਕਤ ਭੂਮੀ ਰੱਖਿਆ ਅਫ਼ਸਰ ਲਖਵੀਰ ਸਿੰਘ ਭੱਟੀ ਨੇ ਆਪਣੀ ਮਿੱਟੀ ਨਾਲ ਜੁੜ ਕੇ ਆਕਾਸ਼ਾਂ ਤੱਕ ਉਡਾਰੀਆਂ ਮਾਰੀਆਂ ਹਨ। ਕਦੀ ਵਿਅੰਗ ਤੇ ਕਦੀ ਗਿਆਨ ਵਿਗਿਆਨ ਦੀਆਂ ਬਾਤਾਂ ਪਾ ਕੇ ਪਾਠਕਾਂ ਨੂੰ ਆਪਣੀ ਸਿਰਜਣ ਸ਼ਕਤੀ ਨਾਲ ਕਾਇਲ ਕੀਤਾ ਹੈ। ਆਪ ਇੱਕ ਖੋਜੀ ਵਿਦਵਾਨ ਹਨ ਜਿਸ ਕਰਕੇ ਖੋਜ ਭਰਪੂਰ ਰਚਨਾਵਾਂ ਨਾਲ ਪਾਠਕਾਂ ਨੂੰ ਨਿਹਾਲ ਕਰਦੇ ਰਹਿੰਦੇ ਹਨ। ਹੱਥਲੀ ਪੁਸਤਕ 'ਤਲ ਤੋਂ ਆਕਾਸ਼ ਤੱਕ' ਵਿੱਚ ਸੌਰ, ਮੰਡਲ ਜੀਵ ਜੰਤੂਆਂ, ਮਹਾਨ ਸ਼ਖਸ਼ੀਅਤਾ ਅਤੇ ਮਹਾਦੀਪਾਂ ਬਾਰੇ ਬਹੁਤ ਕੀਮਤੀ ਜਾਣਕਾਰੀ ਤਸਵੀਰਾਂ ਸਹਿਤ ਦਰਜ ਕੀਤੀ ਗਈ ਹੈ। ਉਹਨਾਂ ਵੱਲੋਂ ਇਹ ਖੋਜਾਂ ਇਕ ਦਹਾਕੇ ਦੀ ਮਿਹਨਤ ਦਾ ਸਿੱਟਾ ਹਨ। ਸਮੁੰਦਰ ਅਤੇ ਆਕਾਸ਼ ਦੇ ਗੁੱਝੇ ਭੇਦਾਂ ਨੂੰ ਜਾਣਨ ਬਾਰੇ ਹਰ ਪਾਠਕ ਅੰਦਰ ਜਗਿਆਸਾ ਹੁੰਦੀ ਹੈ। ਇਸ ਜਗਿਆਸਾ ਨੂੰ ਸ਼ਾਂਤ ਕਰਨ ਦੇ ਉਦੇਸ਼ ਨਾਲ ਹੱਥਲੀ ਪੁਸਤਕ ਦੀ ਸਿਰਜਣਾ ਕੀਤੀ ਗਈ ਹੈ। ਪੁਸਤਕ 'ਤਲ ਤੋਂ ਆਕਾਸ਼ ਤੱਕ' ਦਾ ਪਾਠ ਕਰਦਿਆਂ ਪਾਠਕ ਨੂੰ 112 ਮਹੱਤਵਪੂਰਨ ਜਾਣਕਾਰੀਆਂ ਮਿਲਦੀਆਂ ਹਨ। ਜਿਨ੍ਹਾਂ ਵਿੱਚ 40 ਜਾਣਕਾਰੀਆਂ ਜਲਗਾਹਾਂ, ਮਾਰੂਥਲਾਂ, ਘਾਟੀਆਂ, ਕਰੰਸੀ, ਹੈਲੀਕਾਪਟਰ, ਜਹਾਜ਼, ਸਾਈਕਲ ਸਰਕਾਰਾਂ, ਕਾਗਜ਼, ਗੈਸ, ਝੀਲਾਂ, ਕੱਚ, ਧਾਤਾਂ ,ਰੋਬੋਟ, ਚੁੰਬਕ ਅਤੇ ਲੇਜ਼ਰ ਆਦਿ ਬਾਰੇ ਹਨ। ਪੁਸਤਕ ਦੇ ਦੂਜੇ ਭਾਗ ਵਿੱਚ ਸੌਰ ਮੰਡਲ, ਪੁਲਾੜ, ਸੂਰਜ, ਤਾਰੇ, ਭੁਚਾਲ, ਬੱਦਲ, ਜਵਾਲਾਮੁਖੀ ਆਦਿ ਬਾਰੇ ਕੀਮਤੀ ਜਾਣਕਾਰੀਆਂ ਦਰਜ ਹਨ। ਤੀਜਾ ਭਾਗ ਜੀਵ ਜੰਤੂਆਂ ਬਾਰੇ ਰੌਚਕ ਜਾਣਕਾਰੀਆਂ ਪ੍ਰਦਾਨ ਕਰਦਾ ਹੈ। ਜਿਸ ਵਿੱਚ ਉੱਡਣ ਵਾਲੇ ਜੀਵ, ਸ਼ਿਕਾਰੀ ਪੰਛੀ, ਜਹਰੀਲੇ ਜੀਵ, ਚਹਿਚਹਾਉਣ ਵਾਲੇ ਪੰਛੀ, ਤੇਜ਼ ਤਰਾਰ ਪੰਛੀ, ਚੁਕੰਦਰ, ਕਿੰਗਫਿਸ਼ਰ, ਗੈਂਡਾ, ਹਿਰਨ, ਬਿੱਲੀਆਂ, ਸ਼ੇਰ, ਜੰਗਲ ਅਤੇ ਕੁਝ ਪੰਛੀਆਂ ਦੇ ਸੁਭਾਅ ਤੇ ਰਹਿਣ ਸਹਿਣ ਬਾਰੇ ਜਾਣਕਾਰੀਆਂ ਹਨ। ਚੌਥਾ ਭਾਗ ਦੁਨੀਆ ਦੀਆਂ ਮਹਾਨ ਖੋਜੀ ਸ਼ਖਸ਼ੀਅਤਾਂ ਕੁਲੰਬਸ, ਗਲੀਲੀਓ, ਨਿਊਟਨ, ਡਾਰਵਨ, ਰੈਡੀਸਨ, ਮੈਰੀ ਕਿਊਰੀ ਬਾਰੇ ਰੌਚਕ ਜਾਣਕਾਰੀ ਪ੍ਰਦਾਨ ਕਰਦਾ ਹੈ। ਪੁਸਤਕ ਦਾ ਪੰਜਵਾਂ ਭਾਗ ਦੁਨੀਆਂ ਦੇ ਮਹਾਂਦੀਪਾਂ ਦੇ ਡੂੰਘੇ ਰਹੱਸਾਂ ਤੋਂ ਪਰਦਾ ਚੁੱਕਦਾ ਹੈ। ਲੇਖਕ ਨੇ ਇਹਨਾਂ ਤੱਥਾਂ ਨੂੰ ਲੱਭਣ ਵਾਸਤੇ ਜਿੱਥੇ ਪੁਸਤਕਾਂ ਦਾ ਅਧਿਐਨ ਕੀਤਾ ਹੈ ਉੱਥੇ ਗੂਗਲ ਦਾ ਸਹਾਰਾ ਵੀ ਲਿਆ ਹੈ। ਲੇਖਕ ਕੋਲ ਹਰ ਵਿਸ਼ੇ ਨੂੰ ਸੰਖੇਪ ਸ਼ਬਦਾਂ ਵਿੱਚ ਬਿਆਨਣ ਦੀ ਅਨੋਖੀ ਕਲਾ ਹੈ। ਅਸਲ ਵਿੱਚ ਲੇਖਕ ਨੇ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਹੈ। ਹਰ ਵਿਸ਼ੇ ਦੀ ਡੂੰਘੀ ਜਾਣਕਾਰੀ ਪ੍ਰਦਾਨ ਕਰਕੇ ਪਾਠਕਾਂ ਅੰਦਰ ਹੋਰ ਜਾਨਣ ਦੀ ਇੱਛਾ ਜਾਗ੍ਰਿਤ ਕੀਤੀ ਹੈ।




ਉਡਣ ਵਾਲੇ ਜੀਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਲੇਖਕ ਨੇ ਲਿਖਿਆ ਹੈ ਪੰਛੀਆਂ ਦੀਆਂ ਲਗਭਗ 9000 ਕਿਸਮਾਂ ਹਨ ਜੋ ਮਾਰੂਥਲ ਤੋਂ ਸਮੁੰਦਰ ਤੱਕ ਰਹਿੰਦੀਆਂ ਹਨ। ਮੱਛਰ ਇੱਕ ਅਜਿਹਾ ਪਤੰਗਾ ਹੈ ਜੋ ਉਡਣ ਸਮੇਂ ਆਪਣੇ ਖੰਭਾਂ ਨੂੰ 1000 ਵਾਰ ਫੜਫੜਾ ਸਕਦਾ ਹੈ।

ਧਰਤੀ ਦੀ ਸੂਰਜ ਤੋਂ ਦੂਰੀ 149.6 ਮਿਲੀਅਨ ਕਿਲੋਮੀਟਰ ਅਤੇ ਵਿਆਸ 12756 ਕਿਲੋਮੀਟਰ ਹੈ। ਅਮਰੀਕਨ ਟਰਨ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਸਾਲ ਵਿੱਚ 50 ਹਜ਼ਾਰ ਕਿਲੋਮੀਟਰ ਦਾ ਰਸਤਾ ਤੈਅ ਕਰਦੇ ਹਨ। ਸਮੁੰਦਰੀ ਤੱਲ ਦੋ ਕਿਲੋਮੀਟਰ ਤੋਂ 10 ਕਿਲੋਮੀਟਰ ਤੱਕ ਡੂੰਘਾ ਹੋ ਸਕਦਾ ਹੈ। ਇਸ ਤਰ੍ਹਾਂ ਇਹ ਪੁਸਤਕ ਜਿੱਥੇ ਸਾਡੇ ਲਈ ਜਾਣਕਾਰੀ ਭਰਪੂਰ ਹੈ ਉੱਥੇ ਸਿੱਖਿਆਦਾਇਕ ਅਤੇ ਪ੍ਰੇਰਨਾਦਾਇਕ ਵੀ ਹੈ। ਸਿੱਖਿਆ ਵਿਭਾਗ ਨੂੰ ਅਜਿਹੀਆਂ ਪੁਸਤਕਾਂ ਸਕੂਲਾਂ ਵਿੱਚ ਪੁੱਜਦੀਆਂ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸੰਖੇਪ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਿਰਜੀ ਇਹ ਇਕ ਨਿਆਰੀ ਤੇ ਪਿਆਰੀ ਪੁਸਤਕ ਹੈ।

# ਆਸਟ੍ਰੇਲੀਆ ਸਿਡਨੀ ਵਿੱਚ ਮੰਗਲ ਹਠੂਰ ਦੀ ਭਰਵੀਂ ਮਹਿਫ਼ਲ





**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਅੱਜਕੱਲ੍ਹ ਆਸਟ੍ਰੇਲੀਆ ਫੇਰੀ ਤੇ ਗਿਆ ਹੋਇਆ ਹੈ , ਉਥੇ ਉਹਨਾਂ ਦੀਆਂ ਮਹਿਫ਼ਲਾਂ ਬਹੁਤ ਹੀ ਉਤਸ਼ਾਹ ਨਾਲ ਸੁਣੀਆਂ ਜਾ ਰਹੀਆਂ ਹਨ। 26 ਅਪ੍ਰੈਲ ਨੂੰ ਮੰਗਲ ਹਠੂਰ ਦੀ ਮਹਿਫ਼ਲ ਆਸਟ੍ਰੇਲੀਆ ਸਿਡਨੀ ਵਿੱਚ ਪਰਮ ਬੋਪਾਰਾਏ (ਬਟਾਲਾ) ਅਤੇ ਉਹਨਾਂ ਦੇ ਸਾਥੀਆਂ ਵਲੋਂ ਬਹੁਤ ਹੀ ਸ਼ਾਨਦਾਰ ਢੰਗ ਨਾਲ ਰੱਖੀ ਗਈ।

ਰਾਤ ਦੇਰ ਤੱਕ ਚੱਲੀ ਸ਼ਾਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਮੰਗਲ ਹਠੂਰ ਦੀ 16 ਵੀਂ ਕਿਤਾਬ "ਟਿਕਾਣਾ ਕੋਈ ਨਾ" ਵੀ ਰੂਬਰੂ ਕੀਤੀ ਗਈ। ਇਸ ਮੌਕੇ ਪਰਮ ਬੋਪਾਰਾਏ (ਬਟਾਲਾ), ਹਰਦੀਪ ਬਾਜਵਾ, ਕੁਲਦੀਪ ਗੁਰਾਇਆ, ਰੌਬਨ ਖੇੜਾ,ਬਲਜੀਤ ਬੱਲੀ, ਸੋਨਾ ਰੰਧਾਵਾ, ਕੁਲਜੀਤ ਸਿੰਘ, ਰਘਵੀਰ ਸਿੱਧੂ, ਹਰਵਿੰਦਰ ਰੰਧਾਵਾ ਅਤੇ ਹੋਰ ਸੱਜਣ ਮਿੱਤਰ ਹਾਜ਼ਰ ਸਨ। ਮੰਗਲ ਹਠੂਰ ਦੇ ਗੀਤਾਂ ਨੇ ਅਖੀਰ ਵਿੱਚ ਸਾਰਿਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਮੰਗਲ ਹਠੂਰ ਦੀਆਂ ਸਿਡਨੀ,ਬ੍ਰਿਸਬੇਨ ਅਤੇ ਮੈਲਬੌਰਨ ਵੀ ਖੂਬ ਮਹਿਫ਼ਲਾਂ ਲੱਗਣਗੀਆਂ।

# ਸਹਿਜ ਸਬਰ ਤੇ ਸਿਰੜ ਦਾ ਮੁਜੱਸਮਾ-ਲਖਬੀਰ !

ਸਾਡੇ ਪਿੰਡ ਦੁਪਾਲ ਪੁਰੋਂ ਨਵਾਂ ਸ਼ਹਿਰ ਜਾਣ ਲਈ ਰਸਤੇ ਤਾਂ ਹੋਰ ਵੀ ਹਨ ਪਰ ਉਨ੍ਹਾਂ ਵਿੱਚੋਂ ਇਕ, ਗਿਆਨ ਸਿੰਘ 'ਵਿਕਟੋਰੀਆ ਕਰਾਸ' ਦੇ ਪਿੰਡ ਸਹਾਬ ਪੁਰ ਵਿੱਚੀਂ ਲੰਘ ਕੇ ਜਾਣ ਵਾਲਾ ਰਾਹ ਮੇਰੇ ਜਿਆਦਾ ਪੈਰੀਂ ਲੱਗਾ ਹੋਇਆ ਹੈ। ਕਿਉਂ ਕਿ ਨੌਵੀਂ-ਦਸਵੀਂ 'ਚ ਨਵਾਂਸ਼ਹਿਰ ਸਕੂਲੇ ਪੜ੍ਹਦਿਆਂ ਮੈਂ ਬਹੁਤਾ ਕਰਕੇ ਇਸੇ ਰਾਹੇ ਜਾਂਦਾ ਸਾਂ।

ਸੰਨ 2023 ਦੇ ਮਈ ਮਹੀਨੇ ਦੀ ਇਕ ਦੁਪਹਿਰ ਮੈਂ ਇਸ ਪਿੰਡ ਵਿੱਚੋਂ ਲੰਘਦਿਆਂ ਕੰਧ ਉੱਤੇ ਲਿਖਿਆ ਇਕ ਸਿਆਸੀ ਇਸ਼ਤਿਹਾਰ ਮੇਰੇ ਨਜ਼ਰੀਂ ਪਿਆ ਜੋ ਕਿ ਕਿਸੇ ਲਿਖਤ ਵਿਚ ਵਰਤਿਆ ਜਾ ਸਕਦਾ ਸੀ। ਸਕੂਟਰ ਇਕ ਪਾਸੇ ਖੜ੍ਹਾ ਕਰਕੇ ਮੈਂ ਉਸ ਇਸ਼ਤਿਹਾਰ ਦੀ ਫੋਟੋ ਖਿੱਚ ਰਿਹਾ ਸਾਂ ਤਦ ਲਾਗਲੀ ਆਟਾ-ਚੱਕੀ ਤੋਂ ਬਾਹਰ ਆਇਆ ਇਕ ਸੱਜਣ ਸ਼ੱਕੀ ਜਿਹੀਆਂ ਨਜ਼ਰਾਂ ਨਾ਼ਲ ਦੇਖਦਾ ਹੋਇਆ ਮੇਰੇ ਵੱਲ ਤੁਰਿਆ ਆਇਆ।

ਮੇਰੀ 'ਸਤਿ ਸ੍ਰੀ ਅਕਾਲ' ਦਾ ਨਿਮ੍ਰਤਾ ਨਾਲ ਜਵਾਬ ਦੇ ਕੇ ਉਸਨੇ ਮੇਰਾ ਪਿੰਡ ਪੁੱਛਿਆ।ਪਿੰਡ ਦਾ ਨਾਂ ਸੁਣਕੇ ਉਸਨੇ ਧਾਅ ਕੇ ਮੈਨੂੰ ਇਉਂ ਜੱਫੀ ਪਾ ਲਈ ਜਿਵੇਂ ਮੈਂ ਉਹਨੂੰ ਚਿਰੀਂ ਵਿਛੁੰਨਾਂ ਜਾਨੀ ਮਿੱਤਰ ਮਿ਼ਲ ਗਿਆ ਹੋਵਾਂ ! ਜਦ ਕਿ ਮੇਰੇ ਲਈ ਉਹ ਹਾਲੇ ਅਣਜਾਣਿਆਂ ਵਿਅਕਤੀ ਸੀ।









"ਅੱਛਾ ਜੀ, ਦੁਪਾਲ ਪੁਰੀ ਤੁਸੀਂ ਹੋ?" ਕਹਿ ਕੇ ਉਹ ਮੈਨੂੰ ਬਾਹੋਂ ਫੜ ਕੇ ਆਪਣੀ ਆਟਾ-ਚੱਕੀ ਵੱਲ ਖਿੱਚਣ ਲੱਗਾ।ਕਹਿੰਦਾ ਤੁਹਾਡਾ ਬੇਟਾ ਤਾਂ ਮੇਰੇ ਬੱਚਿਆਂ ਦਾ ਟੀਚਰ ਹੈ ਦੌਲਤ ਪੁਰ ਸਕੂਲੇ। ਹੁਣ ਚਾਹ ਜਾਂ ਦੁੱਧ ਪੀ ਕੇ ਜਾਇਉ, ਐਦਾਂ ਨੀ ਮੈਂ ਜਾਣ ਦੇਣਾ! ਉਸ ਵੇਲੇ ਮੈਨੂੰ ਖਾਣ-ਪੀਣ ਦੀ ਕੋਈ ਚਾਹਤ ਨਹੀਂ ਸੀ, ਇਸ ਕਰਕੇ 'ਕਿਤੇ ਫਿਰ ਸਹੀ' ਦਾ ਵਾਅਦਾ ਕਰਕੇ ਮੈਂ ਬੜੀ ਮੁਸ਼ਕਿਲ ਨਾਲ ਉਸਤੋਂ ਵਿਦਾਈ ਲਈ।

ਇਸ ਅਚਾਨਕ ਮਿਲਣੀ ਤੋਂ ਹਫਤਾ ਕੁ ਬਾਅਦ ਮੈਂ ਕਿਸੇ ਕੰਮ ਆਪਣੇ ਗੁਆਂਢੀ ਮਿੱਤਰ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਦੇ ਘਰੇ ਜਲਵਾਹੇ ਪਿੰਡ ਮਿਲਣ ਗਿਆ।ਉਹ ਆਪਣਾ ਮੋਬਾਈਲ ਫੋਨ ਮੇਰੇ ਮੋਹਰੇ ਕਰਕੇ ਕੁੱਝ ਫੋਟੋਆਂ ਦਿਖਾਉਣ ਲੱਗਾ। ਫੋਟੋਆਂ ਕਾਹਦੀਆਂ... ਇਓਂ ਲਗਦਾ ਸੀ ਜਿਵੇਂ ਮਨੁੱਖੀ ਅੰਗ ਵੱਢ-ਟੁੱਕ ਕੇ ਖਿਲਾਰੇ ਪਏ ਹੋਣ! ਫਰਸ਼ 'ਤੇ ਡਿਗੀ ਪਈ ਇੱਕ ਬਾਂਹ ਮੋਢੇ ਤੋਂ ਇਉਂ ਉੱਖੜੀ ਹੋਈ ਪਈ ਸੀ ਜਿਵੇਂ ਗਿੱਲੀ ਮਿੱਟੀ 'ਚੋਂ ਮੂਲੀ ਧੂਅ ਕੇ ਪੁੱਟੀ ਪਈ ਹੋਵੇ ! ਥੱਲੇ ਫਰਸ਼ ਉੱਤੇ ਲੱਗੇ ਲਹੂ ਦੇ ਛੱਪੜ...ਇਕ ਬੰਦੇ ਦਾ ਬਾਂਹ-ਵਿਹੂਣਾ ਮੋਢਾ ਇਉਂ ਦਿਸਦਾ ਸੀ ਜਿਵੇਂ ਕੋਈ ਦਰਖਤ ਜੜ੍ਹਾਂ ਸਮੇਤ ਗਿੱਲੀ ਧਰਤੀ 'ਚੋਂ ਧੂਹਿਆ ਹੁੰਦਾ ਹੈ!! ਲਾਗੇ ਹੀ ਖ਼ੂਨ ਨਾਲ ਲਿੱਬੜਿਆ ਪਿਆ ਸਰ੍ਹੋਂ ਦਾ ਤੇਲ ਕੱਢਣ ਵਾ਼ਲਾ ਸਪੈਲਰ!!

ਇਹ ਭਿਆਨਕ ਫੋਟੋਆਂ ਦੇਖਕੇ ਸੁੰਨ ਜਿਹਾ ਹੋ ਗਿਆ! 'ਚੁਅ... ਚੁਅ !' ਕਰਦਿਆਂ ਮੈਂ ਸਤਨਾਮ ਸਿੰਘ ਨੂੰ ਪੁੱਛਿਆ ਕਿ ਇਹ ਦਰਦਨਾਕ ਦ੍ਰਿਸ਼ ਕਿੱਥੇ ਦਾ ਐ ਤੇ ਇਹ ਭਾਣਾ ਕਿਸ ਬਦਨਸੀਬ ਨਾਲ ਵਾਪਰਿਆ?

ਉਸਦਾ ਜਵਾਬ ਸੁਣਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ! ਇਹ ਤਾਂ ਉਹੀ ਸਹਾਬ ਪੁਰ ਵਾ਼ਲਾ ਲਖਬੀਰ ਸਿੰਘ ਸੀ ਜਿਸਨੇ ਕੁੱਝ ਦਿਨ ਪਹਿਲਾਂ ਅਚਾਨਕ ਹੋਈ ਪਹਿਲੀ ਮਿਲਣੀ ਵਿਚ ਹੀ ਮੈਨੂੰ ਮੋਹ ਲਿਆ ਸੀ! ਸਤਨਾਮ ਨੇ ਸਾਰੀ ਗੱਲ ਦੱਸੀ ਕਿ ਲਖਬੀਰ ਦੀ ਆਟਾ-ਚੱਕੀ ਉੱਤੇ ਸਰ੍ਹੋਂ ਦਾ ਤੇਲ ਕੱਢਣ ਵਾ਼ਲਾ ਐਕਸਪੈਲਰ ਵੀ ਲੱਗਾ ਹੋਇਆ ਹੈ ਜਿਸਦੇ ਇਕ ਨੱਟ ਵਿਚ ਕੜਾ ਫਸਣ ਕਰਕੇ ਲਖਬੀਰ ਦੀ ਬਾਂਹ ਚੱਲਦੇ ਐਕਸਪੈਲਰ ਦੇ ਧੁਰੇ ਨਾ਼ਲ ਲਪੇਟੀ ਗਈ। ਮੋਢੇ ਤੱਕ ਬਾਂਹ ਮਸ਼ੀਨ ਵਿਚ ਆਉਣ 'ਤੇ ਉਹਦਾ ਸਿਰ ਖਿੱਚੀਂਦਾ ਜਾਂਦਾ ਮਸ਼ੀਨ ਨਾਲ ਜਾ ਲੱਗਾ। ਜਿਉਂ ਹੀ ਉਹ ਜੋਰ ਮਾਰ ਕੇ ਉੱਠਿਆ ਤਾਂ ਮੋਢੇ 'ਚੋਂ ਡੌ਼ਲਾ ਪੁੱਟਿਆ ਗਿਆ! ਇਹ ਦੇਖਕੇ ਨੌਕਰ ਮੁੰਡੇ ਨੇ ਦੌੜ ਕੇ ਮੋਟਰ ਬੰਦ ਕੀਤੀ...! ਉਸ ਵੇਲੇ ਕਹਿੰਦੇ ਉਹ ਆਪ ਹੀ ਉੱਠ ਕੇ ਨਵਾਂਸ਼ਹਿਰ ਹਸਪਤਾਲ ਜਾਣ ਲਈ ਲਿਆਂਦੀ ਕਾਰ ਵਿਚ ਬੈਠਿਆ! ਸਤਨਾਮ ਨੇ ਦੱਸਿਆ ਕਿ ਹੁਣ ਉਹ ਚੰਡੀਗੜ੍ਹ ਪੀ.ਜੀ.ਆਈ ਵਿਚ ਦਾਖਲ ਹੈ।

ਕੁੱਝ ਹਫਤਿਆਂ ਬਾਅਦ ਹਸਪਤਾ਼ਲੋਂ ਘਰ ਆਏ ਤੇ ਅਸੀਂ ਉਹਦੀ ਖਬਰਸਾਰ ਲੈਣ ਗਏ।ਉਸ ਨਾਲ ਵਾਪਰੇ ਅਤਿ ਭਿਆਨਕ ਹਾਦਸੇ ਕਾਰਨ ਮੈਂ ਬਹੁਤ ਸਹਿਮਿਆਂ ਹੋਇਆ ਉਹਦੇ ਘਰ ਗਿਆ! ਮਨ ਵਿਚ ਸੋਚ ਰਿਹਾ ਸਾਂ ਕਿ ਅਤਿ ਦੀ ਪੀੜ ਸਹੀ ਹੋਣ ਅਤੇ ਸੱਜੀ ਬਾਂਹ ਗੁਆਉਣ ਦੇ ਸਦਮੇਂ ਕਾਰਨ ਗਮਗੀਨ ਹੋਏ ਕਿਰਤੀ ਲਖਬੀਰ ਨੂੰ,ਮੈਂ ਕਿਹੜੇ ਸ਼ਬਦਾਂ ਨਾ਼ਲ ਧਰਵਾਸਾ ਦੇਵਾਂਗਾ? ਕਿਵੇਂ ਗੱਲ ਸ਼ੁਰੂ ਕਰਾਂ ਗਾ? ਜਦ ਮੈਂ ਲੰਮਾਂ ਸਾਹ ਲੈ ਕੇ ਉਹਦੇ ਕਮਰੇ ਵਿਚ ਗਿਆ.. । ਜਿਵੇਂ ਉਸਨੇ ਮੈਨੂੰ ਹੱਸ ਕੇ 'ਸਤਿ ਸ੍ਰੀ ਅਕਾਲ' ਬੁਲਾਈ ਤਾਂ ਉਸਨੂੰ ਗਲਵੱਕੜੀ 'ਚ ਲੈਂਦਿਆਂ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਕਿਆਸ ਤੋਂ ਉਲਟ ਉਹ ਤਾਂ ਚੜ੍ਹਦੀ ਕਲਾ ਵਾ਼ਲੀ ਭਾਵਨਾ ਨਾਲ ਓਤ-ਪੋਤ ਹੋਇਆ ਬੈਠਾ ਹੈ!

ਸਗੋਂ ਮੇਰੇ ਚਿਹਰੇ ਉੱਤੇ ਗਮ ਅਤੇ ਸਹਿਮ ਦੇ ਛਾਏ ਹੋਏ ਅਕਸ ਦੇਖ ਕੇ ਉਹ ਖੁਦ ਨਾ਼ਲ ਵਾਪਰੇ ਹਾਦਸੇ ਦੀ ਭਿਆਨਕਤਾ ਅਤੇ ਪੀੜਾ ਨੂੰ ਦਰਕਿਨਾਰ ਕਰਦਿਆਂ ਮੇਰੇ ਨਾਲ ਇਉਂ ਗੱਲਾਂ ਕਰਨ ਲੱਗਾ ਜਿਵੇਂ ਕਿਤੇ ਇਹ ਦਰਦਨਾਕ ਹਾਦਸਾ ਕਿਸੇ ਹੋਰ ਬੰਦੇ ਨਾਲ ਵਾਪਰਿਆ ਹੋਵੇ! ਹਾਦਸੇ ਮੌਕੇ ਉਹਦੇ ਅਨੋਖੇ ਸਿਰੜ ਤੇ ਪਹਾੜ ਜਿੱਡੇ ਹੌਂਸਲੇ ਦੀਆਂ ਦੋ-ਚਾਰ ਗੱਲਾਂ ਤਾਂ ਕੋਲ ਬੈਠੇ ਉਸਦੇ ਭਰਾ ਪਰਮਜੀਤ ਸਿੰਘ ਨੇ ਦੱਸੀਆਂ ਪਰ ਗੱਲਾਂ ਦਾ ਵਿਸ਼ਾ ਬਦਲਦਿਆਂ ਲਖਬੀਰ, ਮਹੀਨਾ ਕੁ ਪਹਿਲਾਂ ਕੀਤੀ ਆਪਣੀ ਨਨਕਾਣਾ ਸਾਹਿਬ ਦੀ ਯਾਤਰਾ ਦੇ ਵੇਰਵੇ ਸੁਣਾਉਣ ਲੱਗ ਪਿਆ। ਐਕਸਪੈ਼ਲਰ ਦੇ ਨੱਟ ਵਿਚ ਜਿਹੜਾ ਕੜਾ ਫਸਣ ਕਰਕੇ ਉਹਦੀ ਬਾਂਹ ਚਲੀ ਗਈ, ਕਿਸੇ ਵਿਗੋਚੇ ਜਾਂ ਪਛਤਾਵੇ ਦੀ ਬਜਾਏ ਉਹ ਸ਼ਰਧਾ ਸਤਿਕਾਰ ਨਾਲ ਦੱਸ ਰਿਹਾ ਸੀ ਕਿ ਉਹ ਕੜਾ ਮੈਂ ਐਤਕੀਂ ਸ੍ਰੀ ਨਨਕਾਣਾ ਸਾਹਬ ਤੋਂ ਲਿਆਂਦਾ ਸੀ-

"ਭਾਅ ਜੀ ਮੈਂ ਜਮ੍ਹਾਂਦਰੂ ਹੀ ਖੱਬਚੂ ਹਾਂ... ਸਾਰੇ ਕੰਮ ਖੱਬੇ ਹੱਥ ਨਾਲ ਹੀ ਕਰਦਾ ਹਾਂ!"

ਥੋੜ੍ਹਾ ਮੁਸਕ੍ਰਾ ਕੇ ਕਹਿੰਦਾ-

"ਸ਼ਾਇਦ ਬਾਬੇ ਨੇ ਮੇਰੀ ਬਾਂਹ ਤਦੇ ਲੈ ਲਈ ਕਿ ਭਾਈ ਇਹਦੇ ਨਾਲ ਤੂੰ ਕੰਮ ਤਾਂ ਕਰਦਾ ਨੀ...।!"

ਇਹ ਗੱਲ ਕਰਦਿਆਂ ਉਸਦੇ ਬੁੱਲ੍ਹਾਂ ਉੱਤੇ ਆਈ ਮੁਸਕ੍ਰਾਹਟ ਦੇਖ ਕੇ ਅਸੀਂ ਦੰਗ ਰਹਿ ਗਏ!

ਖਬਰਸਾਰ ਨੂੰ ਬੈਠੇ ਅਸੀਂ ਜਦ ਵੀ ਉਹਦੇ ਖਾਲੀ ਮੋਢੇ ਵੱਲ ਕਰੁਣਾਮਈ ਨਜ਼ਰ ਮਾਰਦੇ ਤਾਂ ਉਹ ਕਿਸੇ ਹੋਰ ਹੀ ਵਿਸ਼ੇ ਬਾਰੇ ਗੱਲ ਛੋਹ ਲੈਂਦਾ-

"ਭਾਅ ਜੀ ਸੰਨ ਸੰਤਾ਼ਲੀ ਵੇਲੇ ਰਾਹੋਂ ਤੋਂ ਉੱਜੜ ਕੇ ਪਾਕਿਸਤਾਨ ਗਏ ਫਲਾਣੇ ਖਾਨਦਾਨ ਦੇ ਖਾਨ ਸਾਹਬ ਨੇ ਮੈਨੂੰ ਫੋਨ 'ਤੇ ਕਿਹਾ ਸੀ ਕਿ ਨਨਕਾਣਾ ਸਾਹਿਬ ਆਉਣ ਵੇਲੇ ਰਾਹੋਂ ਤੋਂ 'ਸਾਡੇ ਘਰ' ਦੇ ਮ਼ਲਬੇ ਦੀਆਂ ਇਕ-ਦੋ ਇੱਟਾਂ ਜਰੂਰ ਲੈ ਆਵੀਂ! ਮੈਂ ਐਤਕੀਂ ਯਾਤਰਾ ਸਮੇਂ ਦੋ ਨਾਨਕਸ਼ਾਹੀ ਇੱਟਾਂ ਉਨ੍ਹਾਂ ਨੂੰ ਦੇ ਕੇ ਆਇਆਂ !"

ਫਿਰ ਉਹ ਉਸ ਮੁਸਲਿਮ ਪ੍ਰਵਾਰ ਵਲੋਂ ਮਿ਼ਲੇ ਮਾਣ ਸਤਿਕਾਰ ਅਤੇ ਮੋਹ-ਪਿਆਰ ਦੇ ਵਾਕਿਆਤ, ਚਮਕਦੀਆਂ ਅੱਖਾਂ ਨਾਲ ਇੰਜ ਸੁਣਾਉਣ ਲੱਗ ਪਿਆ ਜਿਵੇਂ ਕਿਤੇ ਉਹ ਹੁਣ ਵੀ ਸਰਹੱਦੋਂ ਪਾਰ ਲਾਹੌਰ ਦੇ ਲਾਗਲੇ ਕਿਸੇ ਪਿੰਡ 'ਚ ਹੀ ਬੈਠਾ ਹੋਇਆ ਹੋਵੇ!

"ਲਓ ਭਾਅ ਜੀ, ਉਨ੍ਹਾਂ ਦੇ ਸਾਰੇ ਟੱਬਰ ਨੇ ਇੱਟਾਂ ਨੂੰ ਮਸ਼ਤਿਕ ਨਾਲ ਲਾਇਆ... ਕੱਪੜਾ ਖੋਲ੍ਹ ਕੇ ਇੱਟਾਂ ਵੱਲ੍ਹ ਬੜੀ ਨੀਝ ਤੇ ਰੀਝ ਨਾ਼ਲ ਦੇਖਦਿਆਂ, ਕੰਨਾਂ ਨੂੰ ਛੂਹ ਕੇ ਅਦਬ ਨਾਲ ਆਪਣੇ ਵਫਾਤ ਪਾ ਗਏ ਬਜ਼ੁਰਗਾਂ ਦੇ ਨਾਮ ਲਏ......! ਜਿਵੇਂ ਕਿਤੇ ਉਨ੍ਹਾਂ ਦੇ ਸਾਹਮਣੇ ਦੋ ਇੱਟਾਂ ਨਹੀਂ,ਉਨ੍ਹਾਂ ਦੇ ਵਡਾਰੂ ਹੀ ਹੋਣ!"

ਮਗਰੋਂ ਮੇਰੇ ਅਮਰੀਕਾ ਚਲੇ ਆਉਣ 'ਤੇ ਉਸਨੇ ਮੈਨੂੰ ਫੋਨ 'ਤੇ ਦੱਸਿਆ ਕਿ ਤੁਹਾਥੋਂ ਬਾਅਦ ਮੁਹੰਮਦ ਸਦੀਕ, ਰਣਜੀਤ ਕੌਰ, ਗੀਤਕਾਰ ਚੰਨ ਗੋਰਾਇਆਂ ਵਾ਼ਲਾ, ਸਵਰਗੀ ਦੇਵ ਥਰੀਕੇ ਦਾ ਲੜਕਾ ਜਗਵੰਤ, ਕੁਲਦੀਪ ਮਾਣਕ ਦੀ ਸੁਪਤਨੀ ਬੀਬੀ ਸਰਬਜੀਤ ਮਾਣਕ, ਯਮ੍ਹਲੇ ਦਾ ਪੋਤਰਾ ਸੁਰੇਸ਼ ਯਮ੍ਹਲਾ, ਸਰਬਜੀਤ ਕੌਰ ਸੁਪਤਨੀ ਜਸਦੇਵ ਯਮ੍ਹਲਾ ਅਤੇ ਅਮਰੀਕਾ ਵਾ਼ਲਾ ਗਾਇਕ ਧਰਮਵੀਰ ਥਾਂਦ੍ਹੀ ਵੀ ਮੇਰੀ ਖਬਰਸਾਰ ਲੈਣ ਵਾਸਤੇ ਆਏ ਸਨ। ਇਨ੍ਹਾਂ ਸਖਸ਼ੀਅਤਾਂ ਦੀ ਫੋਟੋ ਨਾਲ ਉਸਨੇ ਮੈਨੂੰ ਆਪਣੇ ਘਰ ਦੀਆਂ ਕੁੱਝ ਵੀਡ੍ਹੀਉ ਵੀ ਭੇਜੀਆਂ ਜਿਨ੍ਹਾਂ ਵਿਚ ਲਖਬੀਰ ਨਾਲ ਬੈਠੀ ਗਾਇਕਾ ਰਣਜੀਤ ਕੌਰ 'ਘੋੜੀ' ਸੁਣਾਉਂਦੀ ਹੈ-'ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹਾਉਨੀ ਆਂ !' ਦੂਸਰੀ ਵੀਡ੍ਹੀਉ ਵਿਚ ਧਰਮਵੀਰ ਸਿੰਘ ਥਾਂਦ੍ਹੀ ਆਪਣਾ ਲਿਖਿਆ ਮਸ਼ਹੂਰ ਗੀਤ ਗਾਉਂਦਾ ਹੈ-

'ਵਿਚ ਅਮਰੀਕਾ ਆ ਕੇ ਬਣ ਗਏ ਜੱਟਾਂ ਦੇ ਪੁੱਤ ਲਾਲੇ

"ਕਯਾਰਡ ਵਿਚ ਕਰੀਏ ਪੂਰੇ ਸ਼ੌਂਕ ਖੇਤੀਆਂ ਵਾ਼ਲੇ!'

ਇਸੇ ਤਰਾਂ ਇਕ ਹੋਰ ਵੀਡ੍ਹੀਉ ਵਿਚ ਯਮ੍ਹਲੇ ਦਾ ਪੋਤਰਾ ਗਾ ਰਿਹਾ ਐ ਤੇ ਪੀ.ਜੀ.ਆਈ ਤੋਂ ਆਪਣੇ ਬਾਂਹ ਵਿਹੂਣੇ ਮੋਢੇ ਦਾ ਇਲਾਜ ਕਰਾ ਰਿਹਾ ਲਖਬੀਰ ਸਿੰਘ, ਸਿਰੜ, ਸਿਦਕ ਅਤੇ ਪਹਾੜ ਜਿੱਡੇ ਹੌਂਸਲੇ ਦਾ ਮੁਜੱਸਮਾਂ ਬਣਿਆਂ ਗੀਤ ਦੀ ਲੈਅ ਨਾ਼ਲ ਝੂਮ ਰਿਹਾ ਐ ਨਾ਼ਲੇ ਹਾਰਮੋਨੀਅਮ ਉੱਤੇ ਇਨਾਮ ਵੀ ਰੱਖ ਰਿਹਾ ਹੈ!

ਹੁਣ ਦੋ ਸਾਲ ਬਾਅਦ 2025 ਦੀ ਵਿਸਾਖੀ ਮੌਕੇ ਜਦੋਂ ਮੈਂ ਉਕਤ ਵੇਰਵਿਆਂ ਨੂੰ ਲਿਖਤ ਰੂਪ ਦੇ ਰਿਹਾ ਸਾਂ ਤਦ ਮੈਨੂੰ ਲਖਬੀਰ ਸਿੰਘ ਦੇ ਭਰਾ ਨੇ ਦੱਸਿਆ ਕਿ ਜਾਨ ਬਚਣ ਅਤੇ ਮਿ਼ਲੀ ਤੰਦਰੁਸਤੀ ਦਾ ਸ਼ੁਕਰਾਨਾ ਕਰਨ ਵਾਸਤੇ ਉਹ ਸ੍ਰੀ ਨਨਕਾਣਾ ਸਾਹਬ ਵਿਖੇ ਨਤਮਸਤਕ ਹੋਣ ਗਿਆ ਹੋਇਆ ਹੈ!

'ਹਾਦਸਾ ਕੋਈ ਵੀ ਭਾਵੇਂ ਪੇਸ਼ ਆਵੇ ਪਰ ਸਦਾ


ਸ਼ੌਕ ਹਰ ਆਲਮ 'ਚ ਮੇਰਾ ਮੁਸਕ੍ਰਾਉਂਦਾ ਜਾਏ ਗਾ!'-ਜੋਗਾ ਸਿੰਘ ਜਗਿਆਸੂ

**-ਤਰਲੋਚਨ ਸਿੰਘ ਦੁਪਾਲ ਪੁਰ 78146-92724**

# ਪੁਸਤਕ ਸਮੀਖਿਆ

**ਵਕਤ ਦੇ ਖੀਸੇ 'ਚੋਂ**
**ਰੀਵਿਊਕਾਰ: ਬਲਜਿੰਦਰ ਮਾਨ**
**98150 18947**
**ਨਾਵਲਕਾਰਾ: ਮਨਦੀਪ ਰਿੰਪੀ**
**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੋਹਾਲੀ,**
**ਪੰਨੇ: 185, ਮੁੱਲ: 400 ਰੁਪਏ**

ਸਾਹਿਤ ਦੇ ਖੇਤਰ ਵਿੱਚ ਪਿਛਲੇ ਚਾਰ ਪੰਜ ਸਾਲਾਂ ਵਿੱਚ ਮਨਦੀਪ ਰਿੰਪੀ ਨੇ ਆਪਣੀ ਮਿਹਨਤ ਤੇ ਲਗਨ ਨਾਲ ਕੀਤੀ ਸਿਰਜਣ ਦੀ ਬਦੌਲਤ ਸਾਹਿਤ ਜਗਤ ਵਿਚ ਵਿਸ਼ੇਸ਼ ਥਾਂ ਪ੍ਰਾਪਤ ਕਰ ਲਈ ਹੈ। ਉਹ ਇੱਕੋ ਵੇਲੇ ਕਵਿਤਰੀ, ਗਾਇਕਾ, ਕਹਾਣੀਕਾਰਾ ਅਤੇ ਨਾਵਲਕਾਰਾ ਹੁੰਦੀ ਹੋਈ ਬਾਲਾਂ ਦੀ ਚਹੇਤੀ ਲੇਖਿਕਾ ਵੀ ਹੈ। ਆਪ ਦੁਆਰਾ ਸਿਰਜੇ ਨਾਵਲ ਅਤੇ ਕਹਾਣੀ ਸੰਗ੍ਰਹਿ ਪਾਠਕਾਂ ਦੁਆਰਾ ਭਰਪੂਰ ਸਲਾਹੇ ਜਾਂਦੇ ਹਨ। ਇਸ ਸ਼ਲਾਘਾ ਦਾ ਮੁੱਖ ਕਾਰਨ ਲੇਖਿਕਾ ਕੋਲ ਸਮਾਜਿਕ ਮਹਿਲ ਦੇ ਬੰਦ ਦਰਵਾਜਿਆਂ ਦੀਆਂ ਹਨੇਰੀਆਂ ਕੋਠੜੀਆਂ ਦਾ ਗਿਆਨ ਹੋਣਾ ਹੈ। ਉਹ ਇੱਕ ਮਾਹਿਰ ਮਨੋਵਿਗਿਆਨੀ ਵਾਂਗ ਜਿੱਥੇ ਆਪਣੇ ਪਾਤਰਾਂ ਦਾ ਮਾਨਸਿਕ ਵਿਸ਼ਲੇਸ਼ਣ ਕਰਦੀ ਹੈ ਉੱਥੇ ਸਮਾਜ ਦੀਆਂ ਡੂੰਘੀਆਂ ਪਰਤਾਂ ਵੀ ਫਰੋਲਦੀ ਹੈ। ਜਿਸ ਸਮਾਜ ਵਿੱਚ ਅਸੀਂ ਅੱਜ ਵਿਚਰ ਰਹੇ ਹਾਂ। ਅਜੋਕੇ ਸਮਾਜ ਵਿੱਚ ਵਰਤ ਰਹੇ ਵਰਤਾਰਿਆਂ ਦੇ




ਪਿੱਛੇ ਕਿਹੜੇ ਤੱਤ ਕੰਮ ਕਰਦੇ ਹਨ, ਉਹ ਉਹਨਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਇਸ ਤਰ੍ਹਾਂ ਉਹ ਸਾਹਿਤ ਦੀ ਸਿਰਜਣਾ ਵਿੱਚ ਸਫ਼ਲ ਸਾਹਿਤ ਸਿਰਜਕ ਬਣ ਜਾਂਦੀ ਹੈ। ਭਾਸ਼ਾ ਦੀ ਸਰਲਤਾ, ਸਪਸ਼ਟਤਾ ਅਤੇ ਮੁਹਾਵਰੇਦਾਰ ਬੋਲੀ ਇੰਨੀ ਰਸੀਲੀ ਬਣ ਜਾਂਦੀ ਹੈ ਕਿ ਪਾਠਕ ਨਾਵਲ ਦਾ ਪਹਿਲਾ ਪੰਨਾ ਪਰਤਦਿਆਂ ਅੱਗੇ ਤੋਂ ਅੱਗੇਰੇ ਪੜ੍ਹਦਾ ਜਾਂਦਾ ਹੈ। ਪਾਠਕ ਨੂੰ ਹਰ ਅਗਲੇ ਪੰਨੇ ਤੋਂ ਨਵਾਂ ਆਨੰਦ, ਨਵਾਂ ਰਸ, ਨਵਾਂ ਗਿਆਨ ਅਤੇ ਨਵੀਆਂ ਲੀਹਾਂ ਦਿਖਾਈ ਦਿੰਦੀਆਂ ਹਨ।

ਸ਼ਬਦ ਦੀ ਸਾਧਨਾ ਕਰਦੀ ਹੋਈ ਮਨਦੀਪ ਰਿੰਪੀ ਆਪਣੇ ਇਸ ਨਾਵਲ ਨੂੰ ਇੱਕ ਸੁਪਨੇ ਦਾ ਬਿਰਤਾਂਤ ਬਣਾਉਂਦੀ ਹੈ। ਸੁਪਨਾ ਲਗਭਗ ਪਿਛਲੇ ਪੈਂਤੀ ਚਾਲੀ ਸਾਲ ਦੇ ਇਤਿਹਾਸ ਨੂੰ ਪੇਸ਼ ਕਰਦਾ ਹੋਇਆ ਅਜ ਤਕ ਦੀਆਂ ਸਮਾਜਿਕ ਰਹੁ ਰੀਤਾਂ ਅਤੇ ਸਮਾਜਿਕ ਕੁਰੀਤੀਆਂ ਨੂੰ ਪੇਸ਼ ਕਰਦਾ ਹੈ। ਬਚਪਨ ਦੀਆਂ ਯਾਦਾਂ, ਵਿਆਹ ਦੇ ਸੁਪਨੇ, ਜਵਾਨੀ, ਸ਼ਰਾਬੀਆਂ ਦੇ ਕਾਰਨਾਮੇ, ਮਾੜੇ ਦੌਰ ਦਾ ਜ਼ੁਲਮ, ਧੀਆਂ ਦੇ ਦਰਦ, ਮਾਪਿਆਂ ਦੀਆਂ ਚਿੰਤਾਵਾਂ, ਪੁਲਿਸ ਦੀ ਭੂਮਿਕਾ, ਵਹਿਮ ਭਰਮ, ਕਾਲਜ ਦਾ ਜੀਵਨ ਤੇ ਜਵਾਨੀ ਵਿੱਚ ਵਾਪਰਦੀਆਂ ਘਟਨਾਵਾਂ ਇਸ ਨਾਵਲ ਦੇ ਬਿਰਤਾਂਤ ਨੂੰ ਸਮੇਂ ਦਾ ਹਾਣੀ ਬਣਾਉਂਦੀਆਂ ਹਨ। ਨਾਵਲ ਦਾ ਹਰ ਕਾਂਡ ਜਿੱਥੇ ਦਿਲਚਸਪ ਹੈ ਉਥੇ ਹਰ ਕਿਸੇ ਨੂੰ ਹਲੂਣਾ ਮਾਰਦਾ ਹੋਇਆ ਆਪਣੇ ਅੰਦਰ ਝਾਤੀ ਮਾਰਨ ਲਈ ਵੀ ਤਿਆਰ ਕਰਦਾ ਹੈ। ਜਵਾਨੀ ਵਿੱਚ ਹਰ ਗੱਭਰੂ ਤੇ ਮੁਟਿਆਰ ਆਪਣੇ ਸੰਗੀ ਸਾਥੀ ਦੀ ਭਾਲ ਵਿੱਚ ਕਾਲਜ ਦੇ ਹੀਰੋ ਬਣ ਕੇ ਰਹਿੰਦੇ ਹਨ। ਕਾਲਜ ਵਿੱਚ ਹੀ ਜੀਵਨ ਦੇ ਲੰਮੇ ਪੰਧ ਨੂੰ ਇਕੱਠਿਆਂ ਤੁਰਨ ਦੇ ਸੁਪਨੇ ਸਿਰਜੇ ਜਾਂਦੇ ਹਨ ਪਰ ਉਹ ਸੁਪਨੇ ਸਿਰੇ ਨਾ ਲੱਗਦੇ ਵੇਖ ਜੀਵਨ ਦੀ ਚਾਲ ਹੀ ਖ਼ਰਾਬ ਕਰ ਬੈਠਦੇ ਹਨ। ਲੇਖਿਕਾ ਨੇ ਵਿਦਿਆਰਥੀ ਤੇ ਅਧਿਆਪਕ ਦੇ ਰਿਸ਼ਤੇ, ਮਾਪਿਆਂ ਦੀਆਂ ਚਿੰਤਾਵਾਂ ਅਤੇ ਸੰਗਤ ਦੇ ਅਸਰ ਨੂੰ ਬਾਖੂਬੀ ਪੇਸ਼ ਕੀਤਾ ਹੈ। ਸੰਗਤ ਹੀ ਆਦਮੀ ਨੂੰ ਸਾਧ, ਚੋਰ ਅਤੇ ਸਮਝਦਾਰ ਇਨਸਾਨ ਬਣਾਉਂਦੀ ਹੈ। ਪੰਜਾਬ ਦੇ ਕਾਲੇ ਦੌਰ ਦੀਆਂ ਦਰਦਮਈ ਘਟਨਾਵਾਂ ਪੜ੍ਹ ਕੇ ਕਾਲਜਾਂ ਮੂੰਹ ਨੂੰ ਆਉਂਦਾ ਹੈ। ਜਿਸ ਵਿੱਚ ਆਮ ਇਨਸਾਨ ਦੋ ਪੁੜਾਂ ਵਿੱਚ ਪਿਸਦਾ ਰਿਹਾ।

'ਕਿਤੇ ਰਾਹ 'ਚ ਧੱਕੇ ਨਾਲ ਰੋਕੀਆਂ ਬੱਸਾਂ 'ਚ ਧੂਹ ਧੂਹ ਕੇ ਨੌਜਵਾਨਾਂ ਨੂੰ ਉਤਾਰਿਆ ਜਾਂਦਾ ਤੇ ਮੁੜ ਕਿਧਰੇ ਨਾ ਲੱਭਦੇ। ਕੌਣ ਕਿਸ ਨੂੰ ਦੋਸ਼ ਦਿੰਦਾ? ਕਦੇ ਸਧਾਰਨ ਕੱਪੜਿਆਂ 'ਚ ਹਥਿਆਰਾਂ ਨੂੰ ਬੁੱਕਲਾਂ 'ਚ ਲਈ ਨੌਜਵਾਨ ਹੁੰਦੇ ਤੇ ਕਦੇ ਪੁਲਿਸ ਉਹਨਾਂ ਨੂੰ ਭਾਲ ਰਹੀ ਹੁੰਦੀ। ਅਜਿਹੇ ਵਿੱਚ ਲੋਕ ਦੂਹਰੇ ਖੌਫ 'ਚ ਜਿਉਣ ਲਈ ਮਜ਼ਬੂਰ ਸਨ। ਇੱਕ ਪਾਸੇ ਖਾੜਕੂਵਾਦ ਦੇ ਨਾਂ ਤੇ ਗੁੰਮਰਾਹ ਹੋਏ ਨੌਜਵਾਨ ਤੇ ਦੂਜੇ ਪਾਸੇ ਪੁਲਿਸ ਦੀ ਤਸ਼ੱਦਦ ਨਾਲ ਬਰਬਾਦ ਹੋਏ ਚੰਗੇ ਭਲੇ ਘਰ। ਆਮ ਜਨਤਾ ਦੀ ਸੁਣਨ ਵਾਲਾ ਕੋਈ ਨਹੀਂ। ਸ਼ਾਮ ਨੂੰ ਹਨੇਰਾ ਪਸਰਦਿਆਂ ਹੀ ਘਰਾਂ ਦੇ ਦਿਲਾਂ ਦੀਆਂ ਧੜਕਣਾਂ ਦੀ ਰਫਤਾਰ ਵੱਧ ਜਾਂਦੀ।'

ਬਾਪੂ ਦੀ ਇਹ ਵਾਰਤਾ ਕਾਬਲੇ ਗੌਰ ਹੈ:-' ਉਂਝ ਫੇਰ ਮੈਂ ਆਪਣੀ ਜਵਾਨੀ ਦਾ ਵੇਲਾ ਚੇਤਾ ਕਰ ਚੁੱਪ ਕਰ ਜਾਂਦਾ। ਸੋਚਦਾ ਇਹ ਵਕਫੇ ਪੀੜੀ ਦਰ ਪੀੜੀ ਪੈਂਦੇ ਹੀ ਹੁੰਦੇ ਜਾਂ ਤਾਂ ਅਸੀਂ ਇਹਨਾਂ ਦੇ ਹਾਣ ਦੇ ਹੋ ਜਾਈਏ ਜਾਂ ਫਿਰ ਇਹਨਾਂ ਨੂੰ ਆਪਣੇ ਨਾਲ ਤੋਰ ਲਈਏ ਤਾਂ ਹੀ ਸਭ ਢਕਿਆ ਰਹੂ।'

ਧੀਆਂ ਨਾਲ ਹੁੰਦਾ ਅੱਤਿਆਚਾਰ ਅਤੇ ਕਾਲਜ ਵਿੱਚ ਪੜ੍ਹਦੀਆਂ ਕੁਝ ਧੀਆਂ ਦੀ ਦਲੇਰੀ ਨੂੰ ਵੀ ਬਾਖੂਬੀ ਚਿਤਰਿਆ ਗਿਆ ਹੈ। ਵਹਿਮਾਂ ਭਰਮਾਂ ਵਿੱਚ ਫਸੀ ਲੁਕਾਈ ਦਾ ਪਰਦਾਫਾਸ਼ ਵੀ ਕੀਤਾ ਹੈ। ਬਾਬਿਆਂ ਦੀਪ ਪਖੰਡ ਨੂੰ ਸਿਰਫ ਭੰਡਿਆ ਹੀ ਨਹੀਂ ਸਗੋਂ ਉਹਨਾਂ ਨੂੰ ਝੂਠਾ ਵੀ ਸਾਬਤ ਕੀਤਾ ਹੈ। ਸਿਵਿਆਂ ਵਿੱਚ ਟੂਣਾ ਕਰਨ ਦੀ ਘਟਨਾ ਬਹੁਤ ਹੀ ਦਿਲਚਸਪ ਹੈ। ਜਿਸ ਨੂੰ ਪੜ੍ਹਦਾ ਹਰ ਪਾਠਕ ਖੁਦ ਬਖੁਦ ਹਾਸੇ ਨਾਲ ਲੋਟ ਪੋਟ ਹੋ ਜਾਂਦਾ ਹੈ। ਲੇਖਿਕਾ ਦੁਆਰਾ ਸਿਰਜੇ ਨਵੇਂ ਮੁਹਾਵਰੇ ਲਿਖਣ ਸ਼ੈਲੀ ਨੂੰ ਉੱਤਮਤਾ ਪ੍ਰਦਾਨ ਕਰਦੇ ਹਨ। ਜਿਵੇਂ ਆਪਣੇ ਮਨ ਦੀਆਂ ਸਾਰੀਆਂ ਤੰਦਾਂ ਮੇਰੇ ਸਾਹਮਣੇ ਢਿੱਲੀਆਂ ਕਰ ਦਿੰਦਾ, ਜਾਬਾਂ ਅੰਦਰ ਨੂੰ ਵੜੀਆਂ ਹੋਈਆਂ ਚੂਪੇ ਹੋਏ ਅੰਬ ਵਾਂਗੂੰ, ਮੁੜ ਸੋਚਾਂ ਵਾਲਾ ਟੋਆ ਪੁੱਟਣ ਲੱਗਿਆ, ਕੋਠੇ ਤੇ ਘਾ ਦੇਖ ਕੇ ਘਰੇ ਮੱਝ ਨਹੀਂ ਬੰਨੀਦੀ, ਮੇਰੀਆਂ ਯਾਦਾਂ ਦੇ ਰੋਸ਼ਨਦਾਨਾਂ ਦੀ ਧੂੜ ਝੜਨ ਲੱਗਦੀ, ਕਿੰਨਾ ਕੁਝ ਰਿਝਦਾ ਪੱਕਦਾ ਰਹਿੰਦਾ ਅੰਦਰ ਹੀ ਕਾਲਜੇ ਦੀ ਭੱਠੀ 'ਚ, ਮੇਰੀ ਮਾਂ ਮੁੜ ਸਵਾਲਾਂ ਦੀ ਪਰਾਤ ਮੇਰੇ ਮੂਹਰੇ ਨਾ ਲਿਆ ਧਰੇ ਹਮੇਸ਼ਾ ਵਾਂਗੂੰ ਆਦਿ।


ਨਵੀਂ ਪਨੀਰੀ ਨੂੰ ਹਰ ਹੀਲੇ ਕਿਰਤ ਕਰਨ ਦਾ ਸੰਦੇਸ਼ ਵੀ ਦਿੱਤਾ ਗਿਆ ਹੈ: 'ਤੂੰ ਦੱਸ... ਤੂੰ ਕੁਝ ਤਾਂ ਸੋਚਿਆ ਹੋਣਾ... ਰੋਟੀ ਤਾਂ ਪੁਤਰਾ ਕਮਾ ਕੇ ਹੀ ਖਾ ਹੋਣੀ.. ਥੋੜੀ ਬਹੁਤੀ ਰੁੱਖੀ ਮਿੱਸੀ। ਇਹ ਹੈ ਤਾਂ ਉਸ ਮਾਲਕ ਦੇ ਹੱਥ.. ਪਰ ਆਪਣੇ ਹੱਥ ਵੀ ਹਿਲਾ ਕੇ ਹੀ ਗੱਲ ਬਣਨੀ'।

ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ ਖੇਡਦੀਆਂ ਸਰਕਾਰਾਂ ਦਾ ਪਰਦਾ ਵੀ ਫਾਸ਼ ਕੀਤਾ ਗਿਆ ਹੈ। ਜਦੋਂ ਨੌਜਵਾਨ ਮੁੰਡੇ ਕੁੜੀਆਂ ਡਿਗਰੀਆਂ ਦੇ ਝੋਲੇ ਭਰ ਕੇ ਨੌਕਰੀ ਲੱਭਦੇ ਅਤੇ ਸਰਕਾਰ ਦੀਆਂ ਡਾਂਗਾਂ ਖਾਂਦੇ ਫਿਰਦੇ ਹਨ। ਵਿਦੇਸ਼ਾਂ ਵਿੱਚ ਰੁਲਦੀ ਜਵਾਨੀ ਅਤੇ ਮਜਬੂਰੀਆਂ ਤੇ ਚਿੰਤਾ ਅਤੇ ਚਿੰਤਨ ਦੋਵੇਂ ਕੀਤੇ ਗਏ ਹਨ। ਜਿਵੇਂ ਇੱਥੇ ਤਾਂ ਘੁੱਗੀਆਂ ਮਗਰ ਬਾਜ ਪਏ ਹੋਏ ਨੇ ਜਿਨ੍ਹਾਂ ਦੇ ਮੂੰਹਾਂ ਨੂੰ ਲੱਗਿਆ ਮਾਸ ਪਤਾ ਨਹੀਂ ਕਿੰਨੇ ਘਰਾਂ ਦੇ ਜਾਇਆ ਨੂੰ ਖਾ ਗਿਆ? ਤੂੰ ਸਾਥੋਂ ਦੂਰ ਸਹੀਂ, ਤੇਰੇ ਵੱਲੋਂ ਆਉਂਦੇ ਸੁੱਖ ਸੁਨੇਹੇ ਨੇ ਸਾਡੇ ਜਿਗਰੇ ਠਾਰੀ ਰੱਖਣੇ। ਹੋਰ ਭਲਾ ਸਾਨੂੰ ਕੀ ਚਾਹੀਦਾ ਪੁੱਤਰਾ?

23 ਕਾਂਡਾਂ ਵਿੱਚ ਪਸਰੇ ਇਸ ਨਾਵਲ ਦੀ ਵਾਰਤਾਲਾਪ ਉਹਨਾਂ ਦੀ ਵਿੱਦਿਅਕ ਯੋਗਤਾ ਅਤੇ ਰਹਿਣੀ ਬਹਿਣੀ ਅਨੁਸਾਰ ਕਰਵਾਈ ਗਈ ਹੈ। ਸ਼ਰਾਬ ਦੁਆਰਾ ਹੁੰਦੇ ਮਾੜੇ ਕਾਰਨਾਮੇ ਕਈ ਜ਼ਿੰਦਗੀਆਂ ਬਰਬਾਦ ਕਰਦੇ ਦਿਖਾਏ ਗਏ ਹਨ। ਪੂਰਾ ਨਾਵਲ ਫਿਲਮ ਦੀ ਸਕਰੀਨ ਵਾਂਗ ਸਾਹਮਣੇ ਵਾਪਰਦਾ ਪ੍ਰਤੀਤ ਹੁੰਦਾ ਹੈ।

ਨਾਟਕੀ ਤੱਤ ਇਸ ਦਾ ਨੁਮਾਇਆ ਗੁਣ ਹੈ। ਸਮਾਜਿਕ, ਰਾਜਸੀ, ਧਾਰਮਿਕ, ਆਰਥਿਕ ਅਤੇ ਪ੍ਰਬੰਧਕੀ ਤਾਣੇ ਬਣੇ ਦੀਆਂ ਉਲਝਣਾਂ ਨੂੰ ਸੁਲਝਾਉਂਦਾ ਹੋਇਆ ਇਹ ਇੱਕ ਪੜ੍ਹਨਯੋਗ ਅਤੇ ਮਾਣਨਯੋਗ ਨਾਵਲ ਹੈ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




### ਡੀਜੇ ਨਰਿੰਦਰ ਰੋਮੀਉ ਬਣ ਕਿ ਕਰਵਾਏ ਦਿਲਪ੍ਰੀਤ ਦੀਆਂ "ਲਾਵਾਂ"

ਡੀਜੇ ਨਰਿੰਦਰ ਇਸ ਵਕਤ ਪੰਜਾਬੀ ਫ਼ਿਲਮਾਂ ਦਾ ਟੋਪ ਬੈਕ ਗਰਾਉਂਡ ਮਿਊਜ਼ਿਕ ਸਕੋਰ ਡਾਇਰੈਕਟਰ ਹੈ ਤੇ ਕਈ ਪੰਜਾਬੀ ਫ਼ਿਲਮਾਂ ਦਾ ਸੰਗੀਤਕਾਰ ਵੀ ਹੈ। ਜਿੱਥੇ ਇੱਕ ਪਾਸੇ ਮਿੱਠੀ ਆਵਾਜ਼ ਦਿਲਪ੍ਰੀਤ ਦੇ ਗੀਤ "ਲਾਵਾਂ" ਲਈ ਉਸ ਨੇ ਗੁਰਜੰਟ ਪਟਿਆਲਾ ਦੇ ਗੀਤ ਨੂੰ ਸੰਗੀਤਬੱਧ ਕੀਤਾ ਹੈ ਉਥੇ ਉਸ ਬਾਬਤ ਪਤਾ ਲੱਗਾ ਹੈ



ਕਿ ਉਹ ਆਪ ਅੱਛਾ ਗੀਤਕਾਰ ਵੀ ਹੈ ਤੇ ਗਾਇਕ ਵੀ ਹੈ। ਇਸ ਦੀ ਪੁਸ਼ਟੀ ਉਸ ਦਾ ਐਲਬਮ "ਰੋਮੀਉ "ਕਰਦਾ ਹੈ। ਗਾਇਕਾ ਦਿਲਪ੍ਰੀਤ ਆਖਦੀ ਹੈ ਕਿ ਨਰਿੰਦਰ ਕੋਲ ਬਹੁਤ ਸੰਗੀਤ ਭੰਡਾਰ ਹੈ, ਮਧੁਰ ਸੰਗੀਤ ਦਾ ਭੰਡਾਰ ਤੇ ਪੇਸ਼ਕਾਰ ਤੇ ਸੰਗੀਤਕਾਰ ਸੁਰਿੰਦਰ ਬੱਬੂ ਆਖਦੇ ਨੇ ਕਿ ਡੀਜੇ ਨਰਿੰਦਰ ਆਲ ਰਾਉਂਡਰ ਹੈ। ਨਰਿੰਦਰ ਨੇ ਕਿਹਾ ਕਿ ਸੰਗੀਤਕਾਰ ਹਾਂ ਸੁਰ ਦਾ ਗਿਆਨ ਹੈ ਤੇ ਗਲਾ ਸੁਰ ਤਾਲ ਵਿੱਚ ਹੈ ਜਦ ਕਿ ਕਦੇ ਕਦੇ ਜਜ਼ਬਾਤ ਲਿਖ ਲੈਂਦਾ ਹਾਂ। ਮੁੱਕਦੀ ਗੱਲ ਤੇ ਢੁੱਕਦੀ ਗੱਲ ਇਹ ਕਿ ਗਾਇਕਾ ਦਿਲਪਰੀਤ ਨੂੰ "ਲਾਵਾਂ" ਗੀਤ ਨਾਲ ਚਰਚਾ ਨਰਿੰਦਰ ਦੇ ਸੰਗੀਤ ਨੇ ਦਿੱਤੀ ਹੈ ਤੇ ਪੰਜਾਬੀ ਫ਼ਿਲਮਾਂ ਦਾ ਉਹ ਆਰ ਡੀ ਬਰਮਨ ਹੈ। ਡੀ ਜੇ ਨਰਿੰਦਰ ਭਵਿੱਖ ਵਿੱਚ ਬਾਲੀਵੁੱਡ ਤੱਕ ਆਪਣੀ ਆਵਾਜ਼ ਤੇ ਸੰਗੀਤ ਦੀ ਧੂਮ ਪਾਉਂਦਾ ਨਜ਼ਰ ਆਉਣ ਵਾਲਾ ਹੈ ਖੁਸ਼ਬੋ ਲਾ ਕੇ।

### ਛਾਏ ਹੋਏ ਨੇ ਆਪਣੇ ਆਪਣੇ ਖੇਤਰ ਵਿੱਚ ਬੰਨੀ ਸ਼ਰਮਾ ਤੇ ਆਸ਼ਾ ਸ਼ਰਮਾ

ਸ਼ਰਮਾ ਨੇ ਦੋਵੇਂ ਇੱਕ ਪੰਜਾਬ ਵਾਸੀ ਤੇ ਦੂਸਰੀ ਪੰਜਾਬ ਤੋਂ ਜਾ ਕਿ ਅਮਰੀਕਨ। ਇੱਕ ਬੰਨੀ ਸ਼ਰਮਾ ਤੇ ਦੂਜੀ ਹੈ ਆਸ਼ਾ ਸ਼ਰਮਾ ਦੋਵੇਂ ਮਨੋਰੰਜਕ ਦੁਨੀਆਂ ਦੇ ਥੰਮ ਹਨ ਤੇ ਦੋਵਾਂ ਦਾ ਯੋਗਦਾਨ ਅੱਜ ਤੱਕ ਪੰਜਾਬੀ ਵਿਰਸੇ, ਉਸ ਦੇ ਸੰਗੀਤ ਤੇ ਸੱਭਿਆਚਾਰ ਨੂੰ ਸਮਰਪਿਤ ਹੈ। ਬੰਨੀ ਸ਼ਰਮਾ ਟੀਵੀ ਪ੍ਰੋਗਰਾਮ ਬਣਾ ਕਿ ਪੰਜਾਬੀ ਵੀਡਿਓ ਗੀਤਾਂ ਦੇ ਪ੍ਰਮੋਟਰ ਬਣੇ ਤੇ ਉਹਨਾਂ ਪੰਜਾਬ ਦੇ ਮਾਣ ਲੋਕਾਂ ਤੇ "ਮਾਣ ਪੰਜਾਬ ਦੇ" ਟੀਵੀ ਤੇ ਚਲਾਇਆ। ਆਸ਼ਾ ਸ਼ਰਮਾ ਸਟੇਜ ਦੀ ਧਨੀ ਹੈ ਤੇ ਉਹ ਹੋਸਟ ਬਣ ਸਟੇਜ ਤੇ ਕਲਾਕਾਰਾਂ ਨੂੰ ਪੇਸ਼ ਕਰਨ ਦੇ ਨਾਲ ਸ਼ੇਅਰ ਸ਼ਾਇਰੀ ਤੇ ਵਿਰਸੇ ਦੀਆਂ ਬਾਤਾਂ ਪਾਉਂਦੀ ਰਹੀ ਹੈ। ਬੰਨੀ ਸ਼ਰਮਾ ਅੱਜ ਕਲ ਪੰਜਾਬੀ ਗੀਤਾਂ ਦੇ ਪ੍ਰੋਜੈਕਟ ਡਾਇਰੈਕਟਰ ਹਨ ਤੇ ਆਰ ਜੇ ਬੀਟਸ ਨਾਲ ਜੁੜੇ ਹੋਏ ਨੇ ਤੇ ਸੱਭਿਆਚਾਰਕ ਸਰੋਕਾਰ ਨਾਲ ਨਾਤਾ ਰੱਖਦੇ ਹਨ ਜਦ ਕਿ ਆਸ਼ਾ ਸ਼ਰਮਾ ਸਾਡਾ ਪੰਜਾਬ ਰੇਡੀਓ ਸਮੇਤ ਕਈ ਟੀਵੀ ਚੈਨਲਾਂ ਤੇ ਹੋਸਟ ਬਣ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਉਤਸ਼ਾਹਿਤ ਕਰ ਰਹੀ ਹੈ। ਕਲਾਕਾਰਾਂ ਨਾਲ ਬਾਲੀਵੁੱਡ ਤੱਕ ਬੰਨੀ ਸ਼ਰਮਾ ਦਾ ਰਿਸ਼ਤਾ ਹੈ ਤੇ ਗੁਰਦਾਸ ਮਾਨ ਤੋ ਅੱਜ ਆਰ ਨੇਤ ਤੱਕ ਦੇ ਕਲਾਕਾਰਾਂ ਨੂੰ ਹੋਸਟ ਕਰਦੀ ਕਿਸੇ ਬ੍ਰਾਂਡ ਅੰਬੈਸਡਰ ਤੋ ਘੱਟ ਨਹੀਂ ਹੈ। ਬੰਨੀ ਸ਼ਰਮਾ ਤੇ ਆਸ਼ਾ ਸ਼ਰਮਾ ਸਾਲਾਂ ਪਹਿਲੇ ਸੱਭਿਆਚਾਰਕ ਮੇਲਿਆਂ ਵਿੱਚ ਸ਼ਿਰਕਤ ਕਰਦੇ ਰਹੇ ਹਨ ਤੇ ਦੋਵੇਂ ਵਿਰਸੇ ਦੇ ਦੀਵਾਨੇ ਇੱਕ ਦੂਜੇ ਦੀ ਬਹੁਤ ਮਦਦ ਕਰਦੇ ਹਨ।

### ਜਗਤਾਰ ਸਿੰਘ ਬੈਨੀਪਾਲ ਸਮਰਪਣ ਅਦਾਕਾਰੀ ਨੂੰ ਉਮਰ ਭਰ

ਜਗਤਾਰ ਸਿੰਘ ਬੈਨੀਪਾਲ ਲੰਬੇ ਟਾਈਮ ਤੋਂ ਐਕਟਿੰਗ ਨਾਲ ਰਿਸ਼ਤਾ ਬਣਾ ਕਿ ਨਿਭਾ ਰਹੇ ਸਕਸ਼ ਦਾ ਨਾਮ ਹੈ। ਹਰਦੇਵ ਰਿਸ਼ੀ ਨਾਲ ਕੰਮ ਕਰਨ ਵਾਲੇ ਜਗਤਾਰ ਅੱਜ ਅਮੀ ਵਿਰਕ ਨਾਲ ਤੇ ਟੀਨਾ ਘਈ ਤੋਂ ਅੱਜ ਅੰਮ੍ਰਿਤਾ ਅੰਮੇ ਨਾਲ ਕੰਮ ਕਰ ਰਹੇ ਹਨ। ਜਗਤਾਰ ਸਿੰਘ ਬੈਨੀਪਾਲ ਨੂੰ ਕਰਮਜੀਤ ਅਨਮੋਲ ਨੇ ਬਹੁਤ ਸਹਿਯੋਗ ਦਿੱਤਾ ਹੈ ਤੇ ਉਹ ਵੀ ਗੱਲ ਗੱਲ ਤੇ ਕਰਮਜੀਤ ਦਾ ਸ਼ੁਕਰੀਆ ਅਦਾ ਕਰਦੇ ਹਨ।



ਪੰਜਾਬੀ ਫ਼ਿਲਮਾਂ ਦੇ ਨਾਲ ਉਹ ਦੂਰਦਰਸ਼ਨ ਤੇ ਵੀ ਆਉਂਦੇ ਰਹਿੰਦੇ ਹਨ ਤੇ ਵੈੱਬ ਸੀਰੀਜ਼ ਤੇ ਵੀਡਿਓ ਗੀਤ ਵੀ ਕਰਦੇ ਹਨ। ਸਪਸ਼ਟ ਹਨ ਜਿੱਥੇ ਗਲਤ ਹੋ ਰਿਹਾ ਹੈ ਉਹ ਡੱਟ ਕਿ ਬੋਲਦੇ ਹਨ। ਭਗਵੰਤ ਕੰਗ ਦਾ ਉਹ ਸਤਿਕਾਰ ਕਰਦੇ ਹਨ ਤਾਂ ਧੀਰੇ ਮਾਨ ਦਾ ਕੈਰੀਅਰ ਚਮਕੇ ਇਹ ਵੀ ਸੋਚਦੇ ਹਨ। ਦੂਸਰਿਆਂ ਦਾ ਭਲਾ ਸੋਚਣ ਵਾਲੇ ਐਕਟਰ ਜਗਤਾਰ ਸਿੰਘ ਬੈਨੀਪਾਲ ਨੂੰ ਸਾਲ ਦੇ ਅੰਤ ਤੱਕ ਪੱਧਰ ਦੇ ਯਾਦਗਾਰ ਕਿਰਦਾਰ ਮਿਲ ਗਏ ਤਾਂ ਹਰ ਪਾਸੇ ਬੈਨੀਪਾਲ ਹੀ ਹੋਊ ਜੈ ਹੋ।



### ਵਿੱਕੀ ਵਾਲੀਆ ਜ਼ਿੰਦਗੀ ਪਿਆਰ ਦਾ ਗੀਤ ਹੈ

ਵਿੱਕੀ ਵਾਲੀਆ ਕਿਸੇ ਸਮੇਂ ਪੰਜਾਬੀ ਫ਼ਿਲਮਾਂ ਲਈ ਹੀਰੋ ਬਣ ਆਏ ਤੇ ਆਰ ਐਸ ਰੰਗੀਲਾ ਦੀ ਪਹਿਲੀ ਪਸੰਦ ਦੇ ਹੀਰੋ ਰਹੇ। ਦੂਰਦਰਸ਼ਨ ਜਲੰਧਰ ਨੇ ਵਿੱਕੀ ਨੂੰ ਸਟਾਰ ਐਕਟਰ ਬਣਾ ਦਿੱਤਾ ਸੀ ਤੇ ਵਾਲੀਆ ਨੇ ਖੁਦ ਇਸ ਚੈਨਲ ਤੇ ਆਪਣਾ ਸੀਰੀਅਲ ਲੰਬਾ ਸਮਾਂ ਪ੍ਰਸਾਰਿਤ ਕੀਤਾ। ਵਿੱਕੀ ਵਾਲੀਆ ਅੱਜ ਕਲ ਮਾਡਲਿੰਗ, ਐਡ ਫ਼ਿਲਮਾਂ ਤੇ ਵੀਡਿਓ ਗੀਤ ਤੇ ਵੈੱਬ ਸੀਰੀਜ਼ ਕਰ ਰਹੇ ਹਨ। ਸ਼ਬ੍ਰੀ ਮਾਤਾ ਤੇ ਹਿੰਦੀ ਫ਼ਿਲਮ, ਗੋਲਡ ਮੈਡਲ ਦਾ ਦਹੇਜ ਉਹਨਾਂ ਕੀਤੀ ਹੈ। ਵਿੱਕੀ ਆਪਣੀ ਪਤਨੀ ਨੂੰ ਜੀਵਨ ਫ਼ਿਲਮ ਦੀ ਸਟਾਰ ਹੀਰੋਇਨ ਆਖਦੇ ਨੇ ਤੇ ਸ਼੍ਰੀਮਤੀ ਵਾਲੀਆ ਵੀ ਵਿੱਕੀ ਵਾਲੀਆ ਦੇ ਐਕਟਿੰਗ ਕੈਰੀਅਰ ਲਈ ਦੁਆ ਕਰਦੇ ਹਨ। ਵਿੱਕੀ ਵਾਲੀਆ ਅਨੁਸਾਰ ਉਸ ਲਈ ਉਹਨਾਂ ਦੀ ਪਤਨੀ ਸੁਪਰ ਜੀਵਨ ਨਾਇਕਾ ਹੈ ਤੇ ਉਹ ਆਪਣੇ ਕੰਮ ਤੋਂ ਸੰਤੁਸ਼ਟ ਨੇ ਤੇ ਵੱਡੀ ਫ਼ਿਲਮ ਕਰਨ ਵਾਲੇ ਹਨ। ਲੋਕ ਪਤੀ ਪਤਨੀ ਵਿੱਕੀ ਵਾਲੀਆ ਨੂੰ ਰਜੇਸ਼ ਖੰਨਾ ਮੁਮਤਾਜ ਵੀ ਆਖਦੇ ਹਨ।

### ਰਮਣੀਤੂ ਤੇ ਪੂਜਾ ਗਲੈਮਰ ਡੌਲ ਬਣੀਆਂ


ਰਣਨੀਤੀ ਰਮਨੀਟੂ ਚੌਧਰੀ ਦੀ ਇਹੀ ਕਿ ਅੱਜ ਗਲੈਮਰ ਦਾ ਬੋਲ ਬਾਲਾ ਹੈ ਤੇ ਉਹ ਦਿਖਾ ਕਿ ਸਟਾਰ ਬਣ ਸਕਦੀ ਹੈ। ਰਮਨੀਟੂ ਆਖਦੀ ਹੈ ਕਿ ਰੱਬ ਨੇ ਸੋਹਣਾ ਜਿਸਮ ਦਿੱਤਾ ਹੈ ਤੇ ਅਦਾਕਾਰ ਦੀ ਇਸ ਝਲਕ ਦੇ ਦਰਸ਼ਕ ਦੀਵਾਨੇ ਹੁੰਦੇ ਹਨ। ਲੁਧਿਆਣਾ ਗਰਲ ਰਮੂ ਇਸ ਮਾਮਲੇ ਵਿੱਚ ਅਜ਼ਾਦ ਖਿਆਲ ਰਖਦੀ ਹੈ। ਉਹ ਸਾਊਥ ਦੀਆਂ ਕਾਫੀ ਫ਼ਿਲਮਜ਼ ਕਰ ਰਹੀ ਹੈ। ਰਮੂ ਪ੍ਰਸਿੱਧ ਗਾਇਕ ਜੋੜੀ ਹਾਕਮ ਬਖਤ-ੜੀਵਾਲਾ ਤੇ ਦਲਜੀਤ ਕੌਰ ਦੀ



ਬਿਟੀਆ ਹੈ। ਐਸੇ ਵਿਚਾਰ ਪੂਜਾ ਕੌਸ਼ਲ ਦੇ ਵੀ ਹਨ ਤੇ ਉਹ ਜਲੰਧਰ ਦੀ ਹੈ। ਪੂਜਾ ਨੇ ਵੀਡਿਓ ਐਲਬਮ ਗਾਣੇ ਕਰ ਕਿ ਪਹਿਚਾਣ ਬਣਾ ਲਈ ਹੈ ਪਰ ਹੁਣ ਉਹ ਜਿਆਦਾ ਐਕਟਿੰਗ ਵੱਲ ਧਿਆਨ ਦੇ ਰਹੀ ਹੈ ਤੇ ਫ਼ਿਲਮਾਂ ਕਰ ਰਹੀ ਹੈ। "ਕੈਸਾ ਇਸ਼ਕ ਕੈਸਾ ਪਿਆਰ "ਭਾਜੀ ਹੋ ਗਏ ਰਾਜ਼ੀ" ਪ੍ਰਮੁੱਖ ਹਨ। ਪੂਜਾ ਵੀ ਗਲੈਮਰ ਵਾਲਾ ਫੋਟੋ ਸੈਸ਼ਨ ਕਰਵਾ ਰਹੀ ਹੈ ਤੇ ਫ਼ਿਲਮਾਂ ਲਈ ਗਲੈਮਰ ਕਿਰਦਾਰ ਆਰਾਮ ਨਾਲ ਕਰ ਰਹੀ ਹੈ।


### ਪੁੱਤਾਂ ਦੇ ਵਪਾਰੀ ਹੈ ਫਿਲਮੀ ਅਦਾ ਦੀ ਨਵੀਂ ਵੈੱਬ ਸੀਰੀਜ਼

ਭਗਵੰਤ ਕੰਗ ਨਿਰਦੇਸ਼ਤ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਦੇ ਸਾਰੇ ਤਕਨੀਕੀ ਕੰਮ ਪੂਰੇ ਹੋ ਚੁੱਕੇ ਹਨ। ਨੌਂ ਐਪੀਸੋਡ ਦੀ ਇਹ ਪੰਜਾਬੀ ਵੈੱਬ ਸੀਰੀਜ਼ ਫੈਮਲੀ ਡਰਾਮੇ ਦੀ ਦੁਨੀਆਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਣ ਜਾ ਰਹੀ ਹੈ। ਪ੍ਰਭਜੋਤ ਰੰਧਾਵਾ, ਜੈਸਮੀਨ ਬਰਨਾਲਾ, ਗੁਰਹਰਪ੍ਰੀਤ ਕੌਰ, ਐਂਜਲੀਨਾ ਰਾਜਪੂਤ, ਟਵਿੰਕਲ ਭੱਟੀ, ਕੁਲਵਿੰਦਰ ਕਸ਼ਯਪ, ਹਰਮੀਤ ਜੱਸੀ, ਕੁਲਦੀਪ ਸੰਧੂ, ਦਲਜੀਤ ਕੌਰ, ਸੁਰਿੰਦਰ ਕੌਰ ਤੋਂ ਇਲਾਵਾ ਬਾਲ ਕਲਾਕਾਰ ਸਨੇਹਾ, ਧੀਰਾ ਮਾਨ, ਤਰਸਿੰਦਰ ਥਿੰਦ, ਜੱਸ ਬੋਪਾਰਾਏ, ਭੁਪਿੰਦਰਜੀਤ ਵੈੱਬ ਸੀਰੀਜ਼ ਵਿੱਚ ਮਾਡਲ ਰਾਣਾ ਸਿੰਘ ਦਰਾਜ ਇਸ ਦੇ ਮੁੱਖ ਕਲਾਕਾਰ ਹਨ। ਇਹ ਵੈੱਬ ਸੀਰੀਜ਼ ਸਾਨੂੰ ਪੈਰ ਪੈਰ 'ਤੇ ਸਮਾਜ ਨੂੰ ਬਦਲਣ ਦਾ ਸੁਨੇਹਾ ਦਿੰਦੀ ਹੈ। ਵੈੱਬ ਸੀਰੀਜ਼ ਵਿੱਚ ਭਗਵੰਤ ਕੰਗ ਦੁਆਰਾ ਲਿਖੇ ਦੋ ਗੀਤ ਵੀ ਪਾਏ ਗਏ ਹਨ, ਜਿਨ੍ਹਾਂ ਨੂੰ ਮਹਿੰਦਰ ਮੀਤ ਅਤੇ ਪਰਵੇਜ਼ ਮਾਨ ਦੀਆਂ ਆਵਾਜ਼ਾਂ ਵਿੱਚ ਰਿਕ-ਾਰਡ ਕੀਤਾ ਗਿਆ ਹੈ। ਜਸਬੀਰ ਰਿਸ਼ੀ, ਸਤਿਆ ਸਿੰਘ ਤੇ ਪਰਮਜੀਤ ਸਿੰਘ ਨਾਗਰਾ "ਪੁੱਤਾਂ ਦੇ ਵਪਾਰੀ " ਦੇ ਨਿਰਮਾਤਾ ਹਨ।




## "ਪਿੰਡ ਅਮਰੀਕਾ" ਬਣਾਉਣ ਤੋਂ ਬਾਅਦ ਭਈਆਂ ਦੀ "ਦਰਭੰਗਾ ਐਕਸਪ੍ਰੈਸ" ਦੇ ਡਰਾਈਵਰ ਬਣੇ ਸਿਮਰਨ ਸਿੰਘ





ਵਿਜੇ ਖੇਪੜ ਦੀ ਫ਼ਿਲਮ "ਦਿੱਲੀ ਤੋਂ ਲਾਹੌਰ" ਦੇ ਗਾਣੇ ਸੁਣੇ ਤਾਂ ਇਸ ਦੇ ਸੰਗੀਤਕਾਰ ਨੂੰ ਦਾਦ ਦੇਣ ਨੂੰ ਮਨ ਕੀਤਾ। ਜਿਉਤੀ ਮਾਨ ਨੇ ਦੱਸਿਆ ਕਿ ਸਿਮਰਨ ਸਿੰਘ ਇਸ ਦੇ ਸੰਗੀਤਕਾਰ ਨੇ ਜਿਹੜੇ ਸੰਪਾਦਨ, ਕੈਮਰਾ ਤੇ ਬਾਕੀ ਫ਼ਿਲਮ ਦੇ ਤਕਨੀਕੀ ਕੰਮ ਵੀ ਜਾਣਦੇ ਹਨ। ਫ਼ਿਰ ਅਚਾਨਕ ਫ਼ਿਲਮ "ਪਿੰਡ ਅਮਰੀਕਾ" ਦੀ ਰਲੀਜ਼ ਦਾ ਪੋਸਟਰ ਵੱਡੇ ਫ਼ਿਲਮ ਵਿਤਰਕ ਓਮ ਜੀ ਫ਼ਿਲਮਜ਼ ਨੇ ਦਿੱਤਾ ਤੇ ਡਾਇਰੈਕਟਰ ਸਿਮਰਨ ਸਿੰਘ ਲਿਖਿਆ ਸੀ, ਮਿਲੇ ਤਾਂ ਉਹੀ ਸੰਗੀਤਕਾਰ ਤੇ ਫਿਲਮੀ ਕੰਮ ਦੇ ਮਾਹਿਰ ਸਿਮਰਨ ਸਿੰਘ ਨੇ ਇਹ ਫ਼ਿਲਮ ਡਾਇਰੈਕਟ ਕੀਤੀ ਸੀ। ਦਰਸ਼ਕ ਖੁਸ਼ ਹੋਣਗੇ ਕਿ ਸਿੱਖੀ ਤੇ ਸਰਦਾਰੀ ਰੂਪ ਰੱਖ ਕਿ ਸਿਮਰਨ ਸਿੰਘ ਪੰਜਾਬੀ ਫ਼ਿਲਮਾਂ ਦੇ ਹਰਮਨ ਪਿਆਰੇ ਡਾਇਰੈਕਟਰ ਬਣ ਰਹੇ ਹਨ ਹਾਲਾਂ ਕਿ ਉਹਨਾਂ ਸਿੱਖੀ ਤੇ ਕਈ ਸ਼ੋਰਟ ਤੇ ਡਾਕੂਮੈਂਟਰੀ ਫਿਲਮਾਂ ਵੀ ਕੀਤੀਆਂ ਹਨ। ਸਿਮਰਨ ਸਿੰਘ ਦਾ ਕੰਮ ਕਰਨ ਦਾ ਤਰੀਕਾ ਵੱਖਰਾ ਹੈ, ਯੂਨਿਟ ਉਹਨਾਂ ਲਈ ਪਰਿਵਾਰ ਦੀ ਤਰਾਂ ਹੈ। ਹੁਣ ਇਹੀ ਸਿਮਰਨ ਸਿੰਘ "ਦਰਭੰਗਾ ਐਕਸਪ੍ਰੈਸ" ਨਾਮ ਦੀ ਫ਼ਿਲਮ ਕਰ ਰਹੇ ਨੇ ਜਿਸ ਨੂੰ ਮਲਕੀਅਤ ਸਿੰਘ ਨੇ ਲਿਖਿਆ ਹੈ। ਸਿਮਰਨ ਸਿੰਘ ਨੇ ਇਸ ਦੀ ਕੁੱਝ ਕੂ ਸ਼ੂਟਿੰਗ ਕੀਤੀ ਹੈ। ਸਿਮਰਨ ਸਿੰਘ ਲਈ ਅਮਰ ਨੂਰੀ ਨੇ ਕਿਹਾ ਕਿ ਭਾਜੀ ਸਿਮਰਨ ਸਿੰਘ ਠਰੰਮੇ ਵਾਲੇ ਡਾਇਰੈਕਟਰ ਹਨ ਤੇ ਸ਼ਾਂਤ ਚਿੱਤ ਹੋ ਕਿ ਕੰਮ ਕਰਦੇ ਹਨ। ਪ੍ਰੀਤੋ ਸਾਹਨੀ ਦਾ ਕਹਿਣਾ ਹੈ ਕਿ ਉਹ ਨਵੇਂ ਕਲਾਕਾਰ ਤੇਜ਼ੀ ਨਾਲ ਉਭਾਰਨ ਦਾ ਯਤਨ ਕਰਦੇ ਨੇ ਕਿ ਇਹਨਾਂ ਨੇ ਹੀ ਕਲ ਨੂੰ ਸਟਾਰ ਬਣ ਜਾਣਾ ਹੈ। ਭਿੰਦਾ ਔਜਲਾ, ਰਖਰਾ ਤੇ ਹੋਰ ਕਈ ਕਲਾਕਾਰ ਸਿਮਰਨ ਸਿੰਘ ਨੂੰ ਕਾਬਿਲ ਤੇ ਗੁਣੀ ਨਿਰਦੇਸ਼ਕ ਆਖਦੇ ਹਨ। ਯੋਗਰਾਜ ਸਿੰਘ ਨੇ ਕਿਹਾ ਕਿ ਸਿਮਰਨ ਦਾ ਸੁਭਾਅ ਧਰਮੀ ਕਰਮੀ ਤੇ ਨੇਕ ਹੈ, ਮੌਕਾ ਮਿਲਿਆ ਤਾਂ ਉਹ ਸਿਮਰਨ ਸਿੰਘ ਨਾਲ ਫ਼ਿਲਮ ਕਰ ਕਿ ਖੁਸ਼ੀ ਮਹਿਸੂਸ ਕਰਨਗੇ। ਸਿਮਰਨ ਸਿੰਘ ਆ ਰਹੇ ਵਕਤ ਵਿੱਚ ਵੱਡੇ ਪੱਧਰ ਦੀਆਂ ਫ਼ਿਲਮਾਂ ਵੀ ਕਰਨਗੇ। ਉਹ ਕਹਾਣੀ ਤੋਂ ਸਕ੍ਰੀਨ ਪਲੇ ਤੇ ਡਾਇਲਾਗ ਤੇ ਖ਼ੂਬ ਮਿਹਨਤ ਕਰਦੇ ਨੇ ਚਾਹਤ ਹੈ ਕਿ ਪੰਜਾਬੀ ਫ਼ਿਲਮਾਂ ਦਾ ਖੇਤਰ ਤਰੱਕੀ ਕਰੇ ਤੇ ਸਾਊਥ ਦੀ ਤਰਾਂ ਇਹ ਵਪਾਰਕ ਤੌਰ ਤੇ ਵੀ ਵਿਕਸਿਤ ਹੋਏ। ਆਪਣੇ ਪਰਿਵਾਰ, ਜਯੋਤੀ ਮਾਨ ਦੇ ਨਾਲ ਨਾਲ ਉਹ ਗੁਰਪ੍ਰੀਤ ਘੁੱਗੀ,ਯੋਗਰਾਜ ਸਿੰਘ ਦੀ ਕਾਫੀ ਇੱਜ਼ਤ ਤੇ ਸਤਿਕਾਰ ਕਰਦੇ ਹਨ। ਉਹਨਾਂ ਦੀ "ਦਰਭੰਗਾ ਐਕਸਪ੍ਰੈਸ, ਪੰਜਾਬੀ ਦੀ ਸਰਬ ਉੱਤਮ ਫ਼ਿਲਮ ਸਾਬਿਤ ਹੋਏ।

– ਅੰਮ੍ਰਿਤ ਪਵਾਰ

## ਪਤਨੀ ਰਜਨੀ ਸ਼ਰਮਾ ਦੀ ਯਾਦ ਵਿੱਚ ਪਤੀ ਬੰਨੀ ਸ਼ਰਮਾ ਨੇ ਪੀ ਪੀ ਆਰ ਮਾਰਕੀਟ ਜਲੰਧਰ ਲਈ ਕੂਲਰ ਭੇਂਟ ਕੀਤਾ

ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਚਰਚਿਤ ਸਕਸ਼ ਬੰਨੀ ਸ਼ਰਮਾ ਦੀ ਧਰਮ ਪਤਨੀ ਸ਼੍ਰੀਮਤੀ ਰਜਨੀ ਸ਼ਰਮਾ ਪਿਛਲੇ ਮਾਹ ਸਵਰਗਵਾਸ ਹੋ ਗਏ ਸਨ ਤੇ ਅੱਜ ਸ਼ਰਮਾ ਪਰਿਵਾਰ ਨੇ ਹਨਾਂ ਦੀ ਮਿੱਠੀ ਯਾਦ ਵਿੱਚ ਲੋਕ ਸੇਵਾ ਦਾ ਇੱਕ ਪੁੰਨ ਰੱਥ ਕਾਰਜ ਕੀਤਾ। ਪੀ ਪੀ ਆਰ ਮਾਰਕੀਟ ਜਲੰਧਰ ਵਿਖੇ ਸ਼ਰਮਾ ਪਰਿਵਾਰ ਨੇ ਵਾਟਰ ਕੂਲਰ ਲਗਾਇਆ ਹੈ ਤੇ ਸ ਦਾ ਉਦਘਾਟਨ ਭਿਰਗੁ



ਦਰਬਾਰ ਸੁਲਤਾਨਪੁਰ ਲੋਧੀ ਤੋ ਵਿਸ਼ੇਸ਼ ਤੌਰ ਤੇ ਆਏ ਸ਼੍ਰੀ ਮੁਕੇਸ਼ ਪਾਠਕ ਨੇ ਕੀਤਾ ਤੇ ਕਿਹਾ ਕਿ ਬੰਨੀ ਸ਼ਰਮਾ ਹਮੇਸ਼ਾ ਆਪਣੀ ਪਤਨੀ ਨਾਲ ਪੁੰਨ ਦਾਨ ਤੇ ਲੋੜਵੰਦ ਕਾਰਜਾਂ ਲਈ ਕੰਮ ਕਰਦੇ ਰਹੇ ਤੇ ਅੱਜ ਸ਼ਰਮਾ ਪਰਿਵਾਰ ਨੇ ਉਹਨਾਂ ਦੀ ਯਾਦ ਵਿੱਚ ਠੰਡੇ ਜਲ ਦਾ ਕੂਲਰ ਲਵਾ ਕਿ ਬਹੁਤ ਵਧੀਆ ਕੰਮ ਕੀਤਾ ਹੈ।

ਪੇਸ਼ਕਸ਼– ਅੰਮ੍ਰਿਤ ਪਵਾਰ